ੴ ਵਾਹਿਗੁਰੂ ਜੀ ਕੀ ਫ਼ਤਹ॥

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦਾ

ਮਾਸਿਕ ਪੱਤਰ

# ਗੁਰਦੁਆਰਾ ਗਜ਼ਟ

ਮਾਘ | ਨਾਨਕਸ਼ਾਹੀ ਸੰਮਤ ੫੪੯
ਅੰਕ ੧ | ਜਿਲਦ ੯੫
ਜਨਵਰੀ | ੨੦੧੮

**ਸੰਪਾਦਕ** **ਦਿਲਜੀਤ ਸਿੰਘ 'ਬੇਦੀ'**

**ਸਹਾਇਤਾ**

| **ਦੇਸ਼** | **ਵਿਦੇਸ਼** |
|---|---|
| ਸਾਲਾਨਾ ੨੦/- | ਸਾਲਾਨਾ ੫੦੦/- |
| ਲਾਈਫ਼ ੨੦੦/- | (ਹਵਾਈ ਡਾਕ) |

***Website : www.sgpc.net***

***E-mail : gurdwaragazette@gmail.com***

***info@sgpc.net***

***Phone: 0183-255 3956-60, Ext. 254***

## ਜ਼ਰੂਰੀ ਬੇਨਤੀ

ਸੰਗਤਾਂ ਦੀ ਸਹੂਲਤ ਨੂੰ ਮੁੱਖ-ਰਖਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਬਿਰਧ ਸਰੂਪਾਂ ਦੀ ਸਾਂਭ-ਸੰਭਾਲ 'ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ', ਗੁਰਦੁਆਰਾ ਸ੍ਰੀ ਰਾਮਸਰ ਸਾਹਿਬ (ਨਜ਼ਦੀਕ ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ 'ਸ਼ਹੀਦ') ਵਿਖੇ ਕਰਨ ਦਾ ਫ਼ੈਸਲਾ ਕੀਤਾ ਹੈ। ਪਾਵਨ ਬਿਰਧ ਸਰੂਪ ਲੈ ਕੇ ਆਈਆਂ ਸੰਗਤਾਂ ਇਥੋਂ ਹੀ ਪਾਵਨ ਸਰੂਪ ਵੀ ਪ੍ਰਾਪਤ ਕਰ ਸਕਦੀਆਂ ਹਨ। ਸੋ ਸਮੂਹ ਸੰਗਤਾਂ ਦੀ ਸੇਵਾ ਵਿਚ ਬਿਨੈ ਹੈ ਕਿ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਬਿਰਧ ਸਰੂਪ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਵਿਖੇ ਲਿਆਉਣ ਦੀ ਕ੍ਰਿਪਾਲਤਾ ਕਰਨ।

ਗੁਰੂ-ਪੰਥ ਦਾ ਦਾਸ,
ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

---

ਕੇਂਦਰੀ ਲਾਇਬ੍ਰੇਰੀ ਕਮੇਟੀ ਅਤੇ ਸੰਚਾਲਕ ਲੋਕ ਸੰਪਰਕ ਵਿਭਾਗ ਚੰਡੀਗੜ੍ਹ ਦੀ ਚਿੱਠੀ ਨੰ: ਲ. ਸ. ਵ. (ਲਾਇਬ)-੬੮/੧੦੨੫੯ ਮਿਤੀ ੨੦-੬-੬੭ ਰਾਹੀਂ ਸਰਕਾਰੀ ਲਾਇਬ੍ਰੇਰੀਆਂ ਲਈ ਪ੍ਰਵਾਨ ਹੈ।

---

ਗੋਲਡਨ ਆਫਸੈੱਟ ਪ੍ਰੈੱਸ, ਗੁਰਦੁਆਰਾ ਰਾਮਸਰ ਸਾਹਿਬ, ਸ੍ਰੀ ਅੰਮ੍ਰਿਤਸਰ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਲਈ **ਦਿਲਜੀਤ ਸਿੰਘ** ਪ੍ਰਿੰਟਰ ਤੇ ਪਬਲਿਸ਼ਰ ਨੇ ਛਪਵਾ ਕੇ ਦਫ਼ਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਤੋਂ ਜਾਰੀ ਕੀਤਾ।

***ਪ੍ਰਤੀ ਕਾਪੀ 2/-ਰੁਪਏ***

## ਲੇਖ ਸੂਚੀ

| *ਲੇਖ* | *ਪੰਨਾ* |
|---|---|
| ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਦੀ ਪਵਿੱਤਰ ਮਰਯਾਦਾ | ੪ |
| ਇਤਿਹਾਸਕ ਦਿਹਾੜੇ | ੫ |
| ਗੁਰਬਾਣੀ ਵਿਚਾਰ | ੬ |
| ਸੰਪਾਦਕੀ | ੭ |
| ਮੁਕਤਸਰ ਦੀ ਜੰਗ ਦਾ ਲਾਸਾਨੀ ਇਤਿਹਾਸ *-ਜਥੇ: ਗੋਬਿੰਦ ਸਿੰਘ ਲੌਂਗੋਵਾਲ* | ੯ |
| ਸਿਮਰੋ ਸ੍ਰੀ ਹਰਿਰਾਇ *-ਡਾ. ਰੂਪ ਸਿੰਘ* | ੧੧ |
| ਖਿਦਰਾਣਾ ਕਰਿ ਮੁਕਤਸਰ... *-ਦਿਲਜੀਤ ਸਿੰਘ ਬੇਦੀ* | ੧੩ |
| ਮੁਕਤਸਰ ਵਿਚ ਚਾਲੀ ਮੁਕਤਿਆਂ ਦੀ ਸ਼ਹੀਦੀ *-ਬੀਬੀ ਨਰਿੰਦਰ ਕੌਰ* | ੧੬ |
| ਜ਼ਫ਼ਰਨਾਮਾ *-ਡਾ. ਸੁਖਦਿਆਲ ਸਿੰਘ* | ੧੮ |
| ਖ਼ਬਰਨਾਮਾ | ੩੪ |
| ਹਿਸਾਬ-ਕਿਤਾਬ | ੬੨ |
| ***English Section*** | |
| Historical Events | 76 |
| Sri Guru Gobind singh Ji *- S. Surjit Singh 'Gandhi'* | 77 |

ੴ ਸਤਿਗੁਰ ਪ੍ਰਸਾਦਿ॥

# ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਦੀ ਪਵਿੱਤਰ ਮਰਯਾਦਾ

## (ਮਹੀਨਾ ਮਾਘ)

| | |
|---|---|
| * ਕਿਵਾੜ ਖੁੱਲ੍ਹਣ ਦਾ ਸਮਾਂ | ੩-੦੦ ਵਜੇ ਅੰਮ੍ਰਿਤ ਵੇਲੇ |
| * ਕੀਰਤਨ ਆਰੰਭ | ੩-੦੦ ਵਜੇ ਅੰਮ੍ਰਿਤ ਵੇਲੇ |
| * ਆਸਾ ਦੀ ਵਾਰ ਦਾ ਕੀਰਤਨ ਆਰੰਭ | ੪-੦੦ ਵਜੇ ਸਵੇਰੇ |
| * ਪਾਲਕੀ ਸਾਹਿਬ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਚੱਲਣ ਦਾ ਸਮਾਂ | ੫-੦੦ ਵਜੇ ਸਵੇਰੇ |
| * ਪਹਿਲਾ ਹੁਕਮਨਾਮਾ | ੫-੩੦ ਵਜੇ ਸਵੇਰੇ |
| * ਪਹਿਲੀ ਅਰਦਾਸ | ੬-੦੦ ਵਜੇ ਸਵੇਰੇ |
| * ਆਸਾ ਦੀ ਵਾਰ ਦੀ ਸਮਾਪਤੀ | ੭-੦੦ ਵਜੇ ਸਵੇਰੇ |
| * ਦੂਸਰੀ ਅਰਦਾਸ ਤੇ ਹੁਕਮਨਾਮਾ | ੭-੧੫ ਵਜੇ ਤੱਕ ਸਵੇਰੇ |
| * ਸ਼ਾਮ ਨੂੰ ਸੋਦਰੁ, ਰਹਰਾਸਿ ਸਾਹਿਬ ਦਾ ਪਾਠ ਸੂਰਜ ਛਿਪਣ ਉਪਰੰਤ ਸ਼ੁਰੂ ਹੁੰਦਾ ਹੈ। | |
| * ਹੁਕਮਨਾਮਾ ਰਾਤ ਨੂੰ ਸਮਾਪਤੀ ਸਮੇਂ | ੯-੩੦ ਵਜੇ ਰਾਤ |
| * ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੋਂ ਪਾਲਕੀ ਸਾਹਿਬ ਚੱਲਣ ਦਾ ਸਮਾਂ | ੯-੪੫ ਵਜੇ ਰਾਤ |
| * ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪਹੁੰਚਣ ਦਾ ਸਮਾਂ | ੧੦-੦੦ ਵਜੇ ਰਾਤ |

* ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਕਿਵਾੜ ਖੁੱਲ੍ਹਣ ਤੋਂ ਲੈ ਕੇ ਸਮਾਪਤੀ ਤਕ ਅਖੰਡ ਕੀਰਤਨ ਹੁੰਦਾ ਰਹਿੰਦਾ ਹੈ।
* ਰਾਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਜਾਣ ਉਪਰੰਤ ਇਕ ਘੰਟਾ ਸੇਵਾ ਤੇ ਸਫਾਈ ਆਦਿ ਉਪਰੰਤ ਇਸ਼ਨਾਨ ਕਰਾਉਣ ਦੀ ਸੇਵਾ ਸ਼ਰਧਾਲੂ, ਸੇਵਾਦਾਰਾਂ ਦੇ ਸਹਿਯੋਗ ਨਾਲ ਕਰਦੇ ਹਨ।
* ਇਸ਼ਨਾਨ ਸਮੇਂ ਮਿਲ ਕੇ ਪ੍ਰੇਮੀ ਇਸ਼ਨਾਨ ਕਰਾਉਂਦੇ ਹਨ ਅਤੇ ਨਾਲ ਬੜੇ ਹੀ ਪ੍ਰੇਮ ਸਹਿਤ ਰਸ-ਭਿੰਨੀ ਸੁਰ ਵਿਚ ਗੁਰਬਾਣੀ ਦੇ ਸ਼ਬਦ ਗਾਇਨ ਕਰਦੇ ਹਨ। ਇਸ਼ਨਾਨ ਆਦਿ ਦੀ ਸੇਵਾ ਕਰਾਉਣ ਉਪਰੰਤ ਵਿਛਾਈਆਂ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਿੰਘਾਸਨ ਸਜਾ ਕੇ ਅਰਦਾਸ ਹੁੰਦੀ ਹੈ ਤੇ ਕੜਾਹ ਪ੍ਰਸ਼ਾਦਿ ਦੀ ਦੇਗ ਵਰਤਦੀ ਹੈ।
* ਫਿਰ ਤਿੰਨ-ਪਹਿਰੇ ਦੀ ਚੌਂਕੀ ਦਾ ਕੀਰਤਨ ਆਰੰਭ ਹੁੰਦਾ ਹੈ।
* ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਵਿਚਕਾਰਲੀ ਛੱਤ ਅਤੇ ਗੁੰਬਦ ਵਿਚ ਹਰ ਵਕਤ ਅਖੰਡ ਪਾਠ ਸਾਹਿਬ ਚੱਲਦੇ ਹਨ, ਜਿਨ੍ਹਾਂ ਦਾ ਵਾਰੀ ਨਾਲ ਰੋਜ਼ਾਨਾ ਇਕ ਅਖੰਡ ਪਾਠ ਸਾਹਿਬ ਦਾ ਭੋਗ ਪੈਂਦਾ ਹੈ।

*ਪਾਠਕ/ਲੇਖਕ 'ਗੁਰਦੁਆਰਾ ਗਜ਼ਟ' ਲਈ ਰਚਨਾਵਾਂ, ਸਹਾਇਤਾ ਅਤੇ ਸੁਝਾਅ ਹੇਠ ਲਿਖੇ ਪਤੇ 'ਤੇ ਭੇਜਣ ਦੀ ਕ੍ਰਿਪਾਲਤਾ ਕਰਨ :*

**ਸਕੱਤਰ,**
**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ-੧੪੩੦੦੬**
**ਫੋਨ : ੦੦੯੧-੧੮੩-੨੫੫੩੯੫੭,੫੮,੫੯**

# ੧੬ ਜਨਵਰੀ ਤੋਂ ੧੫ ਫਰਵਰੀ ਵਿਚਲੇ ਇਤਿਹਾਸਕ ਦਿਹਾੜੇ

| | | |
|---|---|---|
| ੧੬ ਜਨਵਰੀ | ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦਾ ਪ੍ਰਕਾਸ਼ ਦਿਹਾੜਾ। | (੧੬-੧-੧੬੩੦) |
| ੧੭ ਜਨਵਰੀ | ਸਰਕਾਰ ਨੇ ਗੁਰਦੁਆਰਾ ਸੈਂਟਰਲ ਬੋਰਡ ਦਾ ਨਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਜੋਂ ਪ੍ਰਵਾਨ ਕਰ ਲਿਆ। | (੧੭-੧-੧੯੨੭) |
| ੧੮ ਜਨਵਰੀ | ਮਹਾਰਾਜਾ ਰਣਜੀਤ ਸਿੰਘ ਦਾ ਛੋਟਾ ਸਪੁੱਤਰ ਸ. ਸ਼ੇਰ ਸਿੰਘ ਰਾਜ ਗੱਦੀ 'ਤੇ ਬੈਠਾ। | (੧੮-੧-੧੮੪੧) |
| ੧੯ ਜਨਵਰੀ | ਸਿੱਖਾਂ ਨੇ ਚਾਬੀਆਂ ਦਾ ਮੋਰਚਾ ਜਿੱਤਿਆ ਤੇ ਸਰਕਾਰ ਨੇ ਚਾਬੀਆਂ ਸਿੱਖਾਂ ਨੂੰ ਸੌਂਪੀਆਂ। | (੧੯-੧-੧੯੨੨) |
| ੨੨ ਜਨਵਰੀ | ਅਦਾਲਤ ਨੇ ਭਾਈ ਸਤਵੰਤ ਸਿੰਘ, ਭਾਈ ਕੇਹਰ ਸਿੰਘ ਅਤੇ ਭਾਈ ਬਲਬੀਰ ਸਿੰਘ ਨੂੰ ਇੰਦਰਾ ਗਾਂਧੀ ਕਤਲ ਕੇਸ 'ਚ ਮੌਤ ਦੀ ਸਜ਼ਾ ਸੁਣਾਈ। | (੨੨-੧-੧੯੮੬) |
| ੨੪ ਜਨਵਰੀ | ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ੧੨੯ ਮੈਂਬਰਾਂ ਅਤੇ ਇਕ ਲੱਖ ਸਿੱਖਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੰਜਾਬੀ ਸੂਬੇ ਦੀ ਪ੍ਰਾਪਤੀ ਲਈ ਜਾਨਾਂ ਵਾਰਨ ਦਾ ਪ੍ਰਣ ਕੀਤਾ। | (੨੪-੧-੧੯੬੦) |
| ੨੫ ਜਨਵਰੀ | ਸਿੱਖਾਂ ਦਾ ਇਕ ਜਥਾ ਤਰਨ ਤਾਰਨ ਵਿਖੇ ਪੁੱਜਾ ਅਤੇ ਮਹੰਤ ਦੇ ਕਿਰਾਏ ਦੇ ਬੰਦਿਆਂ ਨੇ ਸਿੱਖਾਂ 'ਤੇ ਹਮਲਾ ਕਰ ਦਿੱਤਾ ਅਤੇ ਜਿਸ ਨਾਲ ਭਾਈ ਹਜ਼ਾਰਾ ਸਿੰਘ,ਭਾਈ ਹੁਕਮ ਸਿੰਘ ਅਤੇ ਕਈ ਹੋਰ ਸਿੰਘ ਸਖ਼ਤ ਜ਼ਖ਼ਮੀ ਹੋਏ। | (੨੫-੧-੧੯੨੧) |
| ੨੬ ਜਨਵਰੀ | ਬਾਬਾ ਦੀਪ ਸਿੰਘ ਜੀ ਦਾ ਜਨਮ ਭਾਈ ਭਗਤ ਸਿੰਘ ਦੇ ਗ੍ਰਹਿ ਮਾਤਾ ਜਿਊਣੀ ਜੀ ਦੀ ਕੁੱਖੋਂ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਪਹੂਵਿੰਡ ਵਿਖੇ ਹੋਇਆ। | (੨੬-੧-੧੬੮੨) |
| ੩੦ ਜਨਵਰੀ | ਭਾਈ ਹਕੀਕਤ ਰਾਏ ਨੂੰ ਸ਼ਹੀਦ ਕੀਤਾ ਗਿਆ। | (੩੦-੧-੧੭੪੨) |
| ੩੧ ਜਨਵਰੀ | ਸਿੱਖਾਂ ਦੇ ਧਾਰਮਿਕ ਚਿੰਨ੍ਹ ਕ੍ਰਿਪਾਨ 'ਤੇ ਲੱਗੀ ਪਾਬੰਦੀ ਵਾਪਸ ਲਈ ਗਈ ਅਤੇ ਇਕ ਨੋਟੀਫਿਕੇਸ਼ਨ ਰਾਹੀਂ ਐਲਾਨ ਕੀਤਾ ਗਿਆ ਕਿ ਕ੍ਰਿਪਾਨ ਹਥਿਆਰ ਨਹੀਂ ਹੈ। | (੩੧-੧-੧੯੩੬) |
| ੪ ਫਰਵਰੀ | ਵਜਾਊਕੋਟ (ਗੁਰਦਾਸਪੁਰ) ਦਾ ਭਾਈ ਹੁਕਮ ਸਿੰਘ ਜੋ ੨੫ ਜਨਵਰੀ ੧੯੨੧ ਨੂੰ ਤਰਨਤਾਰਨ ਵਿਖੇ ਜ਼ਖ਼ਮੀ ਹੋ ਗਿਆ ਸੀ, ਚਲਾਣਾ ਕਰ ਗਿਆ। | (੪-੨-੧੯੨੧) |
| ੧੦ ਫਰਵਰੀ | ਅੰਗਰੇਜ਼ਾਂ ਤੇ ਸਿੱਖਾਂ ਵਿਚ ਸਭਰਾਵਾਂ ਦੀ ਲੜਾਈ ਵਿਚ ਲਾਲ ਸਿਹੁੰ, ਤੇਜ ਸਿਹੁੰ ਅਤੇ ਗੁਲਾਬ ਸਿਹੁੰ ਡੋਗਰੇ ਦੀ ਗ਼ਦਾਰੀ ਦੇ ਕਾਰਨ ਸਿੱਖਾਂ ਨੂੰ ਹਾਰ ਦਾ ਮੂੰਹ ਵੇਖਣਾ ਪਿਆ ਅਤੇ ਮਹਾਨ ਜਰਨੈਲ ਸ. ਸ਼ਾਮ ਸਿੰਘ ਅਟਾਰੀਵਾਲਾ ਸ਼ਹੀਦ ਹੋ ਗਏ। | (੧੦-੨-੧੮੪੬) |
| ੧੫ ਫਰਵਰੀ | 'ਸ਼੍ਰੋਮਣੀ ਅਕਾਲੀ ਦਲ' ਨੇ ੧੯੩੯ ਨੂੰ ਹੋਈਆਂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿਚ ਹੂੰਝਾ-ਫੇਰ ਜਿੱਤ ਪ੍ਰਾਪਤ ਕੀਤੀ। | (੧੫-੨-੧੯੩੯) |

■

ਗੁਰਬਾਣੀ ਵਿਚਾਰ:

# ਮਾਘਿ ਮਜਨੁ ਸੰਗਿ ਸਾਧੂਆ...

ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ ॥
ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ ॥
ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ ॥
ਕਾਮਿ ਕਰੋਧਿ ਨ ਮੋਹੀਐ ਬਿਨਸੈ ਲੋਭੁ ਸੁਆਨੁ ॥
ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ ॥
ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ ॥
ਜਿਸ ਨੋ ਦੇਵੈ ਦਇਆ ਕਰਿ ਸੋਈ ਪੁਰਖੁ ਸੁਜਾਨੁ ॥
ਜਿਨਾ ਮਿਲਿਆ ਪ੍ਰਭੁ ਆਪਣਾ ਨਾਨਕ ਤਿਨ ਕੁਰਬਾਨੁ ॥
ਮਾਘਿ ਸੁਚੇ ਸੇ ਕਾਂਢੀਅਹਿ ਜਿਨ ਪੂਰਾ ਗੁਰੁ ਮਿਹਰਵਾਨੁ ॥੧੨॥

*(ਪੰਨਾ ੧੩੫)*

ਮਾਘ ਵਿਚ (ਮਾਘੀ ਵਾਲੇ ਦਿਨ) ਲੋਕ ਪ੍ਰਯਾਗ ਆਦਿਕ ਤੀਰਥਾਂ 'ਤੇ ਇਸ਼ਨਾਨ ਕਰਨਾ ਬੜਾ ਪੁੰਨ ਸਮਝਦੇ ਹਨ, ਪਰ ਹੇ ਭਾਈ! ਤੂੰ ਗੁਰਮੁਖਾਂ ਦੀ ਸੰਗਤਿ ਵਿਚ (ਬੈਠ, ਇਹੀ ਹੈ ਤੀਰਥਾਂ ਦਾ) ਇਸ਼ਨਾਨ, ਉਨ੍ਹਾਂ ਦੀ ਚਰਨ-ਧੂੜ ਵਿਚ ਇਸ਼ਨਾਨ ਕਰ (ਨਿਮਰਤਾ-ਭਾਵ ਨਾਲ ਗੁਰਮੁਖਾਂ ਦੀ ਸੰਗਤ ਕਰ, ਉਥੇ) ਪਰਮਾਤਮਾ ਦਾ ਨਾਮ ਜਪ, ਪਰਮਾਤਮਾ ਦੀ ਸਿਫ਼ਤਿ-ਸਾਲਾਹ ਸੁਣ, ਹੋਰ ਸਭਨਾਂ ਨੂੰ ਇਹ ਨਾਮ ਦੀ ਦਾਤ ਵੰਡ, (ਇਸ ਤਰ੍ਹਾਂ) ਕਈ ਜਨਮਾਂ ਦੇ ਕੀਤੇ ਕਰਮਾਂ ਤੋਂ ਪੈਦਾ ਹੋਈ ਵਿਕਾਰਾਂ ਦੀ ਮੈਲ਼ (ਤੇਰੇ ਮਨ ਤੋਂ) ਲਹਿ ਜਾਏਗੀ, ਤੇਰੇ ਮਨ ਵਿੱਚੋਂ ਅਹੰਕਾਰ ਦੂਰ ਹੋ ਜਾਏਗਾ।

(ਸਿਮਰਨ ਦੀ ਬਰਕਤਿ ਨਾਲ) ਕਾਮ ਵਿਚ, ਕ੍ਰੋਧ ਵਿਚ ਨਹੀਂ ਫਸੀਦਾ, ਲੋਭ-ਕੁੱਤਾ ਭੀ ਮੁੱਕ ਜਾਂਦਾ ਹੈ (ਲੋਭ, ਜਿਸ ਦੇ ਅਸਰ ਹੇਠ ਮਨੁੱਖ ਕੁੱਤੇ ਵਾਂਗ ਦਰ-ਦਰ 'ਤੇ ਭਟਕਦਾ ਹੈ)। ਇਸ ਸੱਚੇ ਰਸਤੇ ਉੱਤੇ ਤੁਰਿਆਂ ਜਗਤ ਵੀ ਸ਼ੋਭਾ ਕਰਦਾ ਹੈ। ਅਠਾਹਠ ਤੀਰਥਾਂ ਦਾ ਇਸ਼ਨਾਨ, ਸਾਰੇ ਪੁੰਨ ਕਰਮ, ਜੀਵਾਂ ਉੱਤੇ ਦਇਆ ਕਰਨੀ ਜੋ ਧਾਰਮਿਕ ਕੰਮ ਮੰਨੀ ਗਈ ਹੈ (ਇਹ ਸਭ ਕੁਝ ਸਿਮਰਨ ਦੇ ਵਿਚ ਹੀ ਆ ਜਾਂਦਾ ਹੈ)।

ਪਰਮਾਤਮਾ ਕਿਰਪਾ ਕਰ ਕੇ ਜਿਸ ਮਨੁੱਖ ਨੂੰ (ਸਿਮਰਨ ਦੀ ਦਾਤ) ਦਿੰਦਾ ਹੈ, ਉਹ ਮਨੁੱਖ (ਜ਼ਿੰਦਗੀ ਦੇ ਸਹੀ ਰਸਤੇ ਦੀ ਪਛਾਣ ਵਾਲਾ) ਸਿਆਣਾ ਹੋ ਜਾਂਦਾ ਹੈ।

ਹੇ ਨਾਨਕ! ਜਿਨ੍ਹਾਂ ਨੂੰ ਪਿਆਰਾ ਪ੍ਰਭੂ ਮਿਲ ਪਿਆ ਹੈ, ਮੈਂ ਉਨ੍ਹਾਂ ਤੋਂ ਸਦਕੇ ਹਾਂ। ਮਾਘ ਮਹੀਨੇ ਵਿਚ ਸਿਰਫ਼ ਉਹੀ ਸੁੱਚੇ ਬੰਦੇ ਆਖੇ ਜਾਂਦੇ ਹਨ, ਜਿਨ੍ਹਾਂ ਉੱਤੇ ਪੂਰਾ ਸਤਿਗੁਰੂ ਦਇਆਵਾਨ ਹੁੰਦਾ ਹੈ (ਤੇ ਜਿਨ੍ਹਾਂ ਨੂੰ ਸਿਮਰਨ ਦੀ ਦਾਤ ਦਿੰਦਾ ਹੈ) ॥੧੨॥

■

*ਸੰਪਾਦਕੀ...*

# ਗੁਰੂ ਤੋਂ ਬੇਮੁੱਖ ਹੋ ਕੇ ਬੇਦਾਵੀਏ ਨਾ ਬਣੀਏ

ਦਸਮੇਸ਼-ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਵਿੱਤਰ ਚਰਨਾਂ ਦੀ ਛੋਹ ਪ੍ਰਾਪਤ ਮੁਕਤਸਰ ਦੀ ਪਾਵਨ ਧਰਤੀ ਸੈਂਕੜੇ ਸਿੰਘਾਂ ਦੇ ਸ਼ਹੀਦੀ-ਖੂਨ ਨਾਲ ਰੱਤੀ ਹੋਈ ਹੈ। ਇਸ ਪਾਵਨ ਧਰਤੀ ਨੂੰ ਗੁਰੂ-ਮਿਸ਼ਨ ਦੀ ਖਾਤਰ ਜਬਰ-ਜ਼ੁਲਮ ਵਿਰੁੱਧ ਆਪਾ ਨਿਛਾਵਰ ਕਰਨ ਵਾਲੇ ਜੁਝਾਰੂ ਯੋਧਿਆਂ ਨੇ ਆਪਣੇ ਖੂਨ ਨਾਲ ਸਿੰਜਿਆ ਹੈ। ਸ਼ਹੀਦਾਂ ਦੀ ਇਸ ਧਰਤੀ ਤੋਂ ਅੱਜ ਵੀ ਜਬਰ-ਜ਼ੁਲਮ ਵਿਰੁੱਧ ਜੂਝਣ ਅਤੇ ਬੁਰਾਈਆਂ, ਕੁਰੀਤੀਆਂ ਤੋਂ 'ਮੁਕਤ' ਹੋ ਕੇ, ਗੁਰੂ ਨਾਲ ਟੁੱਟੀ ਗੰਢਣ ਦੀ ਪ੍ਰੇਰਣਾ ਮਿਲਦੀ ਹੈ।

ਕਦੇ 'ਖਿਦਰਾਣੇ ਦੀ ਢਾਬ' ਦੇ ਨਾਂ ਨਾਲ ਜਾਣੀ ਜਾਂਦੀ ਇਹ ਧਰਤੀ ਗੁਰੂ ਜੀ ਦੇ ਅਸ਼ੀਰਵਾਦ ਨਾਲ ਸ੍ਰੀ ਮੁਕਤਸਰ ਸਾਹਿਬ ਵਜੋਂ ਪ੍ਰਸਿੱਧ ਹੋਈ। ਇਸ ਦੇ ਚਾਰੇ ਪਾਸਿਓਂ ਵਰਖਾ ਦਾ ਪਾਣੀ, ਇਥੇ ਆ ਕੇ ਜਮ੍ਹਾ ਹੋ ਜਾਂਦਾ ਸੀ। ਰੇਤਲੇ ਇਲਾਕੇ ਵਿਚ ਪਾਣੀ ਦੀ ਬੇਹੱਦ ਘਾਟ ਸੀ, ਜਿਸ ਕਰਕੇ ਇਹ ਢਾਬ, ਆਸ-ਪਾਸ ਦੇ ਇਲਾਕੇ ਦੇ ਲੋਕਾਂ ਲਈ ਪਾਣੀ ਦੀ ਲੋੜ-ਪੂਰਤੀ ਦਾ ਇਕ ਵੱਡਾ ਸਰੋਤ ਸੀ। ਰੇਤਲੇ ਟਿੱਬਿਆਂ ਅਤੇ ਖੁਸ਼ਕ ਝਾੜੀਆਂ ਵਾਲੀ ਇਸ ਧਰਤੀ ਨੂੰ ਰੰਗ-ਭਾਗ ਕਿਵੇਂ ਲੱਗੇ? ਇਹ ਦਾਸਤਾਨ ਇਤਿਹਾਸ ਦੀ ਇਕ ਲਾਸਾਨੀ ਅਤੇ ਬੇਮਿਸਾਲ ਘਟਨਾ ਹੈ।

ਸ੍ਰੀ ਅਨੰਦਪੁਰ ਸਾਹਿਬ ਦੇ ਲੰਬੇ ਘੇਰੇ ਸਮੇਂ ਗੁਰੂ ਜੀ ਦੇ ਸੂਰਬੀਰ ਯੋਧਿਆਂ ਨੇ ਕਈ ਮਹੀਨੇ ਡਟ ਕੇ ਮੁਕਾਬਲਾ ਕੀਤਾ। ਖਾਲਸਾ ਫੌਜ ਦੇ ਛਾਪਾਮਾਰ ਹਮਲਿਆਂ ਨਾਲ ਦੁਸ਼ਮਣ ਦੇ ਹੌਂਸਲੇ ਪਸਤ ਹੋ ਚੁੱਕੇ ਸਨ। ਲੰਮੇ ਸਮੇਂ ਤਕ ਨਿੱਤ ਦੀ ਲੜਾਈਆਂ ਵਿਚ ਸ਼ਹਾਦਤਾਂ ਹੋਣ ਕਾਰਨ ਖਾਲਸਾ ਫੌਜ ਦੀ ਗਿਣਤੀ ਘਟਦੀ ਜਾ ਰਹੀ ਸੀ। ਰਾਸ਼ਨ-ਪਾਣੀ ਵੀ ਮੁਕਦਾ ਜਾ ਰਿਹਾ ਸੀ। ਅਜਿਹੇ ਬਿਖੜੇ ਸਮੇਂ ਵੀ ਭੁੱਖੇ ਸਿੰਘ ਸ਼ੇਰਾਂ ਵਾਂਗ ਲੜ ਰਹੇ ਸਨ। ਕੁਝ ਸਿੰਘਾਂ ਨੇ ਭੁੱਖ-ਪਿਆਸ ਤੋਂ ਤੰਗ ਆ ਕੇ ਗੁਰੂ ਜੀ ਨੂੰ ਢਿੱਲੀ ਜਿਹੀ ਸਲਾਹ ਦਿੱਤੀ ਕਿ ਕਿਲ੍ਹਾ ਛੱਡ ਦੇਣਾ ਚਾਹੀਦਾ ਹੈ। ਗੁਰੂ ਜੀ ਨੇ ਦੂਰ-ਅੰਦੇਸ਼ੀ ਨਾਲ ਕੁਝ ਸਮਾਂ ਹੋਰ ਉਡੀਕ ਕਰਨ ਲਈ ਕਿਹਾ। ਇਸ ਦੇ ਬਾਵਜੂਦ ਕੁਝ ਕਾਹਲੇ ਸਿੰਘ, ਭਰਮ ਦਾ ਸ਼ਿਕਾਰ ਹੋ ਕੇ ਡੋਲ ਗਏ। ਉਨ੍ਹਾਂ ਗੁਰੂ ਜੀ ਦਾ ਸਾਥ ਛੱਡ ਦਿੱਤਾ ਅਤੇ 'ਬੇਦਾਵਾ' ਦੇ ਕੇ ਆਪਣੇ ਘਰਾਂ ਨੂੰ ਚਲੇ ਗਏ।

ਥੋੜ੍ਹੇ ਸਮੇਂ ਪਿਛੋਂ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦੁਸ਼ਮਣ ਵਲੋਂ ਖਾਧੀਆਂ ਕਸਮਾਂ ਅਤੇ ਸਿੰਘਾਂ ਵਲੋਂ, ਕਿਲ੍ਹਾ ਖਾਲੀ ਕਰਨ ਦੀ ਸਲਾਹ 'ਤੇ ਅਨੰਦਪੁਰ ਛੱਡ ਦਿੱਤਾ। ਕਿਲ੍ਹਾ ਖਾਲੀ ਕਰਨ ਦੀ ਦੇਰ ਸੀ ਕਿ ਦੁਸ਼ਮਣ ਫੌਜਾਂ ਨੇ ਸਭ ਕਸਮਾਂ-ਇਕਰਾਰ ਭੁੱਲ ਕੇ ਪਿਛੋਂ ਹਮਲਾ ਕਰ ਦਿੱਤਾ। ਸਰਸਾ ਨਦੀ ਪਾਰ ਕਰਦਿਆਂ ਗੁਰੂ ਜੀ ਦਾ ਸਾਰਾ ਪਰਿਵਾਰ ਵਿੱਛੜ ਗਿਆ। ਕੀਮਤੀ ਸਾਹਿਤ ਅਤੇ ਹੋਰ ਮਾਲ-ਅਸਬਾਬ, ਬਹੁਤ ਸਾਰੇ ਪਿਆਰੇ ਸਿੰਘਾਂ ਸਮੇਤ ਸਰਸਾ 'ਚ ਆਏ ਹੜ੍ਹ ਦੀ ਭੇਟ ਚੜ੍ਹ ਗਿਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਥੋੜ੍ਹੇ ਜਿਹੇ ਸਿੰਘਾਂ ਸਮੇਤ ਚਮਕੌਰ ਦੀ ਗੜ੍ਹੀ ਪਹੁੰਚੇ, ਜਿਥੇ ਸੰਸਾਰ ਦਾ ਅਨੋਖਾ ਤੇ ਅਸਾਵਾਂ ਯੁੱਧ ਲੜਿਆ ਗਿਆ। ਇਥੇ ਗੁਰੂ ਜੀ ਦੇ ਦੋ ਵੱਡੇ ਸਾਹਿਬਜ਼ਾਦਿਆਂ ਅਤੇ ਚਾਲੀ ਸਿੰਘਾਂ ਨੇ ਥੋੜ੍ਹੀ ਜਿਹੀ ਗਿਣਤੀ ਨਾਲ ਦੁਸ਼ਮਣ ਦੀ ਵੱਡੀ ਫੌਜ ਦਾ ਡਟ ਕੇ ਮੁਕਾਬਲਾ ਕੀਤਾ। ਚਮਕੌਰ ਦੀ ਗੜ੍ਹੀ ਵਿਚੋਂ ਗੁਰੂ ਜੀ ਦੁਸ਼ਮਣ ਫੌਜਾਂ ਨੂੰ ਵੰਗਾਰਦੇ ਹੋਏ ਮਾਛੀਵਾੜੇ ਦੇ ਜੰਗਲ ਵੱਲ ਚਲੇ ਗਏ। ਇਥੋਂ ਆਲਮਗੀਰ, ਰਾਏਕੋਟ ਹੁੰਦੇ ਹੋਏ ਦੀਨਾ ਕਾਂਗੜ ਪੁੱਜੇ, ਜਿਥੇ ਉਨ੍ਹਾਂ ਔਰੰਗਜ਼ੇਬ ਵੱਲ 'ਜ਼ਫਰਨਾਮਾ' ਲਿਖਿਆ।

ਦੂਜੇ ਪਾਸੇ ਸਰਹੰਦ ਦੇ ਸੂਬੇਦਾਰ ਵਜ਼ੀਰ ਖਾਂ ਦੀਆਂ ਫੌਜਾਂ ਗੁਰੂ ਜੀ ਦਾ ਪਿੱਛਾ ਕਰਦੀਆਂ ਆ ਰਹੀਆਂ ਸਨ। ਗੁਰੂ ਜੀ ਦੀਨੇ ਤੋਂ ਜੈਤੋ ਹੁੰਦੇ ਹੋਏ ਕੋਟਕਪੂਰੇ ਪੁੱਜੇ, ਜਿਥੇ ਉਨ੍ਹਾਂ ਉਥੋਂ ਦੇ ਹਾਕਮ ਕਪੂਰੇ ਤੋਂ ਕਿਲ੍ਹੇ ਦੀ ਮੰਗ ਕੀਤੀ। ਮੁਗਲਾਂ ਤੋਂ ਡਰਦਿਆਂ ਕਪੂਰੇ ਨੇ ਕਿਲ੍ਹਾ ਤਾਂ ਨਾ ਦਿੱਤਾ ਪਰ ਉਸ ਨੇ ਗੁਰੂ ਜੀ ਨੂੰ ਸੰਘਣੀਆਂ ਝਾੜੀਆਂ ਵਾਲੇ ਰੇਤਲੇ

ਇਲਾਕੇ (ਖਿਦਰਾਣੇ ਦੀ ਢਾਬ) ਵੱਲ ਜਾਣ ਦੀ ਸਲਾਹ ਦਿੱਤੀ, ਕਿਉਂਕਿ ਉਥੇ ਪਾਣੀ ਦੀ ਕਿੱਲਤ ਅਤੇ ਗਰਮੀ ਦੀ ਮਾਰ ਕਾਰਨ, ਮੁਗਲ ਫੌਜਾਂ ਲਈ ਉਨ੍ਹਾਂ ਦਾ ਮੁਕਾਬਲਾ ਕਰਨਾ ਅਸੰਭਵ ਹੋਵੇਗਾ। ਯੁੱਧ ਨੀਤੀ ਪੱਖੋਂ ਉਚਿਤ ਜਾਣ ਕੇ ਗੁਰੂ ਜੀ ਖਿਦਰਾਣੇ ਦੀ ਢਾਬ 'ਤੇ ਜਾ ਕਾਬਜ਼ ਹੋਏ। ਵੱਡੇ ਫੌਜੀ ਕੈਂਪ ਦਾ ਭੁਲੇਖਾ ਦੇਣ ਲਈ ਸਿੰਘ ਝਾੜੀਆਂ 'ਤੇ ਕੱਪੜੇ ਪਾ ਕੇ ਦੁਸ਼ਮਣ ਦੀ ਉਡੀਕ ਕਰਨ ਲੱਗੇ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਬੇਦਾਵਾ ਦੇਣ ਵਾਲੇ ਸਿੰਘ ਜਦ ਘਰੀਂ ਪਹੁੰਚੇ ਤਾਂ ਮਾਈ ਭਾਗੋ ਜੀ ਤੇ ਹੋਰ ਬੀਬੀਆਂ ਨੇ ਉਨ੍ਹਾਂ ਨੂੰ ਫਿਟਕਾਰਾਂ ਪਾਈਆਂ ਅਤੇ ਮੁੜ ਗੁਰੂ ਜੀ ਦੇ ਚਰਨੀਂ ਲੱਗਣ ਦੀ ਨੇਕ ਸਲਾਹ ਦਿੱਤੀ। ਇਸ ਸਮੇਂ ਇਨ੍ਹਾਂ ਸਿੰਘਾਂ ਨੂੰ ਗੁਰੂ ਜੀ ਦੇ ਪਰਿਵਾਰ ਦੇ ਖੇਰੂੰ-ਖੇਰੂੰ ਹੋਣ, ਸਾਹਿਬਜ਼ਾਦਿਆਂ ਦੀ ਸ਼ਹੀਦੀ ਅਤੇ ਮੁਗਲ ਫੌਜਾਂ ਵਲੋਂ ਗੁਰੂ ਜੀ ਦਾ ਪਿੱਛਾ ਕਰਨ ਦੀਆਂ ਖਬਰਾਂ ਵੀ ਮਿਲ ਰਹੀਆਂ ਸਨ। ਉਨ੍ਹਾਂ ਦੀ ਜ਼ਮੀਰ ਨੇ ਹਲੂਣਾ ਖਾਧਾ ਅਤੇ ਔਖੀ ਘੜੀ ਗੁਰੂ ਜੀ ਦਾ ਸਾਥ ਛੱਡਣ ਦਾ ਅਹਿਸਾਸ ਵੀ ਉਨ੍ਹਾਂ ਨੂੰ ਸਤਾਉਣ ਲੱਗਾ। ਸਿੱਟੇ ਵਜੋਂ, ਮਾਈ ਭਾਗੋ ਦੀ ਅਗਵਾਈ ਵਿਚ ਇਨ੍ਹਾਂ ਸਿੰਘਾਂ ਨੇ ਮਾਲਵੇ ਵੱਲ ਚਾਲੇ ਪਾ ਦਿੱਤੇ।

ਮੁਗਲ ਫੌਜਾਂ ਦੇ ਖਿਦਰਾਣਾ ਪਹੁੰਚਣ ਤੋਂ ਪਹਿਲਾਂ ਮਾਝੇ ਦੇ ਸਿੰਘਾਂ ਦਾ ਇਹ ਜਥਾ ਗੁਰੂ ਜੀ ਦੇ ਕੈਂਪ ਦੇ ਨੇੜੇ ਪਹੁੰਚ ਚੁੱਕਾ ਸੀ। ਮੁਗਲ ਫੌਜਾਂ ਦੀ ਟੱਕਰ ਸਭ ਤੋਂ ਪਹਿਲਾਂ ਇਸੇ ਜਥੇ ਨਾਲ ਹੋਈ। ਘਮਸਾਨ ਦਾ ਯੁੱਧ ਹੋਇਆ। ਉੱਚੀ ਟਿੱਬੀ ਦੇ ਮੋਰਚੇ ਤੋਂ ਗੁਰੂ ਜੀ ਖੁਦ ਤੀਰਾਂ ਦੀ ਵਰਖਾ ਕਰ ਰਹੇ ਸਨ। ਗੁਰੂ ਜੀ ਦੇ ਸਿੰਘ ਮੈਦਾਨੇ-ਜੰਗ ਵਿਚ ਜੂਝ ਕੇ ਸ਼ਹੀਦੀਆਂ ਪਾ ਰਹੇ ਸਨ। ਗਰਮੀ ਦੇ ਦਿਨ ਸਨ ਅਤੇ ਪਾਣੀ ਦਾ ਕਬਜ਼ਾ ਸਿੰਘਾਂ ਪਾਸ ਸੀ। ਸਿੰਘ ਅਜਿਹੀ ਬਹਾਦਰੀ ਅਤੇ ਜੋਸ਼ ਨਾਲ ਲੜੇ ਕਿ ਦੁਸ਼ਮਣ ਫੌਜਾਂ ਵਿਚ ਖਲਬਲੀ ਮੱਚ ਗਈ। ਦੁਸ਼ਮਣ ਹਾਰ ਖਾ ਕੇ ਭੱਜ ਉਠੇ ਅਤੇ ਖਾਲਸੇ ਨੇ ਮੈਦਾਨ ਫਤਹ ਕਰ ਲਿਆ। ਇਸ ਜੰਗ ਵਿਚ 'ਬੇਦਾਵਾ' ਦੇ ਗਏ ੪੦ ਸਿੰਘਾਂ ਸਮੇਤ ਬਹੁਤ ਸਾਰੇ ਸਿੰਘ ਬੜੀ ਬਹਾਦਰੀ ਨਾਲ ਜੂਝਦੇ ਹੋਏ ਸ਼ਹੀਦੀ ਪ੍ਰਾਪਤ ਕਰ ਗਏ ਸਨ।

ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮੈਦਾਨੇ-ਜੰਗ ਵਿਚ ਪਈਆਂ ਸਿੰਘਾਂ ਦੀਆਂ ਪਵਿੱਤਰ ਦੇਹਾਂ ਨੂੰ ਪਿਆਰ ਨਾਲ ਨਿਹਾਰਿਆ ਅਤੇ ਹਰ ਇਕ ਸਿੰਘ ਨੂੰ ਛਾਤੀ ਨਾਲ ਲਾ ਕੇ ਬਖਸ਼ਸ਼ਾਂ ਕੀਤੀਆਂ। ਜਦ ਗੁਰੂ ਜੀ ਭਾਈ ਮਹਾਂ ਸਿੰਘ ਜੀ ਪਾਸ ਪਹੁੰਚੇ ਤਾਂ ਉਹ ਸਹਿਕ ਰਹੇ ਸਨ। ਗੁਰਦੇਵ ਨੇ ਸੂਰਮੇ ਸਿੰਘ ਦਾ ਸੀਸ ਗੋਦ ਵਿਚ ਲੈ ਕੇ ਮੁਖੜਾ ਸਾਫ ਕੀਤਾ ਅਤੇ ਫ਼ੁਰਮਾਇਆ, "ਮਹਾਂ ਸਿੰਘ! ਤੁਸਾਂ ਸਿੱਖੀ ਦੀ ਲਾਜ ਰੱਖ ਲਈ ਹੈ।... ਜੋ ਚਾਹੋ ਮੰਗ ਲਓ।" ਭਾਈ ਮਹਾਂ ਸਿੰਘ ਗਿੜਗੜਾ ਕੇ ਬੋਲੇ, " ਗੁਰਦੇਵ! ਆਪ ਦੇ ਦਰਸ਼ਨਾਂ ਦੀ ਸਿੱਕ ਸੀ, ਪੂਰੀ ਹੋ ਗਈ ਹੈ। ਹੁਣ ਤਰੁੱਠੇ ਹੋ ਤਾਂ ਸਾਡੀ ਟੁੱਟੀ ਗੰਢ ਲਓ। ਕਾਗਜ਼ ਦਾ ਉਹ ਟੁਕੜਾ (ਬੇਦਾਵਾ) ਫਾੜ ਦਿਓ.......।" ਗੁਰੂ ਜੀ ਨੇ ਕਾਗਜ਼ ਕੱਢਿਆ ਅਤੇ ਭਾਈ ਮਹਾਂ ਸਿੰਘ ਦੇ ਸਾਹਮਣੇ ਟੁਕੜੇ-ਟੁਕੜੇ ਕਰ ਦਿੱਤਾ। ਸ਼ੁਕਰਾਨਾ ਕਰਦੇ ਹੋਏ ਭਾਈ ਮਹਾਂ ਸਿੰਘ, ਦਸਮੇਸ਼ ਪਿਤਾ ਜੀ ਦੀ ਗੋਦ ਵਿਚ ਹੀ ਸਵਾਸ ਤਿਆਗ ਗਏ। ਗੁਰੂ ਜੀ ਨੇ ਸਮੂੰਹ ਸ਼ਹੀਦਾਂ ਦਾ ਸਸਕਾਰ ਆਪਣੇ ਹੱਥੀਂ ਕੀਤਾ ਅਤੇ ਉਨ੍ਹਾਂ ਨੂੰ ਮੁਕਤਿਆਂ ਦੀ ਉਪਾਧੀ ਬਖਸ਼ਸ਼ ਕੀਤੀ। ਇਸ ਤਰ੍ਹਾਂ ਸ਼ਹੀਦਾਂ ਦੀ ਇਹ ਪਾਵਨ-ਧਰਤੀ 'ਖਿਦਰਾਣੇ ਦੀ ਢਾਬ' ਤੋਂ ਮੁਕਤਸਰ ਦੇ ਨਾਂ ਨਾਲ ਜਾਣੀ ਜਾਣ ਲੱਗ ਪਈ।

ਮੁਕਤਸਰ ਸਾਹਿਬ ਦੀ ਇਹ ਪਾਵਨ ਧਰਤੀ ਗੁਰ-ਉਪਦੇਸ਼ਾਂ ਨੂੰ ਪਿੱਠ (ਬੇਦਾਵਾ) ਦੇਣ ਵਾਲੀ ਕੁਬਿਰਤੀ ਨੂੰ ਛੱਡਣ ਅਤੇ ਗੁਰ-ਉਪਦੇਸ਼ਾਂ ਨੂੰ ਸੱਚੀ-ਸੁੱਚੀ ਭਾਵਨਾ ਸਹਿਤ ਆਪਣੇ ਹਿਰਦਿਆਂ ਵਿਚ ਵਸਾਉਣ ਦਾ ਸੰਦੇਸ਼ ਦਿੰਦੀ ਹੈ। ਗੁਰੂ-ਉਪਦੇਸ਼ਾਂ ਦੀ ਭਾਵਨਾ 'ਚ ਰਹਿੰਦਿਆਂ ਆਓ ਨਸ਼ਿਆਂ, ਭਰੂਣ ਹੱਤਿਆ, ਭ੍ਰਿਸ਼ਟਾਚਾਰ, ਸ਼ਖ਼ਸੀ-ਪੂਜਾ, ਕਰਮਕਾਂਡ, ਵਹਿਮ-ਭਰਮ, ਨਫਰਤ, ਵੈਰ-ਵਿਰੋਧ ਵਰਗੀਆਂ ਬੁਰਾਈਆਂ-ਕੁਰੀਤੀਆਂ ਦਾ ਤਿਆਗ ਕਰੀਏ ਅਤੇ ਗੁਰੂ ਤੋਂ ਬੇਮੁੱਖ ਹੋ ਕੇ ਬੇਦਾਵੀਏ ਨਾ ਬਣੀਏ। ਲੋੜ ਇਸ ਗੱਲ ਦੀ ਹੈ ਕਿ ਅਸੀਂ ਇਨ੍ਹਾਂ ਕੁਰੀਤੀਆਂ ਤੋਂ 'ਮੁਕਤ' ਹੁੰਦਿਆਂ ਸੱਚ, ਸੰਤੋਖ, ਦਇਆ, ਖਿਮਾ, ਪ੍ਰੇਮ ਵਰਗੇ ਨਿਰਮਲ ਗੁਣਾਂ ਦੇ ਧਾਰਨੀ ਹੋ ਕੇ ਗੁਰੂ ਨਾਲ 'ਟੁੱਟੀ ਗੰਢਣ' ਦੀ ਕੋਸ਼ਿਸ਼ ਕਰੀਏ।

■

# ਮੁਕਤਸਰ ਸਾਹਿਬ ਦੀ ਜੰਗ ਦਾ ਲਾਸਾਨੀ ਇਤਿਹਾਸ

*-ਭਾਈ ਗੋਬਿੰਦ ਸਿੰਘ ਲੌਂਗੋਵਾਲ**

ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਿੰਨੀਆਂ ਵੀ ਜੰਗਾਂ ਲੜੀਆਂ ਉਹ ਧਰਮ, ਸੱਚ ਤੇ ਹੱਕ ਦੀ ਖਾਤਰ ਸੰਘਰਸ਼ ਵਜੋਂ ਸਨ। ਸ੍ਰੀ ਮੁਕਤਸਰ ਸਾਹਿਬ ਦੇ ਅਸਥਾਨ 'ਤੇ ਗੁਰੂ ਸਾਹਿਬ ਨੇ ਮੁਗਲ ਸਾਮਰਾਜ ਨਾਲ ਆਖਰੀ ਤੇ ਫੈਸਲਾਕੁੰਨ ਯੁੱਧ ਕਰਕੇ ਭਾਰਤ ਭਰ ਵਿੱਚੋ ਜ਼ੁਲਮੀ ਮੁਗਲ ਰਾਜ ਦੀਆਂ ਜੜ੍ਹਾਂ ਪੁੱਟ ਦਿਤੀਆਂ। ਇਸ ਜੰਗ ਸਮੇਂ ਹੋਏ ਸ਼ਹੀਦਾਂ ਦੀ ਯਾਦ ਵਿਚ ਹਰ ਸਾਲ ਮਾਘੀ ਦੇ ਦਿਹਾੜੇ ਮੌਕੇ ਸੰਗਤਾਂ ਵੱਡੀ ਗਿਣਤੀ ਵਿਚ ਸ੍ਰੀ ਮੁਕਤਸਰ ਸਾਹਿਬ ਵਿਖੇ ਪੁੱਜਦੀਆਂ ਹਨ ਅਤੇ ਗੁਰੂ-ਘਰ ਨਤਮਸਤਕ ਹੋ ਕੇ ਆਪਣੇ ਮਹਾਨ ਸ਼ਹੀਦਾਂ ਨੂੰ ਸ਼ਰਧਾ ਤੇ ਸਤਿਕਾਰ ਭੇਟ ਕਰਦੀਆਂ ਹਨ।

ਇਤਿਹਾਸ ਅਨੁਸਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸ੍ਰੀ ਅਨੰਦਪੁਰ ਸਾਹਿਬ ਛੱਡਣ ਤੋਂ ਬਾਅਦ ਚਮਕੌਰ ਸਾਹਿਬ ਤੋਂ ਮਾਛੀਵਾੜੇ, ਆਲਮਗੀਰ, ਦੀਨਾ, ਕਾਂਗੜ ਤੋਂ ਹੁੰਦੇ ਹੋਏ ਕੋਟ ਕਪੂਰੇ ਪੁੱਜੇ। ਉੱਧਰ ਮੁਗਲ ਸੈਨਾ ਵੀ ਗੁਰੂ ਜੀ ਦਾ ਪਿੱਛਾ ਕਰ ਰਹੀ ਸੀ। ਇਥੋਂ ਗੁਰੂ ਜੀ ਖਿਦਰਾਣੇ ਦੀ ਢਾਬ ਪੁੱਜੇ। ਦੂਸਰੇ ਪਾਸੇ ਮਾਈ ਭਾਗ ਕੌਰ ਦੀ ਅਗਵਾਈ ਹੇਠ ੪੦ ਸਿੰਘਾਂ ਦਾ ਜਥਾ ਗੁਰੂ ਜੀ ਦੀ ਭਾਲ ਵਿਚ ਖਿਦਰਾਣੇ ਦੀ ਢਾਬ ਤੇ ਪੁੱਜਿਆ। ਇਹ ਉਹ ਸਿੰਘ ਸਨ ਜੋ ਸ੍ਰੀ ਅਨੰਦਪੁਰ ਸਾਹਿਬ ਵਿਖੇ ਗੁਰੂ ਜੀ ਨੂੰ ਬੇਦਾਵਾ ਲਿਖ ਕੇ ਦੇ ਗਏ ਸਨ। ਉਹਨਾਂ ਨੂੰ ਖਬਰ ਮਿਲੀ ਸੀ ਕਿ ਮੁਗਲ ਸੈਨਾ ਗੁਰੂ ਜੀ ਤੇ ਹਮਲਾ ਕਰਨ ਲਈ ਰਾਮੇਆਣੇ ਵੱਲੋਂ ਆ ਰਹੀ ਹੈ। ਗੁਰੂ ਜੀ ਨੇ ਆਪਣਾ ਦਰਬਾਰ ਟਿੱਬੇ 'ਤੇ ਲਗਾਇਆ ਹੋਇਆ ਸੀ। ਯੁੱਧ ਅੰਮ੍ਰਿਤ ਵੇਲੇ ਸ਼ੁਰੂ ਹੋਇਆ। ੪੦ ਸਿੰਘਾਂ ਨੇ ਅਜਿਹੀ ਰਣਨੀਤੀ ਅਪਣਾਈ ਕਿ ਇਕ ਇਕ ਸਿੰਘ ਹੀ ਟਾਕਰੇ ਤੇ ਅੱਗੇ ਜਾਵੇ। ਉਸ ਦੇ ਪਿਛੇ ਪੰਜ ਹੋਰ, ਉਸ ਦੀ ਸਹਾਇਤਾ ਲਈ ਨਿਕਲਣ। ਗੁਰੂ ਜੀ ਸਾਰਾ ਯੁੱਧ ਦੇਖ ਰਹੇ ਸਨ। ਗੁਰੂ ਜੀ ਤੀਰਾਂ ਦੀ ਬਾਛੜ ਕਰਦੇ ਤਾਂ ਕਿ ਦੁਸ਼ਮਣਾਂ ਨੂੰ ਭਾਜੜ ਪਈ ਰਹੇ। ਸਿੱਖਾਂ ਦੇ ਹੁਣ ਪਾਣੀ ਤੇ ਕਬਜਾ ਹੋਣ ਕਰਕੇ ਦੁਸ਼ਮਣਾ ਦਾ ਟਿਕਾਣਾ ਅਸੰਭਵ ਸੀ। ਜਦੋਂ ਰਾਇ ਸਿੰਘ ਦੇ ਸਮੂਹ ਸਿੰਘ ਸ਼ਹੀਦ ਹੋ ਗਏ ਤਾਂ ਗੁਰੂ ਜੀ ਨੇ ਆਪਣੇ ਜਥੇ ਦੇ ਸਿੰਘ ਅੱਗੇ ਭੇਜੇ। ਗੁਰੂ ਜੀ ਟਿੱਬੀ ਵਾਲੀ ਥਾਂ ਤੋਂ ਹੇਠਾਂ ਆ ਗਏ। ਸਿੰਘਾਂ ਦੇ ਵਾਰ ਅੱਗੇ ਤੇ ਤ੍ਰੇਹ ਦੀ ਮਾਰ ਕਾਰਨ ਦੁਸ਼ਮਣ ਫੌਜਾਂ ਭੱਜ ਉਠੀਆਂ ਅਤੇ ਖਾਲਸੇ ਨੂੰ ਜਿੱਤ ਪ੍ਰਾਪਤ ਹੋਈ।

ਗੁਰੂ ਜੀ ਸਿੰਘਾਂ ਸਮੇਤ ਯੁੱਧ ਅਸਥਾਨ 'ਤੇ ਪਹੁੰਚੇ। ਉਨ੍ਹਾਂ ਨੇ ਦੇਖਿਆ ਕਿ ਉਹ ੪੦ ਸਿੰਘ ਜੋ ਅਨੰਦਪੁਰ ਵਿਖੇ ਉਨ੍ਹਾਂ ਨੂੰ ਬੇਦਾਵਾ ਦੇ ਕੇ ਚਲੇ ਗਏ ਸਨ ਉਹ ਵੀ ਸ਼ਹਾਦਤ ਪ੍ਰਾਪਤ ਕਰ ਚੁੱਕੇ ਹਨ। ਗੁਰੂ ਜੀ ਹਰ ਸਿੱਖ ਕੋਲ ਜਾਂਦੇ ਮੂੰਹ ਸਾਫ ਕਰਦੇ ਤੇ ਸੀਸ ਗੋਦ ਵਿਚ ਰੱਖ ਕੇ ਪਿਆਰ ਕਰਦੇ ਤੇ ਕਾਰਨਾਮੇ ਸੁਣ ਕੇ ਬਖਸ਼ਿਸ਼ਾਂ ਕਰਦੇ ਕਿ ਇਹ ਮੇਰਾ ਸਿੱਖ ਪੰਜ ਹਜ਼ਾਰੀ ਹੈ, ਇਹ ਦਸ ਹਜ਼ਾਰੀ ਤੇ ਇਹ ਤੀਹ ਹਜ਼ਾਰੀ। ਜਿਤਨੇ ਕਦਮ ਮੋਰਚੇ ਤੋਂ ਅੱਗੇ ਵੱਧ ਕੇ ਸ਼ਹੀਦੀ ਪਾਈ ਉਤਨਾ ਹੀ ਮਨਸਬ ਬਖਸ਼ਦੇ। ਅਖੀਰ ਭਾਈ ਰਾਇ ਸਿੰਘ ਦੇ ਪੁੱਤਰ ਭਾਈ ਮਹਾਂ ਸਿੰਘ ਪਾਸ ਪਹੁੰਚੇ। ਭਾਈ ਮਹਾਂ ਸਿੰਘ ਦਾ ਮੁਖੜਾ ਸਾਫ ਕਰਕੇ ਸੀਸ ਗੋਦ ਵਿਚ ਰਖਿਆ ਤੇ ਮੂੰਹ ਵਿਚ ਪਾਣੀ ਪਾ ਕੇ ਛਾਤੀ ਨਾਲ ਲਾ ਕੇ ਆਖਣ ਲੱਗੇ ਭਾਈ ਮਹਾਂ ਸਿੰਘ ਤੁਸੀਂ ਸਿੱਖੀ ਦੀ ਲਾਜ ਰੱਖ ਲਈ ਹੈ ਤੇ ਆਪਣੀਆਂ ਸ਼ਹਾਦਤਾਂ ਦੇ ਕੇ ਦੁਸ਼ਮਣਾ ਦੇ ਦੰਦ ਖੱਟੇ ਕੀਤੇ ਹਨ ਜੋ ਚਾਹੇ ਮੰਗ ਲਉ। ਮਹਾਂ ਸਿੰਘ ਨੇ ਕਿਹਾ ਦਸਮੇਸ਼ ਪਿਤਾ ਜੀ ਕੋਈ ਮੰਗ ਨਹੀਂ ਦਰਸ਼ਨਾਂ ਦੀ ਸਿੱਕ ਸੀ ਹੋ

**ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ।*

ਗਏ, ਕਿਸੇ ਵਸਤੂ ਦੀ ਲੋੜ ਨਹੀਂ। ਨਹੀਂ ਪਿਆਰੇ-ਮਹਾਂ ਸਿੰਘ ਜੀ ਕੁਝ ਹੋਰ ਮੰਗ। ਭਾਈ ਮਹਾਂ ਸਿੰਘ ਨੇ ਕਿਹਾ ਪਾਤਸ਼ਾਹ ਜੇ ਤੁਠੇ ਹੋ ਤਾਂ ਉਹ ਕਾਗਜ ਦਾ ਟੁਕੜਾ (ਬੇਦਾਵਾ) ਪਾੜ ਦਿਉ। ਗੁਰੂ ਜੀ ਨੇ ਉਹ ਕਾਗਜ਼ ਦਾ ਟੁਕੜਾ ਜੇਬ ਵਿਚੋਂ ਕੱਢਿਆਂ ਤੇ ਫਾੜ ਦਿਤਾ। ਇਸ ਤੋਂ ਬਾਅਦ ਭਾਈ ਮਹਾਂ ਸਿੰਘ ਨੇ ਵੀ ਪ੍ਰਾਣ ਤਿਆਗ ਦਿੱਤੇ। ਗੁਰੂ ਜੀ ਨੇ ਇਨ੍ਹਾਂ ੪੦ ਸਿੰਘਾਂ ਦਾ ਆਪਣੇ ਹੱਥੀ ਸੰਸਕਾਰ ਕੀਤਾ ਤੇ ਮੁਕਤਿਆਂ ਦੀ ਉਪਾਧੀ ਬਖਸ਼ਿਸ਼ ਕੀਤੀ ਤੇ ਇਸ ਧਰਤੀ ਨੂੰ ਮੁਕਤੀ ਦਾ ਵਰ ਦਿੱਤਾ। ਇਨ੍ਹਾਂ ਅਮਰ ਸ਼ਹੀਦਾਂ ਦੀ ਅਦੁੱਤੀ ਕੁਰਬਾਨੀ ਸਦਕਾਂ ਇਸ ਥਾਂ ਨੂੰ 'ਖਿਦਰਾਣੇ ਤੋਂ ਮੁਕਤਸਰ' ਦਾ ਖਿਤਾਬ ਬਖਸ਼ਿਆ।

ਵਰਤਮਾਨ ਸਮੇਂ ਵਿਚ ਸਾਨੂੰ ਸ੍ਰੀ ਮੁਕਤਸਰ ਸਾਹਿਬ ਦੇ ਸ਼ਹੀਦਾਂ ਤੋਂ ਪ੍ਰੇਰਨਾ ਲੈਣ ਦੀ ਵੱਡੀ ਲੋੜ ਹੈ। ਹੱਕ-ਸੱਚ ਲਈ ਅਤੇ ਜੁਲਮ ਦੇ ਖਿਲਾਫ ਸੰਘਰਸ਼ਸ਼ੀਲ ਰਹਿਣਾ ਇਹ ਜੰਗ ਦਾ ਸੁਨੇਹਾ ਹੈ। ਇਹ ਸਾਡਾ ਵਿਰਸਾ ਹੈ, ਜਿਸ ਨੇ ਸਾਨੂੰ ਅਗਵਾਈ ਦੇਣੀ ਹੈ। ਧਰਮ ਦੀਆਂ ਉਚੀਆਂ-ਸੁਚੀਆਂ ਕਦਰਾਂ ਕੀਮਤਾਂ, ਨੈਤਿਕ ਗੁਣਾ, ਗੁਰਮਤਿ ਰਹਿਣੀ, ਇਤਿਹਾਸ ਦੇ ਸ਼ਾਨਾਮਤੇ ਵਰਕੇ ਅਤੇ ਜੀਵਨ ਪ੍ਰਤੀ ਅੰਮ੍ਰਿਤਮਈ ਫਲਸਫਾ ਨੌਜਵਾਨਾਂ ਅਤੇ ਬੱਚਿਆਂ ਨੂੰ ਸਹੀ ਦਿਸ਼ਾ ਦੇ ਸਕਦਾ ਹੈ। ਸਾਡੇ ਮਹਾਨ ਸ਼ਹੀਦ ਇਕ ਜੀਵਨ ਫਲਸਫਾ ਹਨ, ਨੌਜਵਾਨੀ ਅਤੇ ਬੱਚਿਆਂ ਲਈ ਅਗਵਾਈ ਹਨ, ਹੱਕ-ਸੱਚ ਦੇ ਗਵਾਹ ਹਨ, ਦ੍ਰਿੜਤਾ ਅਤੇ ਸੂਰਮਤਾਈ ਦੀ ਮੂਰਤ ਹਨ, ਚੜਦੀ ਕਲਾ ਦੇ ਪ੍ਰਗਟਾਵੇ ਦਾ ਜਲੌਅ ਹਨ। ਇਸੇ ਲਈ ਉਨ੍ਹਾਂ ਦਾ ਜੀਵਨ ਸੁਚੱਜੇ ਆਚਰਨ ਲਈ ਆਦਰਸ਼ ਹੈ। ਅੱਜ ਇਹ ਵੱਡੀ ਜਰੂਰਤ ਹੈ ਕਿ ਅਸੀਂ ਆਪਣਾ ਸਵੈ ਮੰਥਨ ਕਰੀਏ ਅਤੇ ਕੌਮ ਦੇ ਭਵਿੱਖ ਭਾਵ ਅਗਲੀ ਪੀੜ੍ਹੀ ਨੂੰ ਆਪਣੀ ਵਿਰਾਸਤ ਅਤੇ ਇਤਿਹਾਸ ਨਾਲ ਜੋੜਨ ਲਈ ਉਪਰਾਲੇ ਕਰੀਏ। ਸੋ ਆਓ, ਆਪਣੇ ਮਹਾਨ ਸ਼ਹੀਦਾਂ ਦੀ ਦੇਣ ਨੂੰ ਯਾਦ ਕਰਦਿਆਂ ਬਾਣੀ ਅਤੇ ਬਾਣੇ ਦੇ ਧਾਰਨੀ ਬਣੀਏ ਅਤੇ ਹੱਕ, ਸੱਚ ਦੀ ਪਹਿਰੇਦਾਰੀ ਲਈ ਅੱਗੇ ਆਈਏ।

■

## ਗੁਰਪੁਰਬਾਂ ਸਮੇਂ ਸਜਾਏ ਜਾਂਦੇ ਜਲੌ

ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਗੁਰਦੁਆਰਾ ਬਾਬਾ ਅਟੱਲ ਰਾਏ ਸਾਹਿਬ ਵਿਖੇ ਹੇਠ ਲਿਖੇ ਗੁਰਪੁਰਬਾਂ 'ਤੇ ਜਲੌ ਸਜਾਏ ਜਾਂਦੇ ਹਨ, ਦੀਪਮਾਲਾ ਤੇ ਆਤਿਸ਼ਬਾਜ਼ੀ ਕੀਤੀ ਜਾਂਦੀ ਹੈ:

* ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਨਾਨਕ ਦੇਵ ਜੀ
* ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਰਾਮਦਾਸ ਜੀ
* ਗੁਰਗੱਦੀ ਦਿਵਸ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ
* ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ
* ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ
* ਪਹਿਲਾ ਪ੍ਰਕਾਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

***ਜਲੌ ਦਾ ਸਮਾਂ: ਸਵੇਰੇ ੯ ਤੋਂ ੧੨ ਵਜੇ ਦੁਪਹਿਰ ਤੀਕ।***

# ਸਿਮਰੌ ਸ੍ਰੀ ਹਰਿਰਾਇ

*-ਡਾ. ਰੂਪ ਸਿੰਘ**

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪੰਜ ਸਪੁੱਤਰ ਸਨ - ਬਾਬਾ ਅਟੱਲ ਰਾਇ, ਬਾਬਾ ਅਣੀ ਰਾਇ, ਬਾਬਾ ਗੁਰਦਿੱਤਾ, ਬਾਬਾ ਸੂਰਜ ਮੱਲ ਅਤੇ (ਗੁਰੂ) ਤੇਗ਼ ਬਹਾਦਰ ਜੀ। ਬਾਬਾ ਗੁਰਦਿੱਤਾ ਜੀ ਦੇ ਦੋ ਸਪੁੱਤਰ ਸਨ - ਬਾਬਾ ਧੀਰਮੱਲ ਅਤੇ (ਗੁਰੂ) ਹਰਿਰਾਇ ਜੀ। ਸਾਹਿਬ ਸ੍ਰੀ (ਗੁਰੂ) ਹਰਿਰਾਇ ਸਾਹਿਬ ਦਾ ਪ੍ਰਕਾਸ਼ ੨੦ ਮਾਘ ਸੰਮਤ ੧੬੮੬ (੩੦ ਜਨਵਰੀ, ੧੬੩੦ ਈ:) ਨੂੰ ਕੀਰਤਪੁਰ ਸਾਹਿਬ ਵਿਖੇ ਬਾਬਾ ਗੁਰਦਿੱਤਾ ਦੇ ਘਰ ਮਾਤਾ ਨਿਹਾਲ ਕੌਰ ਦੇ ਉਦਰ ਤੋਂ ਹੋਇਆ। ਕੀਰਤਪੁਰ ਸਾਹਿਬ ਬਾਬਾ ਗੁਰਦਿੱਤਾ ਨੇ ਗੁਰੂ ਪਿਤਾ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਆਦੇਸ਼ ਅਨੁਸਾਰ ਵਸਾਇਆ ਸੀ। ਇਸ ਅਸਥਾਨ 'ਤੇ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਸਾਈਂ ਬੁੱਢਣ ਸ਼ਾਹ ਨੂੰ ਮਿਲੇ ਸਨ।

(ਗੁਰੂ) ਹਰਿਰਾਇ ਸਾਹਿਬ ਬਚਪਨ ਤੋਂ ਹੀ ਕੁਦਰਤ ਪ੍ਰੇਮੀ, ਸ਼ਾਂਤ ਸੁਭਾਅ, ਦਇਆ, ਕੋਮਲਤਾ ਆਦਿ ਸਦਗੁਣਾਂ ਦੇ ਧਾਰਨੀ ਸਨ। ਖਾਣ-ਪੀਣ, ਬੋਲਣ ਸਬੰਧੀ ਬਹੁਤ ਹੀ ਸੰਜਮੀ ਸਨ। ਆਪ ਦਾ ਬਚਪਨ ਗੁਰੂ ਪਿਤਾ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਹਜ਼ੂਰੀ ਵਿਚ ਬੀਤਿਆ। ਅਰੰਭਕ ਅਧਿਆਤਮਿਕ ਤੇ ਸੰਸਾਰਿਕ, ਸਰੀਰਿਕ ਸਿੱਖਿਆ ਅਤੇ ਸ਼ਸਤਰ ਵਿੱਦਿਆ ਵੀ ਆਪ ਨੇ ਗੁਰੂ ਪਿਤਾ ਦੀ ਦੇਖ-ਰੇਖ ਅਤੇ ਸੁਚੱਜੀ ਅਗਵਾਈ ਵਿਚ ਪ੍ਰਾਪਤ ਕੀਤੀ। ਆਪ ਜੀ ਸੁਭਾਅ ਦੇ ਨਰਮ, ਸਰੀਰ ਦੇ ਤਕੜੇ ਅਤੇ ਅਧਿਆਤਮਿਕ ਪੱਖੋਂ ਬਹੁਤ ਬਲਵਾਨ ਤੇ ਵਿਰਸੇ ਤੋਂ ਅਮੀਰ ਸਨ। ਆਪ ਜੀ ਦਾ ਵਿਆਹ ਸ੍ਰੀ ਦਇਆ ਰਾਮ ਦੀ ਸਪੁੱਤਰੀ ਬੀਬੀ ਕ੍ਰਿਸ਼ਨ ਕੌਰ ਨਾਲ ੧੬੪੦ ਈ: ਵਿਚ ਅਨੂਪ ਸ਼ਹਿਰ (ਯੂ.ਪੀ.) ਵਿਖੇ ਹੋਇਆ। ਆਪ ਦੇ ਦੋ ਸਪੁੱਤਰ ਸਨ - ਬਾਬਾ ਰਾਮਰਾਇ ਤੇ ਸ੍ਰੀ (ਗੁਰੂ) ਹਰਿਕ੍ਰਿਸ਼ਨ ਜੀ।

ਜਿਵੇਂ ਕਿ ਉੱਪਰ ਦੱਸਿਆ ਗਿਆ ਹੈ ਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪੰਜ ਸਪੁੱਤਰ ਸਨ, ਜਿਨ੍ਹਾਂ 'ਚੋਂ ਬਾਬਾ ਅਟੱਲ ਰਾਇ, ਬਾਬਾ ਅਣੀ ਰਾਇ ਅਤੇ ਬਾਬਾ ਗੁਰਦਿੱਤਾ ਜੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਜੀਵਨ-ਕਾਲ ਵਿਚ ਹੀ ਪ੍ਰਲੋਕ ਸਿਧਾਰ ਗਏ। ਬਾਬਾ ਸੂਰਜਮੱਲ ਨਿਰੋਲ ਸੰਸਾਰਿਕ ਬਿਰਤੀ ਅਤੇ (ਗੁਰੂ) ਤੇਗ ਬਹਾਦਰ ਜੀ ਬੀਰਤਾ, ਤਿਆਗ ਤੇ ਅਧਿਆਤਮਿਕ ਬਿਰਤੀ ਦੇ ਮਾਲਕ ਸਨ। ਬਾਬਾ ਗੁਰਦਿੱਤਾ ਦੇ ਵੱਡੇ ਸਪੁੱਤਰ ਬਾਬਾ ਧੀਰਮੱਲ ਵੀ ਗੁਰੂ-ਘਰ ਪ੍ਰਤੀ ਵਫ਼ਾਦਾਰ ਸਾਬਤ ਨਾ ਹੋਏ, ਕੇਵਲ (ਗੁਰੂ) ਹਰਿਰਾਇ ਸਾਹਿਬ ਜੀ ਹੀ ਗੁਰਗੱਦੀ ਦੇ ਯੋਗ ਵਾਰਿਸ ਸਾਬਤ ਹੋਏ।

ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ੩ ਮਾਰਚ, ੧੬੪੪ ਈ: ਨੂੰ ਕੀਰਤਪੁਰ ਸਾਹਿਬ ਵਿਖੇ ਜੋਤੀ ਜੋਤਿ ਸਮਾ ਗਏ। ੮ ਮਾਰਚ, ੧੬੪੪ ਈ: ਨੂੰ ਗੁਰਿਆਈ ਦੀ ਰਸਮ ਅਦਾ ਕੀਤੀ ਗਈ। ਬਾਬਾ ਬੁੱਢਾ ਜੀ ਦੇ ਸਪੁੱਤਰ ਭਾਈ ਭਾਨਾ ਜੀ (ਜੋ ਉਸ ਸਮੇਂ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੇ ਗ੍ਰੰਥੀ ਸਨ) ਨੇ (ਗੁਰੂ) ਹਰਿਰਾਇ ਸਾਹਿਬ ਜੀ ਨੂੰ ਗੁਰਿਆਈ ਦਾ ਤਿਲਕ ਲਗਾਇਆ। ਉਸ ਸਮੇਂ ਗੁਰੂ ਹਰਿਰਾਇ ਸਾਹਿਬ ਜੀ ਦੀ ਉਮਰ ੧੪ ਸਾਲ ਦੀ ਸੀ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਅੰਤਿਮ ਆਦੇਸ਼ ਅਨੁਸਾਰ ਆਪ ਜੀ ਨੇ ਆਪਣੇ ਨਾਲ ਹਮੇਸ਼ਾ ੨੨੦੦ ਘੋੜਸਵਾਰ ਰੱਖੇ ਪਰ ਸਮੁੱਚਾ ਜੀਵਨ ਅਮਨ ਸ਼ਾਂਤੀ ਨਾਲ ਗੁਜ਼ਾਰਿਆ। ਗੁਰੂ ਹਰਿਰਾਇ ਸਾਹਿਬ ਨੇ ਸ਼ਿਕਾਰ ਖੇਡਣ ਦੀ ਜੰਗਜੂ ਪ੍ਰਵਿਰਤੀ ਨੂੰ ਜਾਰੀ ਰੱਖਿਆ। ਗੁਰੂ ਹਰਿਰਾਇ ਜੀ ਨੇ ਗੁਰੂ ਪਿਤਾ ਦੇ ਉਪਦੇਸ਼ ਨੂੰ ਜੀਵਨ ਭਰ ਨਿਭਾਇਆ। ਕੇਵਲ ਇਕ ਫੁੱਲ ਦੇ ਟੁੱਟਣ ਨਾਲ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਕਿਹਾ ਸੀ 'ਦਾਮਨ ਸੰਕੋਚ ਚੱਲੋ'। ਗੁਰੂ ਜੀ ਨੇ ਸਾਰਾ ਜੀਵਨ ਸਹਿਜ, ਸੰਜਮ ਤੇ ਸ਼ੀਤਲਤਾ ਨਾਲ ਗੁਜ਼ਾਰਿਆ। ਗੁਰੂ ਹਰਿਰਾਇ ਸਾਹਿਬ ਦੇ ਸਮੇਂ ਸਿੱਖ ਧਰਮ ਨੇ ਚੰਗੀ ਉੱਨਤੀ ਕੀਤੀ। ਗੁਰੂ ਜੀ ਨੇ ਸਿੱਖ ਧਰਮ ਦੇ ਪ੍ਰਚਾਰ-ਪ੍ਰਸਾਰ ਲਈ ਕਈ ਮਹੱਤਵਪੂਰਨ ਕਦਮ ਪੁੱਟੇ ਅਤੇ ਲੋਕ ਭਲਾਈ ਦੇ ਕੰਮ ਕੀਤੇ। ਗੁਰੂ ਸਾਹਿਬ ਨੇ ਉਪਦੇਸ਼ ਦ੍ਰਿੜ੍ਹ ਕਰਵਾਇਆ ਕਿ ਸਾਨੂੰ ਗੁਰਬਾਣੀ ਪੜ੍ਹਨੀ ਤੇ ਸੁਣਨੀ ਚਾਹੀਦੀ ਹੈ। ਗੁਰਬਾਣੀ ਪੜ੍ਹਨ-ਸੁਣਨ ਵਾਲੇ 'ਤੇ ਅਸਰ ਕਰਦੀ ਹੀ ਕਰਦੀ ਹੈ, ਜਿਵੇਂ ਘਿਓ ਵਾਲੇ ਭਾਂਡੇ 'ਚੋਂ ਥਿੰਦਿਆਈ ਟੁੱਟਣ 'ਤੇ ਵੀ ਨਹੀਂ ਜਾਂਦੀ, ਇਵੇਂ ਹੀ ਗੁਰਬਾਣੀ ਸਦੀਵੀ ਅਸਰ ਕਰਦੀ ਹੈ।

ਮਸੰਦਾਂ ਤੇ ਮੀਣਿਆਂ ਨੇ ਗੁਰੂ ਹਰਿਰਾਇ ਸਾਹਿਬ ਦਾ ਹਮੇਸ਼ਾ ਵਿਰੋਧ ਕੀਤਾ। ਗੁਰਤਾਗੱਦੀ 'ਤੇ ਬਿਰਾਜਮਾਨ

**ਮੁੱਖ ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ।*

ਹੋਣ ਤੋਂ ਕੁਝ ਸਮਾਂ ਬਾਅਦ ਔੜ ਨਾਲ ਭਾਰੀ ਕਾਲ ਪੈ ਗਿਆ, ਜਿਸ ਕਾਰਨ ਲੁਕਾਈ ਤਰਾਹ-ਤਰਾਹ ਕਰ ਉੱਠੀ। ਲੋਕ ਰੋਟੀ ਤੋਂ ਆਤੁਰ ਹੋ ਗਏ। ਪੇਟ ਦੀ ਭੁੱਖ ਨੇ ਲੋਕਾਂ ਨੂੰ ਦਰ-ਦਰ ਦੇ ਧੱਕੇ ਖਾਣ ਲਈ ਮਜਬੂਰ ਕਰ ਦਿੱਤਾ। ਗੁਰੂ ਸਾਹਿਬ ਜੀ ਨੇ ਗੁਰੂ-ਘਰ ਦੀ ਪ੍ਰੰਪਰਾ ਅਨੁਸਾਰ ਦੁਖੀਆਂ ਦੀ ਤਨ-ਮਨ-ਧਨ ਨਾਲ ਸੇਵਾ ਕੀਤੀ। ਇਥੋਂ ਤੱਕ ਕਿ ਪੰਜਾਬ ਤੋਂ ਬਾਹਰ ਵਸਦੇ ਗੁਰਸਿੱਖਾਂ, ਗੁਰੂ-ਘਰ ਦੇ ਪ੍ਰੀਤਵਾਨਾਂ ਨੂੰ ਵੀ ਪ੍ਰੇਰ ਕੇ ਦੁਖੀ ਮਾਨਵਤਾ ਦੀ ਸੇਵਾ ਕੀਤੀ ਤੇ ਕਰਵਾਈ। ਸਤਿਗੁਰੂ ਜੀ ਨੇ ਭੁੱਖਿਆਂ ਲਈ ਲੰਗਰ, ਬਿਮਾਰਾਂ ਲਈ ਸ਼ਫ਼ਾਖਾਨੇ ਖੋਲ੍ਹ ਦਿੱਤੇ। ਸਤਿਗੁਰੂ ਜੀ ਵੱਲੋਂ ਮਨੁੱਖ ਜਾਤੀ ਦੇ ਕਲਿਆਣਕਾਰੀ ਕਾਰਜਾਂ ਨੂੰ ਤੱਕ ਕੇ ਦਾਰਾ ਸ਼ਿਕੋਹ ਬਹੁਤ ਪ੍ਰਭਾਵਿਤ ਹੋਇਆ ਅਤੇ ਗੁਰੂ ਕੇ ਲੰਗਰ ਵਾਸਤੇ ਜਾਗੀਰ ਦੇਣੀ ਚਾਹੀ ਪਰ ਗੁਰੂ ਜੀ ਨੇ ਇਹ ਕਹਿ ਕੇ ਇਨਕਾਰ ਕਰ ਦਿੱਤਾ ਕਿ ਬਾਦਸ਼ਾਹੀ ਜਾਗੀਰ ਨਾਲ ਗੁਰੂ ਕੇ ਅਸੀਮਤ ਲੰਗਰ ਭੰਡਾਰਾਂ ਨੂੰ ਸੀਮਤ ਨਹੀਂ ਕਰਨਾ ਚਾਹੁੰਦੇ।

ਗੁਰੂ ਹਰਿਰਾਇ ਸਾਹਿਬ ਜੀ ਦੀ ਮਹਿਮਾ ਸੁਣ ਸ਼ਾਹਰੂਮੀ ਜਦ ਹਿੰਦੁਸਤਾਨ ਦੀ ਸੈਰ ਕਰਨ ਆਇਆ ਤਾਂ ਗੁਰੂ ਦਰਸ਼ਨਾਂ ਲਈ ਗੁਰੂ ਦਰਬਾਰ ਵਿਚ ਹਾਜ਼ਰ ਹੋਇਆ। ਗੁਰੂ ਦਰਬਾਰ ਵਿਚ ਹਮੇਸ਼ਾ ਵੱਡੇ-ਛੋਟੇ ਨਾਲ, ਬਿਨਾਂ ਕਿਸੇ ਜਾਤੀ ਜਾਂ ਖੇਤਰੀ ਵਿਤਕਰੇ ਦੇ, ਬਰਾਬਰ ਸਲੂਕ ਕੀਤਾ ਜਾਂਦਾ ਹੈ। ਗੁਰੂ-ਘਰ ਵਿਚ ਆਏ ਹਰ ਲੋੜਵੰਦ ਦੀ ਲੋੜ ਪੂਰੀ ਕੀਤੀ ਜਾਂਦੀ। ਬਿਮਾਰ ਆਵੇ ਤਾਂ ਦਵਾ-ਦਾਰੂ, ਭੁੱਖਾ-ਪਿਆਸਾ ਆਵੇ ਤਾਂ ਖਾਣ-ਪੀਣ ਲਈ ਪਦਾਰਥ, ਆਰਾਮ ਕਰਨ ਲਈ ਆਵੇ ਤਾਂ ਨਿਵਾਸ ਅਸਥਾਨ, ਮਾਨਸਿਕ ਤ੍ਰਿਪਤੀ ਲਈ ਆਵੇ ਤਾਂ ਨਾਮ ਦਾਰੂ ਅਤੇ ਸ਼ਰਨ ਆਉਣ ਵਾਲੇ ਨੂੰ ਸ਼ਰਨ ਦਿੱਤੀ ਜਾਂਦੀ।

ਗੁਰੂ ਜੀ ਨੇ ਕੀਰਤਪੁਰ ਦੀ ਧਰਤੀ 'ਤੇ ਇਲਾਜ ਵਾਸਤੇ ਵਰਤੀਆਂ ਜਾਂਦੀਆਂ ਜੜ੍ਹੀਆਂ ਬੂਟੀਆਂ ਦਾ ਬਾਗ ਲਗਵਾਇਆ ਤੇ ਇਕ ਖੋਜ ਕੇਂਦਰ ਸਥਾਪਿਤ ਕੀਤਾ। ਜੇਕਰ ਦਾਰਾ ਸ਼ਿਕੋਹ ਬਿਮਾਰ ਹੋਇਆ ਤਾਂ ਇਲਾਜ ਲਈ ਦਵਾਈਆਂ, ਜੜ੍ਹੀਆਂ-ਬੂਟੀਆਂ ਗੁਰੂ ਦਰਬਾਰ ਵੱਲੋਂ ਭੇਜੀਆਂ ਗਈਆਂ, ਜਿਸ ਨਾਲ ਉਸ ਦਾ ਅਸਾਧ ਰੋਗ ਠੀਕ ਹੋਇਆ। ਜੇਕਰ ਘਰੇਲੂ ਝਗੜੇ ਕਰਕੇ ਦਾਰਾ ਸ਼ਿਕੋਹ ਬਾਦਸ਼ਾਹ ਔਰੰਗਜ਼ੇਬ ਦੀ ਮਾਰ ਤੋਂ ਡਰਦਾ, ਗੁਰੂ ਦਰਬਾਰ ਵਿਚ ਪਹੁੰਚਾ ਤਾਂ ਉਸ ਨੂੰ ਦਰਿਆ ਬਿਆਸ ਪਾਰ ਕਰਵਾਇਆ ਗਿਆ।

ਬਾਦਸ਼ਾਹ ਸ਼ਾਹ ਜਹਾਨ ਦੇ ਆਖਰੀ ਦਿਨਾਂ ਵਿਚ ਪਰਿਵਾਰਕ ਫੁੱਟ ਚਰਮ ਸੀਮਾ 'ਤੇ ਪਹੁੰਚ ਚੁੱਕੀ ਸੀ। ਔਰੰਗਜ਼ੇਬ ਨੇ ਬਗ਼ਾਵਤ ਕਰਕੇ ਆਪਣੇ ਪਿਤਾ ਸ਼ਾਹ ਜਹਾਨ ਨੂੰ ਕੈਦ ਕਰ ਲਿਆ। ਦਾਰਾ ਸ਼ਿਕੋਹ ਵੀ ਔਰੰਗਜ਼ੇਬ ਦਾ ਮੁਕਾਬਲਾ ਨਾ ਕਰ ਸਕਿਆ ਅਤੇ ਜਾਨ ਬਚਾਉਣ ਲਈ ਦਿੱਲੀ ਤੋਂ ਦੌੜ ਗਿਆ। ਦਾਰਾ ਸ਼ਿਕੋਹ ਦਾ ਪਿੱਛਾ ਕਰਦਾ-ਕਰਦਾ ਬਾਦਸ਼ਾਹ ਔਰੰਗਜ਼ੇਬ ਵੀ ਲਾਹੌਰ ਪਹੁੰਚ ਗਿਆ ਪਰ ਦਾਰਾ ਸ਼ਿਕੋਹ ਉਥੋਂ ਵੀ ਅੱਗੇ ਦੌੜ ਗਿਆ। ਔਰੰਗਜ਼ੇਬ ਨੂੰ ਗੁਰੂ-ਘਰ ਦੇ ਵਿਰੋਧੀਆਂ ਨੇ ਸ਼ਿਕਾਇਤ ਕੀਤੀ ਕਿ ਗੁਰੂ ਹਰਿਰਾਇ ਸਾਹਿਬ ਜੀ ਨੇ ਦਾਰਾ ਸ਼ਿਕੋਹ ਦੀ ਮਦਦ ਕੀਤੀ ਹੈ, ਦੂਸਰਾ ਸਿੱਖਾਂ ਦੀ ਵਧ ਰਹੀ ਸ਼ਕਤੀ ਤੋਂ ਔਰੰਗਜ਼ੇਬ ਚਿੰਤਤ ਸੀ। ਇਸ ਲਈ ਬਾਦਸ਼ਾਹ ਨੇ ਗੁਰੂ ਹਰਿਰਾਇ ਸਾਹਿਬ ਜੀ ਨੂੰ ਦਿੱਲੀ ਆਉਣ ਦਾ ਸੱਦਾ ਭੇਜਿਆ। ਗੁਰੂ ਜੀ ਆਪ ਤਾਂ ਨਾ ਗਏ, ਆਪਣੀ ਥਾਵੇਂ ਆਪਣੇ ਵੱਡੇ ਸਪੁੱਤਰ ਬਾਬਾ ਰਾਮਰਾਇ ਨੂੰ ਭੇਜਿਆ। ਜਾਣ ਤੋਂ ਪਹਿਲਾਂ ਗੁਰੂ ਜੀ ਨੇ ਉਸ ਨੂੰ ਹਦਾਇਤ ਕੀਤੀ ਕਿ ਗੁਰੂ ਆਸਰੇ ਰਹਿਣਾ ਅਤੇ ਗੁਰੂ ਆਸ਼ੇ ਵਿਰੁੱਧ ਕੋਈ ਗੱਲਬਾਤ ਨਹੀਂ ਕਰਨੀ। ਬਾਬਾ ਰਾਮਰਾਇ ਬਹੁਤ ਹੀ ਵਿਦਵਾਨ ਤੇ ਹਾਜ਼ਰ ਜਵਾਬ ਸਨ। ਦਿੱਲੀ ਜਾ ਕੇ ਉਨ੍ਹਾਂ ਬਾਦਸ਼ਾਹ ਔਰੰਗਜ਼ੇਬ ਦੇ ਹਰ ਸਵਾਲ ਦਾ ਜਵਾਬ ਤਸੱਲੀਬਖ਼ਸ਼ ਦਿੱਤਾ। ਬਾਦਸ਼ਾਹ ਬਹੁਤ ਪ੍ਰਭਾਵਿਤ ਹੋਇਆ, ਪਰ ਜਦ ਔਰੰਗਜ਼ੇਬ ਨੇ ਬਾਬਾ ਰਾਮਰਾਇ ਤੋਂ ਗੁਰਬਾਣੀ ਦੀ ਪਾਵਨ ਪੰਗਤੀ 'ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ...' ਦੇ ਅਰਥ ਪੁੱਛੇ ਤਾਂ ਰਾਮਰਾਇ ਨੇ ਬਾਦਸ਼ਾਹ ਨੂੰ ਖੁਸ਼ ਕਰਨ ਲਈ ਕਿਹਾ ਕਿ ਸ਼ਬਦ 'ਮੁਸਲਮਾਨ' ਨਹੀਂ; 'ਬੇਈਮਾਨ' ਹੈ, ਪਰ ਕਾਤਿਬ ਦੀ ਗ਼ਲਤੀ ਨਾਲ ਮੁਸਲਮਾਨ ਲਿਖਿਆ ਗਿਆ। ਬਾਬਾ ਰਾਮਰਾਇ ਨੇ ਅਜਿਹਾ ਕਰਕੇ ਬਾਦਸ਼ਾਹ ਦੀ ਖੁਸ਼ੀ ਤਾਂ ਹਾਸਲ ਕਰ ਲਈ ਪਰ ਗੁਰੂ ਦਰਬਾਰ ਤੋਂ ਹਮੇਸ਼ਾ ਲਈ ਦੂਰ ਹੋ ਗਿਆ, ਕਿਉਂਕਿ ਜਦ ਗੁਰੂ ਹਰਿਰਾਇ ਸਾਹਿਬ ਜੀ ਨੂੰ ਇਸ ਵਾਰਤਾ ਦਾ ਪਤਾ ਲੱਗਾ ਤਾਂ ਉਨ੍ਹਾਂ ਕਹਿ ਭੇਜਿਆ ਕਿ 'ਤੁਸਾਂ ਸਾਡੇ ਮੱਥੇ ਨਹੀਂ ਲੱਗਣਾ, ਤੁਸਾਂ ਦੁਨਿਆਵੀ ਵਡਿਆਈ ਖਾਤਰ ਇਲਾਹੀ ਬਾਣੀ ਦਾ ਨਿਰਾਦਰ ਕੀਤਾ ਹੈ।'

ਆਪਣਾ ਅੰਤਿਮ ਸਮਾਂ ਨੇੜੇ ਆਇਆ ਜਾਣ ਕੇ ਗੁਰੂ ਜੀ ਨੇ ਗੁਰਿਆਈ ਆਪਣੇ ਛੋਟੇ ਸਾਹਿਬਜ਼ਾਦੇ ਸ੍ਰੀ (ਗੁਰੂ) ਹਰਿਕ੍ਰਿਸ਼ਨ ਸਾਹਿਬ ਜੀ ਨੂੰ ਸੌਂਪ ਦਿੱਤੀ। ਆਪ ਜੀ ੬ ਅਕਤੂਬਰ, ੧੬੬੧ ਈ: ਨੂੰ ਕੀਰਤਪੁਰ ਵਿਖੇ ਜੋਤੀ ਜੋਤਿ ਸਮਾ ਗਏ। ਹਰ ਗੁਰਸਿੱਖ ਸਦਵਾਉਣ ਵਾਲਾ ਸਵੇਰੇ-ਸ਼ਾਮ, ਹਰ ਦੀਵਾਨ ਸਮੇਂ ਅਰਦਾਸ ਦੇ ਇਹ ਬੋਲ ਪੜ੍ਹ-ਸੁਣ ਕੇ 'ਸਿਮਰੋ ਸ੍ਰੀ ਹਰਿਰਾਇ', ਗੁਰੂ ਜੀ ਨੂੰ ਸ਼ਰਧਾ-ਸਤਿਕਾਰ ਭੇਟ ਕਰਦਾ ਹੋਇਆ ਉਨ੍ਹਾਂ ਦੇ ਜੀਵਨ-ਦਰਸ਼ਨ ਤੋਂ ਸਿੱਖਿਆ ਪ੍ਰਾਪਤ ਕਰਦਾ ਹੈ। ■

# ਖਿਦਰਾਣਾ ਕਰਿ ਮੁਕਤਸਰ...
# ਖਿਦਰਾਣੇ ਦੀ ਢਾਬ ਤੋਂ ਸ੍ਰੀ ਮੁਕਤਸਰ ਸਾਹਿਬ

*-ਦਿਲਜੀਤ ਸਿੰਘ 'ਬੇਦੀ'**

ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਦ ਸਿੱਖ ਧਰਮ ਪ੍ਰਗਟ ਕੀਤਾ ਤਾਂ ਸਿੱਖੀ ਮਹਿਲ ਦੀ ਪਹਿਲੀ ਇੱਟ ਕੁਰਬਾਨੀ ਦੀ ਹੀ ਰੱਖੀ। ਧਰਮ ਪ੍ਰਤੀ ਕੁਰਬਾਨੀ, ਬਲੀਦਾਨ ਤੇ ਸ਼ਹਾਦਤ ਦਾ ਸੰਕਲਪ ਉਨ੍ਹਾਂ ਨੇ ਹੀ ਰੌਸ਼ਨ ਕੀਤਾ। ਸ਼ਹੀਦੀ ਦੇ ਇਤਿਹਾਸ ਵਿਚ ਸਿੱਖ ਕੌਮ ਦਾ ਸਥਾਨ ਬਹੁਤ ਉੱਚਾ ਤੇ ਮਹਾਨ ਹੈ। ਪੰਜਵੇਂ ਤੇ ਨੌਵੇਂ ਜਾਮੇ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਆਪ ਸ਼ਹੀਦੀਆਂ ਦੇ ਕੇ ਸ਼ਹੀਦੀ-ਪਰੰਪਰਾ ਦਾ ਆਰੰਭ ਕਰ ਦਿੱਤਾ। ਉਸ ਸਮੇਂ ਤੋਂ ਹੁਣ ਤੀਕ ਲੱਖਾਂ ਹੀ ਸਿੰਘ ਸੀਸ ਤਲੀ 'ਤੇ ਰੱਖ ਕੌਮੀ ਅਣਖ ਤੇ ਅਜ਼ਾਦੀ, ਇਨਸਾਫ, ਹੱਕ, ਸੱਚ ਦੇ ਧਰਮ ਲਈ ਜੂਝੇ ਤੇ ਸ਼ਹੀਦ ਹੋਏ ਹਨ। ਸ਼ਹਾਦਤ ਦਾ ਸਿਧਾਂਤ ਤੇ ਪਰੰਪਰਾ ਸਿੱਖ ਇਤਿਹਾਸ ਤੇ ਸਭਿਆਚਾਰ ਦੀ ਇਕ ਨਿਵੇਕਲੀ ਪਹਿਚਾਣ ਹੈ। 'ਸ਼ਹੀਦੀ' ਅਕਾਲ ਪੁਰਖ ਦੇ ਨੇੜੇ ਹੋਣ ਦਾ ਮੁਕਾਮ ਹੈ। 'ਸ਼ਹੀਦੀ' ਨਿਡਰਤਾ ਦੀ ਨਿਸ਼ਾਨੀ ਹੈ, ਇਹ ਖੁਦਦਾਰੀ ਦਾ ਇਜ਼ਹਾਰ ਹੈ। ਸ਼ਹੀਦ, ਸਬਰ ਤੇ ਸਿਦਕ ਦਾ ਮੁਜੱਸਮਾ ਹੈ। ਇਹ ਅਣਖ ਦਾ ਐਲਾਨਨਾਮਾ ਹੈ। 'ਸ਼ਹੀਦ' ਲਫਜ਼ ਦਾ ਅਧਾਰ ਸ਼ਾਹਦੀ, ਗਵਾਹੀ ਹੈ, ਭਾਵ ਮਕਸਦ, ਨਿਸ਼ਾਨੇ ਵਾਸਤੇ ਦ੍ਰਿੜ੍ਹਤਾ ਨਾਲ ਖੜ੍ਹੇ ਹੋ ਕੇ ਮਿਸਾਲ ਬਣਨਾ ਹੈ। ਜ਼ੁਅਰਤ ਤੇ ਗ਼ੈਰਤ ਵਾਲੇ ਲੋਕ ਹੀ ਆਪਣੇ ਅਸੂਲ 'ਤੇ ਪਹਿਰਾ ਦਿੰਦੇ ਹਨ:

ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥
ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥

(ਪੰਨਾ ੧੧੦੨)

ਸਿੱਖ ਕੌਮ ਦਲੇਰ ਯੋਧਿਆਂ, ਜੁਝਾਰੂਆਂ, ਮਰਜੀਵੜਿਆਂ, ਸ਼ਹੀਦਾਂ, ਮੁਰੀਦਾਂ, ਹਠੀਆਂ ਤੇ ਤਪੀਆਂ ਦੀ ਕੌਮ ਹੈ। ਸਿੱਖ ਧਰਮ 'ਚ ਸਿੱਖ ਦਾ ਦਾਖਲਾ ਹੀ ਸੀਸ ਭੇਟ ਨਾਲ ਹੋਇਆ। ਜਦੋਂ ਵੀ ਧਰਮ ਦੀ ਰੱਖਿਆ ਲਈ ਸਿੱਖ ਦੀ ਪਰਖ ਹੋਈ ਤਾਂ ਉਦੋਂ ਹੀ ਗੁਰੂ ਦੇ ਸਿੱਖ ਨੇ ਆਪਣਾ ਸਭ ਕੁਝ ਨਿਛਾਵਰ ਕਰਕੇ ਬਿਨਾਂ ਝਿਜਕ ਗੁਰੂ ਮੂਹਰੇ ਹੋ ਆਪਣਾ ਸਿਰ ਹਾਜ਼ਰ ਕੀਤਾ ਹੈ। ਇਤਿਹਾਸਕ ਹਵਾਲੇ ਦੱਸਦੇ ਹਨ ਕਿ ਇਕ ਦਿਨ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਸਿੱਖ, ਧਰਮ ਤੋਂ ਕੁਰਬਾਨ ਹੁੰਦੇ ਰਹੇ ਹਨ। ਜੰਗਾਂ-ਯੁੱਧਾਂ ਦਾ ਤਾਂ ਇਤਿਹਾਸ ਹੀ ਅਦੁੱਤੀ ਤੇ ਵੱਖਰਾ ਹੈ। ਇਸ ਜਜ਼ਬੇ ਭਰਪੂਰ ਕੌਮ ਨੇ ਕਦੀ ਹਾਰ ਨਹੀਂ ਮੰਨੀ। ਪਰਿਵਾਰਾਂ ਦੇ ਪਰਿਵਾਰ ਸ਼ਹੀਦ ਹੋਏ ਜਿਵੇਂ ਭਾਈ ਬੱਲੂ-ਭਾਈ ਮਨੀ ਸਿੰਘ, ਪਰਮਾਰ ਰਾਜਪੂਤ ਪਰਿਵਾਰ ਹੈ ਜਿਸ ਦੇ ੫੧ ਤੋਂ ਵੱਧ ਜੀਅ ਸ਼ਹੀਦ ਹੋਏ। ਭਾਈ ਸੁਖੀਆ ਮਾਂਡਨ ਰਾਠੌਰ-ਰਾਜਪੂਤ ਪਰਿਵਾਰ ਦੇ ੨੯, ਚੌਹਾਨ ਪਰਿਵਾਰ ਦੇ ੧੪ ਸਿੰਘਾਂ ਨੇ ਸ਼ਹੀਦੀਆਂ ਦਿੱਤੀਆਂ।

ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਦੋਂ ਸ੍ਰੀ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਿਆ ਤਾਂ ਸਭ ਸਿੰਘਾਂ ਨੇ ਗੁਰੂ ਜੀ ਨਾਲ ਹੀ ਜਿਉਣ-ਮਰਨ ਦਾ ਪ੍ਰਣ ਕੀਤਾ। ਇਨ੍ਹਾਂ ਵਿਚ ਪੰਜ ਪਿਆਰੇ, ਭਾਈ ਮਨੀ ਸਿੰਘ ਦੇ ਪੰਜ ਪੁੱਤਰ ਤੇ ਦੋ ਭਰਾ, ਭਾਈ ਆਲਿਮ ਸਿੰਘ ਨੱਚਣਾ ਪਰਿਵਾਰ ਦੇ ਦੋ ਮੈਂਬਰ, ਘੋੜਿਆਂ ਦੀ ਸੇਵਾ ਕਰਨ ਵਾਲੇ ਦੋ ਸਿੱਖ, ਦਿੱਲੀ ਦੇ ਦੋ ਸਿੱਖ, ਤਿੰਨ ਬ੍ਰਾਹਮਣ ਪਰਿਵਾਰਾਂ ਦੇ ਮੈਂਬਰ ਤੇ ੧੨ ਸਿਰੜੀ ਸਿਦਕੀ ਸਿੱਖ ਆਦਿ ਸਨ।

ਸ੍ਰੀ ਅਨੰਦਪੁਰ ਸਾਹਿਬ ਤੋਂ ਤਲਵੰਡੀ ਸਾਬੋ ਦਮਦਮਾ ਸਾਹਿਬ ਦੇ ਰਸਤੇ ਤੀਕ ਮਾਤਾ ਗੁਜਰੀ ਜੀ ਤੇ ਚਹੁੰ ਸਾਹਿਬਜ਼ਾਦਿਆਂ ਸਮੇਤ ਅਨੇਕਾਂ ਸਿੱਖ ਸ਼ਹੀਦ ਹੋਏ। ਗੁਰਬਾਣੀ ਦਾ ਫੁਰਮਾਨ ਹੈ "ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ॥" ਕੌਮ ਦੇ ਵਾਰਸਾਂ ਦਾ ਆਪਣੇ ਵਿਰਸੇ ਨਾਲ ਜੁੜੇ ਰਹਿਣਾ ਲਾਜ਼ਮੀ ਹੈ। ਵਿਰਾਸਤ ਦੀ ਚੇਤਨਾ ਹੀ

*ਵਧੀਕ ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ।

ਪੁੱਤਰ ਨੂੰ ਸਪੁੱਤਰ ਹੋਣ ਦੀ ਜੁਗਤਿ ਪ੍ਰਦਾਨ ਕਰਦੀ ਹੈ। ਸਮੁੱਚੇ ਸੰਸਾਰ ਦੇ ਸਿੱਖਾਂ ਵੱਲੋਂ ਰੋਜ਼ਾਨਾ ਅਰਦਾਸ ਵਿਚ ਪੰਜਾਂ ਪਿਆਰਿਆਂ, ਚੌਹਾਂ ਸਾਹਿਬਜ਼ਾਦਿਆਂ, ਚਾਲ੍ਹੀਆਂ ਮੁਕਤਿਆਂ, ਹਠੀਆਂ, ਜਪੀਆਂ, ਤਪੀਆਂ, ਜਿਨ੍ਹਾਂ ਨਾਮ ਜਪਿਆ, ਵੰਡ ਛਕਿਆ, ਦੇਗ ਚਲਾਈ, ਤੇਗ ਵਾਹੀ, ਧਰਮ ਹੇਤ ਸੀਸ ਦਿੱਤੇ, ਬੰਦ-ਬੰਦ ਕਟਾਏ, ਖੋਪਰੀਆਂ ਲੁਹਾਈਆਂ, ਚਰਖੜੀਆਂ 'ਤੇ ਚੜ੍ਹੇ, ਆਰਿਆਂ ਨਾਲ ਚਿਰਾਏ ਗਏ, ਧਰਮ ਨਹੀਂ ਹਾਰਿਆ, ਸਿੱਖੀ ਕੇਸਾਂ-ਸੁਆਸਾਂ ਸੰਗ ਨਿਬਾਹੀ ਨੂੰ ਸ਼ਰਧਾਂਜਲੀ ਭੇਟ ਕੀਤੀ ਜਾਂਦੀ ਹੈ।

ਦਸਮ ਪਾਤਸ਼ਾਹ ਜੀ ਨੇ ਆਪਣਾ ਦਰਬਾਰ ਖਿਦਰਾਣੇ ਦੇ ਟਿੱਬੇ 'ਤੇ ਲਗਾਇਆ ਹੋਇਆ ਸੀ। ਖਿਦਰਾਣੇ ਦੀ ਢਾਬ ਯੁੱਧ ਦੇ ਨੁਕਤਾ-ਨਿਗਾਹ ਤੋਂ ਕਾਰਗਰ ਮੋਰਚਾ ਸੀ। ਮਾਝੇ ਦੇ ਸਿੰਘਾਂ ਦਾ ਜਥਾ ਜਦ ਕਲਗੀਧਰ ਪਾਤਸ਼ਾਹ ਜੀ ਨੂੰ ਢੂੰਡਦਾ ਹੋਇਆ ਖਿਦਰਾਣੇ ਦੀ ਢਾਬ ਪਾਸ ਪੁੱਜਾ ਤਾਂ ਉਸ ਨੂੰ ਵਜ਼ੀਰ ਖਾਨ ਦੀ ਸੈਨਾ ਦੇ ਪੁੱਜਣ ਦੀ ਖ਼ਬਰ ਮਿਲ ਗਈ ਸੀ। ਇਨ੍ਹਾਂ ਸਿਆਣੇ ਸੂਰਬੀਰਾਂ ਨੇ ਮੌਕਾ ਸੰਭਾਲਦਿਆਂ ਝਾੜੀਆਂ ਉੱਪਰ ਵੱਡੇ-ਵੱਡੇ ਕੱਪੜੇ ਟੰਗ ਦਿੱਤੇ ਜਿਸ ਕਾਰਨ ਦੂਰ ਤੋਂ ਇਹ ਵੱਡੇ-ਵੱਡੇ ਤੰਬੂ ਜਾਪਣ ਲੱਗ ਪਏ ਤੇ ਇਥੇ ਭਾਰੀ ਫੌਜ ਹੋਣ ਦਾ ਭੁਲੇਖਾ ਪੈਣ ਲੱਗਾ ਜਿਵੇਂ:

ਤੁਰਕਨ ਖੜਕੋ ਕੰਨ ਪਯੋ, ਪਏ ਚੀਲ ਜਿਮ ਆਇ।
ਤੰਬੂਅਨ ਜਿਮ ਕਪੜੇ ਟੰਗੇ, ਝਾੜਨ ਊਪਰ ਪਾਇ॥੨੦॥

ਸਿੰਘਾਂ ਦੀ ਇਹ ਯੁੱਧ ਨੀਤੀ ਪੂਰੀ ਤਰ੍ਹਾਂ ਸਫਲ ਰਹੀ, ਉਨ੍ਹਾਂ ਨੇ ਆਪਣੇ-ਆਪਣੇ ਮੋਰਚੇ ਸੰਭਾਲ ਲਏ। ਜਦੋਂ ਮੁਗ਼ਲ ਫੌਜ ਸਾਰੀ ਇਕ ਪਾਸੇ ਹੋ ਗਈ ਤਾਂ ਮਾਈ ਭਾਗੋ ਜੀ ਤੇ ਭਾਈ ਮਹਾਂ ਸਿੰਘ ਦੀ ਅਗਵਾਈ ਹੇਠ ਸਿੰਘਾਂ ਨੇ ਇਕਦਮ ਹੱਲਾ ਬੋਲ ਦਿੱਤਾ। ਸੈਂਕੜੇ ਮੁਗ਼ਲ ਮਾਰੇ ਗਏ। ਅਚਾਨਕ ਝਾੜਾਂ ਵਿੱਚੋਂ ਬੰਦੂਕਾਂ ਚੱਲੀਆਂ। ਵਜ਼ੀਰ ਖਾਂ ਨੇ ਸੋਚਿਆ ਕਿ ਸਿੱਖ ਦਾ ਗੁਰੂ ਇਥੇ ਹੀ ਹੈ ਤੇ ਫੌਜ ਨੂੰ ਪਿੱਛੇ ਹਟਣ ਲਈ ਕਿਹਾ ਕਿ ਦੇਖ-ਭਾਲ ਕੇ ਵਿਚਾਰ ਕੇ ਲੜਾਂਗੇ। ਤੀਰਾਂ ਤੇ ਗੋਲੀਆਂ ਦੀ ਵਰਖਾ ਹੋ ਰਹੀ ਸੀ। ਨੀਵੇਂ ਬੈਠੇ ਮਝੈਲ ਸਿੰਘ ਮੁਗ਼ਲਾਂ ਨੂੰ ਦਿੱਸ ਨਹੀਂ ਰਹੇ ਸਨ।

ਬਹੁਤ ਸਾਰੇ ਵਿਰੋਧੀ ਧਿਰ ਦੇ ਜਰਨੈਲ ਗੁਰੂ ਜੀ ਦੇ ਤੀਰਾਂ ਦਾ ਸ਼ਿਕਾਰ ਹੋਏ। ਦੁਸ਼ਮਣ ਟਿੱਡੀ ਦਲ ਵਿਚ ਅਣਗਿਣਤ, ਦੂਜੇ ਪਾਸੇ ਸਿੰਘ ਗਿਣਤੀ ਦੇ। ਇਕੱਲਾ-ਇਕੱਲਾ ਸਿੰਘ ਦੁਸ਼ਮਣਾਂ ਨੂੰ ਹਫਾ-ਹਫਾ ਮਾਰ ਰਿਹਾ ਸੀ। ਮੁਗ਼ਲ ਫੌਜ ਦਾ ਪਹਿਲਾ ਟਾਕਰਾ ਭਾਈ ਰਾਇ ਸਿੰਘ ਦੇ ਨਾਲ ਹੋਇਆ। ਜਦੋਂ ਰਾਇ ਸਿੰਘ ਦੇ ਸਮੂਹ ਸਿੰਘ ਸ਼ਹੀਦ ਹੋ ਗਏ ਤਾਂ ਗੁਰੂ ਜੀ ਨੇ ਆਪਣੇ ਜਥੇ ਦੇ ਸਿੰਘ ਅੱਗੇ ਭੇਜੇ। ਸਿੱਖਾਂ ਦਾ ਪਾਣੀ 'ਤੇ ਕਬਜ਼ਾ ਹੋਣ ਕਰਕੇ ਦੁਸ਼ਮਣਾਂ ਦਾ ਟਿਕਣਾ ਅਸੰਭਵ ਸੀ। ਪਾਣੀ ਦੀ ਪਿਆਸ ਨੇ ਮੁਗ਼ਲਾਂ ਦਾ ਬੁਰਾ ਹਾਲ ਕਰ ਦਿੱਤਾ। ਵਜ਼ੀਰ ਖਾਂ ਨੂੰ ਜਿਉਂਦਿਆਂ ਨੂੰ ਸਾਂਭਣ ਦਾ ਸਮਾਂ ਲੱਗ ਗਿਆ। ਮੁਗ਼ਲ ਜਰਨੈਲ ਸਮਸ਼ ਖਾਂ ਤੇ ਕਾਜ਼ੀ ਅਕਬਰ ਅਲੀ ਖਾਂ ਵੀ ਬੁੱਲ੍ਹਾਂ ਉਪਰ ਜੀਭ ਫੇਰ ਰਹੇ ਸਨ। ਉਹ ਇਸ ਸੰਕਟ ਦੀ ਘੜੀ ਵਿਚ ਪਿੱਛੇ ਨੱਸ ਜਾਣਾ ਚਾਹੁੰਦੇ ਸਨ।

ਗੁਰੂ ਜੀ ਸਿੰਘਾਂ ਸਮੇਤ ਯੁੱਧ ਸਥਾਨ 'ਤੇ ਪਹੁੰਚੇ। ਉਨ੍ਹਾਂ ਨੇ ਦੇਖਿਆ ਕਿ ਉਹ ੪੦ ਸਿੰਘ ਜੋ ਸ੍ਰੀ ਅਨੰਦਪੁਰ ਸਾਹਿਬ ਵਿਖੇ ਉਨ੍ਹਾਂ ਨੂੰ ਬੇਦਾਵਾ ਦੇ ਕੇ ਚਲੇ ਗਏ ਸਨ, ਉਹ ਵੀ ਸ਼ਹਾਦਤਾਂ ਪ੍ਰਾਪਤ ਕਰ ਚੁੱਕੇ ਸਨ। ਗੁਰੂ ਜੀ ਹਰ ਸਿੱਖ ਕੋਲ ਜਾਂਦੇ ਤੇ ਉਸ ਦਾ ਮੂੰਹ ਸਾਫ ਕਰਦੇ ਤੇ ਸੀਸ ਗੋਦ ਵਿਚ ਰੱਖ ਕੇ ਪਿਆਰ ਕਰਕੇ ਬਖਸ਼ਿਸ਼ਾਂ ਕਰਦੇ ਕਿ ਇਹ ਮੇਰਾ ਪੰਜ ਹਜ਼ਾਰੀ ਸਿੱਖ ਹੈ, ਇਹ ਦਸ ਹਜ਼ਾਰੀ ਤੇ ਇਹ ਤੀਹ ਹਜ਼ਾਰੀ। ਜਿਤਨੇ ਕਦਮ ਅੱਗੇ ਵਧ ਕੇ ਸ਼ਹੀਦੀ ਪਾਈ ਓਨਾ ਹੀ ਮਨਸਬ ਬਖਸ਼ਦੇ।

ਜਦੋਂ ੩੯ ਸਿੰਘਾਂ ਨੂੰ ਬਖਸ਼ਿਸ਼ਾਂ ਕਰ ਚੁੱਕੇ ਤਾਂ ਭਾਈ ਮਹਾਂ ਸਿੰਘ ਪਾਸ ਪਹੁੰਚੇ। ਭਾਈ ਮਹਾਂ ਸਿੰਘ ਦਾ ਮੁਖੜਾ ਸਾਫ ਕੀਤਾ ਤੇ ਸੀਸ ਗੋਦ ਵਿਚ ਰੱਖਿਆ ਤੇ ਮੂੰਹ ਵਿਚ ਪਾਣੀ ਪਾ ਕੇ ਛਾਤੀ ਨਾਲ ਲਗਾ ਕੇ ਆਖਣ ਲੱਗੇ, "ਭਾਈ ਮਹਾਂ ਸਿੰਘ! ਤੁਸੀਂ ਸਿੱਖੀ ਦੀ ਲਾਜ ਰੱਖ ਲਈ ਹੈ ਤੇ ਆਪਣੀਆਂ ਸ਼ਹਾਦਤਾਂ ਦੇ ਕੇ ਦੁਸ਼ਮਣਾਂ ਦੇ ਦੰਦ ਖੱਟੇ ਕੀਤੇ ਹਨ ਜੋ ਚਾਹੋ ਮੰਗ ਲਉ।" ਭਾਈ ਮਹਾਂ ਸਿੰਘ ਨੇ ਕਿਹਾ, "ਜੇ ਤਰੁੱਠੇ ਹੋ ਤਾਂ ਕਿਰਪਾ ਨਿਧਾਨ, ਸਾਡੀ ਟੁੱਟੀ ਮੇਲ ਲਵੋ।" ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ, "ਵਾਹ, ਵਾਹ ਖਾਲਸਾ! ਧੰਨ ਖਾਲਸਾ ਧੰਨ! ਟੁੱਟੀ ਮੇਲੀ ਖਾਲਸੇ ਨੇ। ਤੁਹਾਡੀ ਗੁਰੂ ਨਾਲ ਟੁੱਟੀ ਗੰਢੀ ਗਈ ਹੈ।"

ਦਸਮੇਸ਼ ਪਿਤਾ ਜੀ ਭਾਈ ਮਹਾਂ ਸਿੰਘ ਦੀ ਭਾਵਨਾ 'ਤੇ ਡਾਢੇ ਪ੍ਰਸੰਨ ਹੋਏ ਅਤੇ ਭਾਈ ਮਹਾਂ ਸਿੰਘ ਦੇ ਕਹਿਣ 'ਤੇ ਬਖਸ਼ਿਸ਼ਾਂ ਕਰਨ ਦੇ ਨਾਲ-ਨਾਲ ਕਮਰਕੱਸੇ ਵਿੱਚੋਂ ਬੇਦਾਵੇ ਵਾਲਾ ਕਾਗਜ਼ ਕੱਢ ਕੇ ਪਾੜ ਦਿੱਤਾ ਤੇ ਫੁਰਮਾਇਆ:

ਵਾਹੁ ਖਾਲਸਾ ਸਿੱਖ ਮਮ ਧੰਨ। ਪਰਉਪਕਾਰ ਮਹਾਂ ਮਨ ਮੰਨ।
ਤੇਰੇ ਕਹੇ ਮੇਲ ਹਮ ਲਏ। ਰਾਜ ਭਾਗ ਤਿਸ ਦੇਸਹਿ ਦਏ॥੩੩॥
ਬਾਸਹੁ ਸਦਾ ਕਬ ਨਹਿਂ ਤਹਿਂ ਤਿੰਹ ਸੋਕ। ਜਾਹੁ ਮਹਾਂ ਸਿੰਘ ਜਹਿ ਮਮ ਲੋਕ।
ਦੇ ਕਰਿ ਪ੍ਰਾਨ ਕੀਨ ਉਪਕਾਰ। ਤਿਸ ਕੋ ਫਲ ਤੁਹਿ ਭਇਓ ਅਪਾਰ॥੩੪॥

ਭਾਈ ਮਹਾਂ ਸਿੰਘ ਨੇ ਸਵਾਸ ਤਿਆਗ ਦਿੱਤੇ। ਗੁਰੂ ਜੀ ਨੇ ਇਨ੍ਹਾਂ ੪੦ ਸਿੰਘਾਂ ਦਾ ਸਸਕਾਰ ਆਪਣੇ ਹੱਥੀਂ ਕੀਤਾ। ਇਨ੍ਹਾਂ ਅਮਰ ਸ਼ਹੀਦਾਂ ਦੀ ਅਦੁੱਤੀ ਕੁਰਬਾਨੀ ਸਦਕਾ ਇਸ ਪਾਵਨ ਅਸਥਾਨ ਨੂੰ ਖਿਦਰਾਣੇ ਦੀ ਢਾਬ ਤੋਂ ਸ੍ਰੀ ਮੁਕਤਸਰ ਸਾਹਿਬ ਦਾ ਖਿਤਾਬ ਬਖਸ਼ਿਆ:

ਖਿਦਰਾਣਾ ਕਰਿ ਮੁਕਤਸਰ ਮੁਕਤ ਮੁਕਤ ਸਭ ਕੀਨ।
ਹੋਇ ਸਾਬਤ ਜੂਝੈ ਜਬੋ ਬਡੋ ਮਰਤਬੋ ਲੀਨ॥੨੫੦॥

੪੦ ਮੁਕਤਿਆਂ ਦਾ ਸ਼ਹੀਦੀ ਦਿਹਾੜਾ ਅਸਲ ਵਿਚ ਟੁੱਟੀ ਗੰਢਣ ਦਾ ਹੈ। ਦਸਮ ਪਾਤਸ਼ਾਹ ਨੂੰ ਬੇਦਾਵਾ ਦੇ ਆਏ ਸਿੰਘਾਂ ਨੇ ਮੁੜ ਖਿਦਰਾਣੇ ਦੀ ਢਾਬ ਵਿਚ ਮਹਾਨ ਕੁਰਬਾਨੀ ਦੇ ਕੇ ਆਪਣੀ ਭੁੱਲ 'ਚ ਸੋਧ ਕੀਤੀ ਤੇ ਗੁਰੂ ਵੱਲੋਂ ਵੱਖ-ਵੱਖ ਖਿਤਾਬਾਂ ਦੀਆਂ ਬਖਸ਼ਿਸ਼ਾਂ ਪ੍ਰਾਪਤ ਕੀਤੀਆਂ, ਉਸ ਯਾਦ ਦੇ ਇਤਿਹਾਸਕ-ਕਾਂਡ ਨੂੰ ਸੰਗਤਾਂ ਵਿਚ ਵੱਖ-ਵੱਖ ਮਾਧਿਅਮ ਰਾਹੀਂ ਪ੍ਰਚਾਰਨ ਤੇ ਸ਼ਹੀਦ ਸਿੰਘਾਂ ਦੇ ਜੀਵਨ ਬਾਰੇ ਵਿਸਥਾਰਤ ਖੋਜ ਦੀ ਲੋੜ ਹੈ।

ਇਹ ਇਤਿਹਾਸਕ ਕਾਂਡ ਬਹੁਤ ਹੀ ਮਹੱਤਵਪੂਰਨ ਹੈ, ਇਸ ਸ਼ਹੀਦੀ ਦਿਹਾੜੇ ਨਾਲ ਗੁਰਸਿੱਖਾਂ ਦੀਆਂ ਭਾਵਨਾਵਾਂ ਜੁੜੀਆਂ ਹੋਈਆਂ ਹਨ। ਇਸ ਸਮੇਂ ਸਮੁੱਚਾ ਸਿੱਖ ਸੰਸਾਰ ਬਹੁਤ ਹੀ ਗੰਭੀਰ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ। ਗੁਰੂ ਦੀ ਸਿੱਖੀ ਨਾਲ ਪਿਆਰ ਕਰਨ ਵਾਲੀਆਂ ਸਾਰੀਆਂ ਧਿਰਾਂ ਚਿੰਤਤ ਹਨ। ਇਨ੍ਹਾਂ ਮਹਾਨ ਸ਼ਹੀਦਾਂ ਦੀ ਯਾਦ 'ਚ ਮਾਘੀ ਦਾ ਸਾਲਾਨਾ ਜੋੜ-ਮੇਲਾ ਮਨਾਉਣਾ ਤਾਂ ਹੀ ਸਾਰਥਿਕ ਹੈ ਜੇਕਰ ਅਸੀਂ ਸਿੱਖ ਨੌਜੁਆਨੀ ਨੂੰ ਆਪਣੇ ਗੌਰਵਮਈ ਵਿਰਸੇ ਪ੍ਰਤੀ ਚੇਤਨ ਕਰ ਸਕੀਏ।

■

## ਮਾਘ ਮਹੀਨੇ ਦੇ ਗੁਰਪੁਰਬ ਅਤੇ ਇਤਿਹਾਸਕ ਦਿਹਾੜੇ

*ਗੁਰਪੁਰਬ:*

| | |
|---|---|
| * ਪ੍ਰਕਾਸ਼ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ | ੧੬ ਮਾਘ |

*ਇਤਿਹਾਸਕ ਦਿਹਾੜੇ:*

| | |
|---|---|
| * ਜੋੜ-ਮੇਲਾ ਮੁਕਤਸਰ (ਮਾਘ) | ੧ ਮਾਘ |
| * ਨੀਂਹ-ਪੱਥਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ | ੧ ਮਾਘ |
| * ਚਾਬੀਆਂ ਦਾ ਮੋਰਚਾ | ੭ ਮਾਘ |
| * ਬਸੰਤ ਪੰਚਮੀ | ੯ ਮਾਘ |
| * ਜਨਮ ਬਾਬਾ ਦੀਪ ਸਿੰਘ ਜੀ ਸ਼ਹੀਦ | ੧੪ ਮਾਘ |
| * ਜਨਮ ਭਗਤ ਰਵੀਦਾਸ ਜੀ | ੧੮ ਮਾਘ |
| * ਵੱਡਾ ਘੱਲੂਘਾਰਾ (ਕੁੱਪ-ਰੋਹੀੜਾ) | ੨੭ ਮਾਘ |

# ਮੁਕਤਸਰ ਵਿਚ ਚਾਲੀ ਮੁਕਤਿਆਂ ਦੀ ਸ਼ਹੀਦੀ

*-ਬੀਬੀ ਨਰਿੰਦਰ ਕੌਰ*

ਬਚਿਤ੍ਰ ਨਾਟਕ ਦੇ ਅਧਿਐਨ ਤੋਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਅਕਾਲ ਪੁਰਖ ਨੇ ਧਰਮ ਪ੍ਰਗਟਾਉਣ ਲਈ ਇਸ ਸੰਸਾਰ ਵਿਚ ਭੇਜਿਆ ਸੀ। ਕਲਗੀਧਰ ਪਿਤਾ ਨੇ ਫੁਰਮਾਇਆ ਹੈ:

ਹਮ ਇਹ ਕਾਜ ਜਗਤ ਮੋ ਆਏ॥
ਧਰਮ ਹੇਤ ਗੁਰਦੇਵ ਪਠਾਏ॥
ਅਥਵਾ
ਧਰਮ ਚਲਾਵਨ ਸੰਤ ਉਬਾਰਨ॥
ਦੁਸਟ ਸਭਨ ਕੋ ਮੂਲ ਉਪਾਰਨ॥

(ਦਸਮ ਗ੍ਰੰਥ, ਪੰਨਾ ੫੭)

ਇਸ ਉਦੇਸ਼ ਹਿੱਤ ਗੁਰੂ ਜੀ ਨੇ ਅਨੰਦਪੁਰ ਸਾਹਿਬ ਵਿਖੇ ਸੰਮਤ ੧੭੫੬ ਬਿਕ੍ਰਮੀ ਦੀ ਵਿਸਾਖੀ ਦੇ ਮੌਕੇ 'ਤੇ ਖੰਡੇ ਦਾ ਅੰਮ੍ਰਿਤ ਪਾਨ ਕਰਾ ਕੇ 'ਖਾਲਸਾ ਪੰਥ' ਦੀ ਸਿਰਜਣਾ ਕੀਤੀ ਅਤੇ ਆਪਣੀ ਜਥੇਬੰਦੀ ਨੂੰ ਹੋਰ ਸੰਗਠਿਤ ਕਰਨ ਲਈ ਖਾਲਸੇ ਦੇ ਜਨਮ ਅਸਥਾਨ ਅਰਥਾਤ ਅਨੰਦਪੁਰ ਸਾਹਿਬ ਵਿਖੇ ਪੰਜ ਕਿਲ੍ਹੇ ਲੋਹਗੜ੍ਹ, ਅਨੰਦਗੜ੍ਹ, ਫਤਹਗੜ੍ਹ, ਕੇਸਗੜ੍ਹ ਤੇ ਹੋਲਗੜ੍ਹ ਬਣਾਏ। ਗੁਰੂ ਜੀ ਨੇ ਅਕਾਲੀ ਧਰਮ ਨੂੰ ਸੰਸਾਰ 'ਤੇ ਪ੍ਰਗਟ ਕਰਨ ਲਈ ਮੂਰਤੀ ਪੂਜਾ ਦਾ ਖੰਡਨ ਕੀਤਾ ਅਤੇ ਆਪਣੇ ਸਿੱਖਾਂ ਨੂੰ ਜਾਤਪਾਤ ਤੋਂ ਉੱਚਾ ਚੁੱਕਿਆ ਪਰ ਇਹ ਸਭ ਕੁਝ ਪਹਾੜੀ ਹਿੰਦੂ ਰਾਜਿਆਂ ਨੂੰ ਨਾ ਭਾਇਆ। ਜਦੋਂ ਪਹਾੜੀ ਰਾਜਿਆਂ ਦੀ ਕੋਈ ਪੇਸ਼ ਨਾ ਗਈ ਤਾਂ ਇਹਨਾਂ ਨੇ ਮੁਗਲ ਦਰਬਾਰੇ ਜਾ ਫਰਿਆਦ ਕੀਤੀ। ਉਧਰ ਔਰੰਗਜ਼ੇਬ ਵੀ ਸਿੱਖ ਪੰਥ ਨੂੰ ਖਤਮ ਕਰਨਾ ਚਾਹੁੰਦਾ ਸੀ। ਸੋ ਇਹਨਾਂ ਨੇ ਰਲ ਕੇ ਅਨੰਦਪੁਰ ਸਾਹਿਬ ਦੇ ਕਿਲ੍ਹੇ ਨੂੰ ਚਿਰ ਕਾਲ ਤੱਕ ਘੇਰੀ ਰੱਖਿਆ। ਕਿਲ੍ਹੇ ਦੇ ਅੰਦਰ ਰਾਸ਼ਨ ਤੇ ਖਾਣ-ਪੀਣ ਦੀ ਹੋਰ ਸਮੱਗਰੀ ਖਤਮ ਹੋਣ ਲੱਗੀ ਤਾਂ ਕੁਝ ਸਿੰਘ ਡੋਲਣ ਲੱਗੇ ਅਤੇ ਗੁਰੂ ਜੀ ਨੂੰ ਕਿਲ੍ਹਾ ਛੱਡਣ ਦਾ ਸੁਝਾਅ ਦੇਣ ਲੱਗੇ। ਜਦੋਂ ਗੁਰੂ ਜੀ ਨੇ ਉਹਨਾਂ ਦੇ ਸੁਝਾਅ ਨੂੰ ਹੱਸ ਕੇ ਟਾਲ ਦਿੱਤਾ ਤਾਂ ਸਿੰਘਾਂ ਨੇ ਬੇਦਾਵਾ ਲਿਖ ਦਿੱਤਾ ਤੇ ਘਰਾਂ ਨੂੰ ਪਰਤ ਗਏ। ਪਰ ਗੁਰੂ ਤੋਂ ਮੁੱਖ ਮੋੜਨ ਵਾਲਿਆਂ ਨੂੰ ਕੌਣ ਮੂੰਹ ਲਾਏ? ਉਹਨਾਂ ਦੀਆਂ ਇਸਤ੍ਰੀਆਂ ਨੇ ਵੀ ਉਹਨਾਂ ਦੇ ਪ੍ਰਸਤਾਵ ਦਾ ਮਜ਼ਾਕ ਉਡਾਇਆ। ਉਸ ਵੇਲੇ ਮਾਈ ਭਾਗ ਕੌਰ ਨਾਂ ਦੀ ਸਿੰਘਣੀ ਨੇ ਉਹਨਾਂ ਨੂੰ ਗੁਰੂ-ਪਿਤਾ ਤੋਂ ਬਖਸ਼ਾਉਣ ਦਾ ਦਿਲਾਸਾ ਦਿੱਤਾ।

ਦੂਸਰੇ ਪਾਸੇ ਮੁਗਲ ਸੈਨਾ ਗੁਰੂ ਜੀ ਤੋਂ ਅਨੰਦਪੁਰ ਸਾਹਿਬ ਵਿਖੇ ਅਨੰਦਗੜ੍ਹ ਦਾ ਕਿਲ੍ਹਾ ਖਾਲੀ ਕਰਾਉਣ 'ਚ ਅਸਫਲ ਰਹੀ ਤਾਂ ਉਸ ਨੇ ਝੂਠੀਆਂ ਕਸਮਾਂ ਖਾਧੀਆਂ ਅਤੇ ਦੋਹਾਂ ਪਾਸਿਉਂ ਮੁਆਇਦਾ ਹੋਣ 'ਤੇ ੭ ਪੋਹ ਸੰਮਤ ੧੭੬੧ ਬਿ: ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਰਬੱਤ ਪ੍ਰਵਾਰ, ਖਾਲਸੇ ਅਤੇ ਸੈਨਾ ਸਮੇਤ ਆਪਣਾ ਮਾਲ-ਅਸਬਾਬ ਅਤੇ ਬਹੁਮੁੱਲਾ ਧਾਰਮਿਕ ਸਾਹਿਤ ਲੈ ਕੇ ਅੰਮ੍ਰਿਤ ਵੇਲੇ ਆਨੰਦਪੁਰ ਸਾਹਿਬ ਤੋਂ ਨਿਕਲ ਤੁਰੇ। ਪਰ ਸ਼ਾਹੀ ਸੈਨਾ ਨੇ ਮੁੜ ਕਸਮਾਂ ਤੋੜ ਕੇ ਰਾਜਿਆਂ ਨੇ ਸੌਹਾਂ ਭੁਲਾ ਕੇ ਸਿੱਖਾਂ ਉੱਪਰ ਹਮਲਾ ਕਰ ਦਿੱਤਾ। ਸਾਰੀ ਸਿੱਖ ਜਥੇਬੰਦੀ ਖੇਰੂੰ-ਖੇਰੂੰ ਹੋ ਗਈ। ਸਾਹਿਤ ਦਾ ਖਜ਼ਾਨਾ ਸਰਸਾ ਨਦੀ ਦੀ ਭੇਟ ਹੋ ਗਿਆ, ਪਰਿਵਾਰ ਖਿੰਡ ਗਿਆ। ਮਾਤਾ ਗੁਜਰੀ ਜੀ ਦੋ ਛੋਟੇ ਸਾਹਿਬਜ਼ਾਦਿਆਂ ਸਮੇਤ ਸਰਹਿੰਦ ਵਿਚ ਸ਼ਹੀਦ ਹੋ ਗਏ। ਵੱਡੇ ਦੋਵੇਂ ਸਾਹਿਬਜ਼ਾਦੇ ਚਮਕੌਰ ਸਾਹਿਬ ਵਿਚ ਕੌਮ ਤੋਂ ਨਿਛਾਵਰ ਹੋ ਗਏ। ਗੁਰੂ-ਮਹਿਲ ਦਿੱਲੀ ਪੁੱਜ ਗਏ। ਗੁਰੂ ਜੀ ਸਰਬੰਸ ਵਾਰ ਕੇ ਵੀ ਪਿੱਛੇ ਨਾ ਹਟੇ। ਗੁਰੂ ਜੀ ਚਮਕੌਰ ਤੋਂ ਮਾਛੀਵਾੜੇ, ਆਲਮਗੀਰ, ਦੀਨਾ, ਕਾਂਗੜ, ਰੁਖਾਲਾ, ਗੁਰੂਸਰ, ਭਾਈ ਭਗਤਾ, ਬਨਗਾੜੀ, ਬਹਿਬਲ ਸਰਾਵਾਂ ਪਤੋ ਤੇ ਮਲੂਕਦਾ ਕੋਟ ਹੁੰਦੇ ਹੋਏ ਕੋਟਕਪੂਰੇ ਪੁੱਜੇ। ਉੱਧਰ ਮੁਗਲ ਸੈਨਾ ਵੀ ਗੁਰੂ ਜੀ ਦਾ ਪਿੱਛਾ ਕਰ ਰਹੀ ਸੀ। ਗੁਰੂ ਜੀ ਜੈਤੋ

ਸੁਨੀਅਰ ਅਤੇ ਰਾਮੋਆਣੇ ਤੋਂ ਹੁੰਦੇ ਹੋਏ ਖਿਦਰਾਣੇ ਦੀ ਢਾਬ ਪੁੱਜੇ।

ਦੂਸਰੇ ਪਾਸੇ ਮਾਈ ਭਾਗ ਕੌਰ ਦੀ ਅਗਵਾਈ ਹੇਠ ੪੦ ਸਿੰਘਾਂ ਦਾ ਜਥਾ ਗੁਰੂ ਜੀ ਦੀ ਭਾਲ ਵਿਚ ਖਿਦਰਾਣੇ ਦੀ ਢਾਬ 'ਤੇ ਪੁੱਜਿਆ। ਉਹਨਾਂ ਨੂੰ ਖਬਰ ਮਿਲੀ ਕਿ ਮੁਗਲ ਸੈਨਾ ਗੁਰੂ ਜੀ 'ਤੇ ਹਮਲਾ ਕਰਨ ਲਈ ਰਾਮੋਆਣੇ ਵੱਲੋਂ ਆ ਰਹੀ ਹੈ। ਇਹ ਸਿੰਘ ਮੁਗਲਾਂ ਦੁਆਰਾ ਗੁਰੂ ਜੀ 'ਤੇ ਹਮਲਾ ਕਰਨ ਤੋਂ ਪਹਿਲਾਂ ਹੀ ਮੁਗ਼ਲਾਂ ਨਾਲ ਯੁੱਧ ਕਰ ਕੇ ਸ਼ਹੀਦ ਹੋ ਗਏ। ਗੁਰੂ ਜੀ ਇਹ ਸਾਰਾ ਦ੍ਰਿਸ਼ ਟਿੱਬੀ 'ਤੇ ਬੈਠ ਕੇ ਵੇਖ ਰਹੇ ਸਨ। ਗੁਰੂ ਜੀ ਨੇ ਸਾਰਾ ਬ੍ਰਿਤਾਂਤ ਮਾਈ ਭਾਗ ਕੌਰ ਤੋਂ ਸੁਣਿਆ ਤਾਂ ਗੁਰੂ ਜੀ ਨੇ ਪਿਆਰ ਵਿਚ ਆ ਕੇ ਇਕ ਇਕ ਸਿੰਘ ਦੇ ਮੂੰਹ ਨੂੰ ਰੁਮਾਲ ਨਾਲ ਪੂੰਝਿਆ। ਜਦੋਂ ਮਹਾਂ ਸਿੰਘ ਦਾ ਮੂੰਹ ਸਾਫ ਕਰਨ ਲੱਗੇ ਤਾਂ ਉਸ ਦੇ ਕੁਝ ਸੁਆਸ ਬਾਕੀ ਸਨ। ਗੁਰੂ ਜੀ ਨੇ ਉਸ ਦੇ ਮੂੰਹ ਵਿਚ ਜਲ ਪਾਇਆ ਤਾਂ ਉਸ ਨੇ ਅੱਖਾਂ ਖੋਲ੍ਹੀਆਂ, ਗੁਰੂ ਜੀ ਨੂੰ ਵੇਖ ਕੇ ਗਦ-ਗਦ ਹੋ ਗਿਆ। ਗੁਰੂ ਜੀ ਨੇ ਉਸ ਨੂੰ ਕੁਝ ਮੰਗਣ ਲਈ ਕਿਹਾ ਤਾਂ ਭਾਈ ਮਹਾਂ ਸਿੰਘ ਨੇ 'ਬੇਦਾਵਾ' ਪਾੜਨ ਲਈ ਬੇਨਤੀ ਕੀਤੀ। ਗੁਰੂ ਜੀ ਨੇ ਕਮਰਕਸੇ ਵਿਚ ਬੰਨ੍ਹੇ ਬੇਦਾਵੇ ਨੂੰ ਖੋਲ੍ਹਿਆ ਤੇ ਮਹਾਂ ਸਿੰਘ ਦੇ ਸਾਹਮਣੇ ਪਾੜ ਦਿੱਤਾ। ਭਾਈ ਮਹਾਂ ਸਿੰਘ ਨੇ ਸੁਆਸ ਤਿਆਗ ਦਿੱਤੇ। ਇਸ ਤਰ੍ਹਾਂ ਵਿਥ ਮੁਕ ਗਈ, ਟੁੱਟੀ ਜੁੜ ਗਈ ਅਤੇ ਦੁਨਿਆਵੀ ਬਖੇੜਿਆਂ ਤੋਂ ਇਹ ੪੦ ਸਿੰਘ ਮੁਕਤ ਹੋ ਗਏ। ਇਸੇ ਲਈ ਇਹਨਾਂ ਨੂੰ ੪੦ ਮੁਕਤੇ ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ। ਗੁਰੂ ਜੀ ਨੇ ਸ਼ਹੀਦ ਸਿੰਘਾਂ ਨੂੰ ਮੁਕਤੀ ਪਦ ਬਖਸ਼ ਕੇ ਇਸ ਢਾਬ ਦਾ ਨਾਂ ਮੁਕਤਸਰ ਰੱਖਿਆ।

ਮਾਘੀ ਦੇ ਪਵਿੱਤਰ ਅਵਸਰ 'ਤੇ ਲੱਖਾਂ ਲੋਕਾਂ ਵੱਲੋਂ ਇਹਨਾਂ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਅਰਪਿਤ ਕੀਤੀਆਂ ਜਾਂਦੀਆਂ ਹਨ। ਮੁਕਤਸਰ ਵਿਚ ਹੇਠ ਲਿਖੇ ਇਤਿਹਾਸਕ ਗੁਰਦੁਆਰੇ ਹਨ:

੧. ਗੁ: ਸ਼ਹੀਦਗੰਜ - ਇਥੇ ਕਲਗੀਧਰ ਪਿਤਾ ਜੀ ਨੇ ਚਾਲੀ ਮੁਕਤਿਆਂ ਤੇ ਹੋਰ ਸਿੰਘਾਂ ਦਾ ਆਪਣੇ ਹੱਥੀ ਸੰਸਕਾਰ ਕੀਤਾ ਸੀ।

੨. ਗੁ: ਟਿੱਬੀ ਸਾਹਿਬ - ਸ਼ਹਿਰ ਤੋਂ ਅਧ ਕੁ ਮੀਲ ਦੂਰ ਦੱਖਣ-ਪੱਛਮ ਵਿਚ ਉਹ ਟਿੱਬੀ ਹੈ, ਜਿੱਥੇ ਗੁਰੂ ਜੀ ਤੁਰਕੀ ਸੈਨਾ ਪੁਰ ਬਾਣ-ਵਰਖਾ ਕਰਦੇ ਰਹੇ।

੩. ਗੁ: ਤੰਬੂ ਸਾਹਿਬ - ਇਥੇ ਸਿੰਘਾਂ ਦਾ ਕੈਂਪ ਸੀ। ਸਿੰਘਾਂ ਦੁਆਰਾ ਸੁਕਣੇ ਪਾਏ ਕਛਹਿਰਿਆਂ ਨੂੰ ਮੁਗਲ ਫੌਜ ਤੰਬੂ ਹੀ ਸਮਝਦੀ ਰਹੀ।

੪. ਗੁ: ਵਡਾ ਦਰਬਾਰ - ਇਥੇ ਗੁਰੂ ਸਾਹਿਬ ਬਿਰਾਜੇ ਸਨ। ਇੱਥੇ ਸਰੋਵਰ ਦੇ ਨਾਲ ਸੁੰਦਰ ਗੁਰਦੁਆਰਾ ਬਣਿਆ ਹੋਇਆ ਹੈ।

(ਗੁ: ਗਜ਼ਟ ਜਨਵਰੀ ੨੦੧੨)

■

## ਅੰਮ੍ਰਿਤ ਸੰਚਾਰ

***ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹਰ ਬੁੱਧਵਾਰ ਤੇ ਐਤਵਾਰ ਨੂੰ ਦੁਪਹਿਰ ੧੨ ਵਜੇ ਅੰਮ੍ਰਿਤ-ਸੰਚਾਰ ਹੁੰਦਾ ਹੈ। ਅੰਮ੍ਰਿਤ ਅਭਿਲਾਖੀ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹਾਜ਼ਰ ਹੋ ਕੇ ਅੰਮ੍ਰਿਤਪਾਨ ਕਰ ਕੇ ਗੁਰੂ ਵਾਲੇ ਬਣਨ।***

# ਜ਼ਫ਼ਰਨਾਮਾ

## (ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਆਪਣੇ ਧਰਮ-ਯੁੱਧ ਦੀ ਫ਼ਤਿਹ ਦਾ ਐਲਾਨਨਾਮਾ)

*-ਡਾ. ਸੁਖਦਿਆਲ ਸਿੰਘ**

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਖਾਲਸੇ ਦੀ ਸਾਜਣਾ ਨਾਲ ਹੀ ਆਪਣੇ ਧਰਮ-ਯੁੱਧ ਦੀ ਸ਼ੁਰੂਆਤ ਕਰ ਦਿੱਤੀ ਗਈ ਸੀ। ਖਿਦਰਾਣੇ ਦੀ ਲੜਾਈ ਇਸ ਧਰਮ-ਯੁੱਧ ਦੀ ਆਖਰੀ ਅਤੇ ਫੈਸਲਾਕੁਨ ਲੜਾਈ ਸੀ। ਇਸ ਲੜਾਈ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੀ ਸਿੱਧੀ ਅਤੇ ਸਪੱਸ਼ਟ ਫ਼ਤਿਹ ਹੋਈ ਸੀ। ਇਸ ਫ਼ਤਿਹ ਦਾ ਐਲਾਨਨਾਮਾ, ਗੁਰੂ ਜੀ ਵੱਲੋਂ ਬਾਦਸ਼ਾਹ ਔਰੰਗਜ਼ੇਬ ਨੂੰ ਦੱਸਣ ਲਈ, ਜ਼ਫ਼ਰਨਾਮੇ ਦੇ ਰੂਪ ਵਿੱਚ ਕੀਤਾ ਗਿਆ ਸੀ। ਭਾਵ ਕਿ ਜ਼ਫ਼ਰਨਾਮਾ ਗੁਰੂ ਜੀ ਵਲੋਂ ਆਪਣੇ ਧਰਮ-ਯੁੱਧ ਦੀ ਫ਼ਤਿਹ ਦਾ ਐਲਾਨ ਸੀ। ਸੰਮਤ ੧੭੫੬ ਬਿ. (੧੬੯੯ ਈ.) ਦੀ ਵਿਸਾਖੀ 'ਤੇ ਖਾਲਸਾ ਪੰਥ ਦੀ ਸਾਜਣਾ ਸਿੱਖ ਧਰਮ ਦੇ ਇਤਿਹਾਸਕ ਵਿਕਾਸ ਦੀ ਸਭ ਤੋਂ ਵੱਡੀ ਅਤੇ ਸ਼ਾਨਦਾਰ ਪਰਾਪਤੀ ਸੀ। ਇਹ ਆਪਣੇ-ਆਪ ਦੇ ਵਿੱਚ ਹੀ ਇੱਕ ਇਨਕਲਾਬ ਸੀ। ਐਸਾ ਇਨਕਲਾਬ, ਜਿਸ ਨੇ ਇੱਕ ਜਾਤ-ਰਹਿਤ, ਦਸਾਂ ਨਹੁੰਆਂ ਦੀ ਕਿਰਤ ਕਰਨ ਵਾਲਾ, ਬਰਾਬਰਤਾ ਦੇ ਅਧਿਕਾਰਾਂ ਵਾਲਾ ਅਤੇ ਅਕਾਲ ਪੁਰਖ ਦੇ ਨਾਮ ਦਾ ਸਿਮਰਨ ਕਰਨ ਵਾਲਾ ਸਮਾਜ ਸਥਾਪਤ ਕਰ ਕੇ ਪੰਜਾਬ ਦੀ ਧਰਤੀ 'ਤੇ ਐਸਾ ਗਣਤੰਤਰ ਕਾਇਮ ਕਰਨਾ ਸੀ ਜਿਸ ਨੇ ਜ਼ਮਹੂਰੀਅਤ ਅਤੇ ਰਾਜਨੀਤੀ ਦੇ ਨਵੇਂ ਸਿਧਾਂਤ ਕਾਇਮ ਕਰਨੇ ਸਨ। ਇਸ ਸਮੇਂ ਤੱਕ ਵਿਸ਼ਵ ਦੇ ਕਿਸੇ ਵੀ ਹਿੱਸੇ ਵਿੱਚ ਇਨਕਲਾਬ ਨਹੀਂ ਆਇਆ ਸੀ। ਇਹੀ ਕਾਰਨ ਸੀ ਕਿ ਖਾਲਸੇ ਦੀ ਸਾਜਣਾ ਕਰਨ ਦੇ ਡੇਢ-ਦੋ ਸਾਲਾਂ ਦੇ ਵਿੱਚ-ਵਿੱਚ ਹੀ ਸਮੇਂ ਦੀ ਮੁਗਲ ਹਕੂਮਤ ਵੱਲੋਂ ਹਮਲਿਆਂ ਦੀ ਸ਼ੁਰੂਆਤ ਕਰ ਦਿੱਤੀ ਗਈ ਸੀ। ਪਹਿਲਾਂ-ਪਹਿਲਾਂ ਇਹ ਹਮਲੇ ਪਹਾੜੀ ਰਾਜਿਆਂ ਦੇ ਸਥਾਨਕ ਹਮਲੇ ਸਨ ਪਰ ਇਨ੍ਹਾਂ ਦੀ ਅਸਫਲਤਾ ਤੋਂ ਬਾਅਦ ਮੁਗਲ ਸਾਮਰਾਜ ਵਲੋਂ ਹੀ ਬਾਕਾਇਦਾ ਰੂਪ ਵਿੱਚ ਵੱਡੇ ਪੱਧਰ 'ਤੇ ਹਮਲੇ ਸ਼ੁਰੂ ਕਰ ਦਿੱਤੇ ਗਏ ਸਨ। ਆਖਰਕਾਰ ਇਨ੍ਹਾਂ ਹਮਲਿਆਂ ਦਾ ਇਤਨਾ ਜ਼ੋਰ ਪੈ ਗਿਆ ਸੀ ਕਿ ਗੁਰੂ ਜੀ ਨੂੰ ਅਨੰਦਪੁਰ ਸਾਹਿਬ ਨੂੰ ਛੱਡਣਾ ਪੈ ਗਿਆ ਸੀ। ਅਨੰਦਪੁਰ ਸਾਹਿਬ ਨੂੰ ਛੱਡਣ ਨਾਲ ਵੀ ਹਕੂਮਤ ਦੇ ਹਮਲਿਆਂ ਨੂੰ ਠੱਲ੍ਹ ਨਹੀਂ ਪਈ ਸੀ ਸਗੋਂ ਇਹ ਚਮਕੌਰ ਸਾਹਿਬ ਤੱਕ ਅਤੇ ਪਿੱਛੋਂ ਖਿਦਰਾਣੇ ਦੀ ਢਾਬ ਤੱਕ ਵੀ ਜਾਰੀ ਰਹੇ ਸਨ।

ਅਸਲ ਵਿੱਚ ਖਾਲਸਾ ਸਾਜੇ ਜਾਣ ਬਾਅਦ ਖਾਲਸੇ ਦੀ ਅਤੇ ਮੁਗਲ ਸਾਮਰਾਜ ਦੀ ਐਸੀ ਟੱਕਰ ਹੋ ਗਈ ਸੀ ਜਿਹੜੀ ਬਹੁਤ ਲੰਮੇ ਸਮੇਂ ਦੀ ਜੰਗ (ਧਰਮ-ਯੁੱਧ) ਦਾ ਰੂਪ ਧਾਰ ਗਈ ਸੀ। ਇਹ ੧੭੦੧ ਵਿੱਚ ਸ਼ੁਰੂ ਹੋਈ ਸੀ ਅਤੇ ੧੭੦੬ ਦੇ ਸ਼ੁਰੂ ਵਿੱਚ ਖਿਦਰਾਣੇ ਦੀ ਲੜਾਈ ਨਾਲ ਖ਼ਤਮ ਹੋਈ ਸੀ। ਇਸ ਨੂੰ ਅਨੰਦਪੁਰ ਸਾਹਿਬ ਦੀ ਜੰਗ ਵੀ ਕਿਹਾ ਜਾ ਸਕਦਾ ਸੀ ਜਿਹੜੀ ਕਿ ਪੰਜ ਸਾਲਾਂ ਤੱਕ ਚੱਲਦੀ ਰਹੀ ਸੀ। ਇਸ ਪੰਜ ਸਾਲਾਂ ਤੱਕ ਚੱਲਣ ਵਾਲੀ ਭਿਆਨਕ ਜੰਗ (ਧਰਮ-ਯੁੱਧ) ਵਿੱਚ ਬੇਸ਼ੱਕ ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰ ਦਾ ਅਤੇ ਅਨੰਦਪੁਰ ਸਾਹਿਬ ਵਿਖੇ ਸਾਜੇ ਗਏ ਹਜ਼ੂਰੀ ਖਾਲਸੇ ਦਾ ਬਹੁਤ ਵੱਡੀ ਪੱਧਰ 'ਤੇ ਨੁਕਸਾਨ ਹੋਇਆ ਸੀ ਪਰ ਇਸ ਵਿੱਚ ਅੰਤਮ ਤੌਰ 'ਤੇ ਫ਼ਤਿਹ ਗੁਰੂ ਗੋਬਿੰਦ ਸਿੰਘ ਜੀ ਦੀ ਹੋਈ ਸੀ। ਜ਼ਫ਼ਰਨਾਮਾ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਆਪਣੀ ਫ਼ਤਿਹ ਦਾ ਐਲਾਨਨਾਮਾ ਸੀ ਜੋ ਖਿਦਰਾਣੇ ਦੀ ਫ਼ਤਿਹ ਤੋਂ ਤੁਰੰਤ ਬਾਅਦ ਕੀਤਾ ਗਿਆ ਸੀ। ਇਸ ਤਰ੍ਹਾਂ ਇਸ ਦੇ ਲਿਖੇ ਜਾਣ ਦਾ ਸਮਾਂ ਜਨਵਰੀ ੧੭੦੬ ਈ. ਦਾ ਬਣਦਾ ਹੈ।

ਜ਼ਫ਼ਰਨਾਮਾ ਲਿਖੇ ਜਾਣ ਬਾਰੇ ਕਈ ਗੱਲਾਂ ਇਤਿਹਾਸ ਵਿੱਚ ਪਰਚੱਲਤ ਹੋ ਚੁੱਕੀਆਂ ਹਨ। ਜਿਵੇਂ ਕਿ ਜ਼ਫ਼ਰਨਾਮੇ ਨੂੰ ਦੀਨਾ-ਕਾਂਗੜ ਪਿੰਡਾਂ ਵਿੱਚ ਬਹਿ ਕੇ ਲਿਖਿਆ ਗਿਆ ਸੀ। ਜਾਪਦਾ ਹੈ ਕਿ ਦੀਨਾ-ਕਾਂਗੜ ਪਿੰਡਾਂ ਵਿੱਚ

*ਪ੍ਰੋਫੈਸਰ ਅਤੇ ਸਾਬਕਾ ਮੁਖੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

(ਬਾਕੀ ਪੰਨਾ ੨੨ 'ਤੇ)

ਗੁਰਦੁਆਰਾ ਗਜ਼ਟ (੧੯) ਮਾਘ (ਜਨਵਰੀ 2018)



ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾ ਪ੍ਰਕਾਸ਼ ਦਿਹਾੜੇ ਦੇ ਸਮਾਪਤੀ ਸਮਾਗਮਾਂ ਸਮੇਂ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ [illegible] 'ਤੇ ਭਾਈ ਗੋਬਿੰਦ ਸਿੰਘ ਲੌਂਗੋਵਾਲ ਪ੍ਰਧਾਨ, ਸ਼੍ਰੋਮਣੀ ਕਮੇਟੀ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਭੇਟ ਕਰਦੇ ਹੋਏ ਸਿੰਘ ਸਾਹਿਬ ਗਿਆਨੀ ਇਕਬਾਲ ਸਿੰਘ ਜੀ ਜਥੇਦਾਰ, ਤਖ਼ਤ ਸ੍ਰੀ ਪਟਨਾ ਸਾਹਿਬ। ਨਾਲ ਹਨ ਡਾ: ਰੂਪ ਸਿੰਘ ਮੁੱਖ ਸਕੱਤਰ ਅਤੇ ਹੋਰ ਸ਼ਖ਼ਸੀਅਤਾਂ।



ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾ ਪ੍ਰਕਾਸ਼ ਦਿਹਾੜੇ ਦੇ ਸਮਾਪਤੀ ਸਮਾਗਮਾਂ ਅਤੇ 351 ਪ੍ਰਕਾਸ਼ ਪੁਰਬ ਸਮੇਂ ਬਿਹਾਰ ਦੇ ਮੁੱਖ ਮੰਤਰੀ ਸ੍ਰੀ ਨਿਤਿਸ਼ ਕੁਮਾਰ ਨੂੰ 'ਸੇਵਾ ਰਤਨ' ਐਵਾਰਡ ਨਾਲ ਸਨਮਾਨਿਤ ਕਰਦੇ ਹੋਏ ਗਿਆਨੀ ਗੁਰਬਚਨ ਸਿੰਘ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਗਿਆਨੀ ਇਕਬਾਲ ਸਿੰਘ ਜਥੇਦਾਰ ਤਖ਼ਤ ਸ੍ਰੀ ਪਟਨਾ ਸਾਹਿਬ, ਗਿ. ਹਰਪ੍ਰੀਤ ਸਿੰਘ, ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ, ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਅਤੇ ਹੋਰ।

ਗੁਰਦੁਆਰਾ ਗਜ਼ਟ (੨੦) ਮਾਘ (ਜਨਵਰੀ 2018)



ਪਟਨਾ ਸਾਹਿਬ ਵਿਖੇ ਬਿਹਾਰ ਦੇ ਮੁੱਖ ਮੰਤਰੀ ਸ੍ਰੀ. ਨਿਤੀਸ਼ ਕੁਮਾਰ ਨੂੰ ਸਨਮਾਨਿਤ ਕਰਦੇ ਹੋਏ
ਸ. ਸੁਖਬੀਰ ਸਿੰਘ ਬਾਦਲ, ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅਤੇ ਭਾਈ ਗੋਬਿੰਦ ਸਿੰਘ ਲੌਂਗੋਵਾਲ, ਪ੍ਰਧਾਨ ਸ਼੍ਰੋਮਣੀ ਗੁ: ਪ੍ਰ: ਕਮੇਟੀ।



ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਬਿਹਾਰ ਵਿਖੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਮੌਕੇ ਸ੍ਰੀ ਅਖੰਡ ਪਾਠ ਸਾਹਿਬ
ਦੀ ਸੰਪੂਰਨਤਾ ਸਮੇਂ ਭੋਗ ਦੀ ਅਰਦਾਸ ਵਿਚ ਸ਼ਾਮਲ ਭਾਈ ਗੋਬਿੰਦ ਸਿੰਘ ਲੌਂਗੋਵਾਲ ਪ੍ਰਧਾਨ ਸ਼੍ਰੋਮਣੀ ਕਮੇਟੀ,
ਬਿਹਾਰ ਦੇ ਮੁੱਖ ਮੰਤਰੀ ਸ੍ਰੀ. ਨਿਤੀਸ਼ ਕੁਮਾਰ, ਸ. ਐੱਸ.ਐੱਸ. ਆਹਲੂਵਾਲੀਆ, ਡਾ: ਰੂਪ ਸਿੰਘ ਮੁੱਖ ਸਕੱਤਰ ਅਤੇ ਹੋਰ।

ਗੁਰਦੁਆਰਾ ਗਜ਼ਟ (੨੧) ਮਾਘ (ਜਨਵਰੀ 2018)



ਗੁਰਦੁਆਰਾ ਗਊ ਘਾਟ ਪਟਨਾ ਸਾਹਿਬ ਵਿਖੇ ਪੰਥਕ ਵਿਚਾਰਾਂ ਕਰਦੇ ਹੋਏ ਭਾਈ ਗੋਬਿੰਦ ਸਿੰਘ ਲੌਂਗੋਵਾਲ ਪ੍ਰਧਾਨ ਸ਼੍ਰੋਮਣੀ ਕਮੇਟੀ, ਜਥੇ. ਅਵਤਾਰ ਸਿੰਘ ਸਾਬਕਾ ਪ੍ਰਧਾਨ, ਬਾਬਾ ਹਰਨਾਮ ਸਿੰਘ ਖਾਲਸਾ ਮੁਖੀ ਦਮਦਮੀ ਟਕਸਾਲ, ਐਸ.ਐਸ. ਆਹਲੂਵਾਲੀਆ ਅਤੇ ਡਾ: ਰੂਪ ਸਿੰਘ ਮੁੱਖ ਸਕੱਤਰ।

(ਹੇਠਾਂ) ਗੁਰਦੁਆਰਾ ਗਊ ਘਾਟ ਪਟਨਾ ਸਾਹਿਬ ਵਿਖੇ ਗੁਰਮਤਿ ਸਮਾਗਮ ਦੌਰਾਨ ਬਾਬਾ ਹਰਬੰਸ ਸਿੰਘ ਤੋਂ ਵਰੋਸਾਏ ਬਾਬਾ ਜਸਬੀਰ ਸਿੰਘ ਨੂੰ ਸਨਮਾਨਿਤ ਕਰਨ ਸਮੇਂ ਭਾਈ ਗੋਬਿੰਦ ਸਿੰਘ ਲੌਂਗੋਵਾਲ, ਪ੍ਰਧਾਨ ਸ਼੍ਰੋਮਣੀ ਕਮੇਟੀ, ਜਥੇ. ਅਵਤਾਰ ਸਿੰਘ ਸਾਬਕਾ ਪ੍ਰਧਾਨ ਤੇ ਹੋਰ।

ਗੁਰਦੁਆਰਾ ਗਜ਼ਟ (੨੨) ਮਾਘ (ਜਨਵਰੀ 2018)



ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾ ਪ੍ਰਕਾਸ਼ ਦਿਵਸ ਦੇ ਸਮਾਪਤੀ ਸਮਾਗਮਾਂ ਸਮੇਂ
ਗੁ: ਬਾਲ ਲੀਲਾ ਸਾਹਿਬ, ਪਟਨਾ ਸਾਹਿਬ (ਬਿਹਾਰ) ਵਿਖੇ ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ
ਤੇ ਹੋਰਾਂ ਨੂੰ ਸਨਮਾਨਿਤ ਕਰਦੇ ਹੋਏ ਬਾਬਾ ਕਸ਼ਮੀਰ ਸਿੰਘ ਭੂਰੀ ਵਾਲੇ।



ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ ਵਿਖੇ ਦਰਸ਼ਨਾਂ ਸਮੇਂ ਸਨਮਾਨਿਤ ਹੋਣ ਉਪਰੰਤ
ਭਾਈ ਗੋਬਿੰਦ ਸਿੰਘ ਲੌਂਗੋਵਾਲ ਪ੍ਰਧਾਨ ਸ਼੍ਰੋਮਣੀ ਕਮੇਟੀ, ਸੀਨੀਅਰ ਮੀਤ ਪ੍ਰਧਾਨ ਸ. ਰਘੂਜੀਤ ਸਿੰਘ ਵਿਰਕ ਅਤੇ
ਡਾ. ਰੂਪ ਸਿੰਘ ਮੁੱਖ ਸਕੱਤਰ ਸੰਗਤਾਂ ਸਮੇਤ।

ਗੁਰਦੁਆਰਾ ਗਜ਼ਟ (੨੩) ਮਾਘ (ਜਨਵਰੀ 2018)



ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ, ਬਾਬਾ ਫ਼ਤਹਿ ਸਿੰਘ ਅਤੇ ਮਾਤਾ ਗੁਜਰ ਕੌਰ ਜੀ ਦੀ ਸ਼ਹਾਦਤ ਨੂੰ ਸਮਰਪਿਤ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਤੋਂ ਸਜਾਏ ਗਏ ਅਲੌਕਿਕ ਨਗਰ ਕੀਰਤਨ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਸਰੂਪ ਪਾਲਕੀ ਸਾਹਿਬ ਵਿਚ ਸੁਸ਼ੋਭਿਤ ਕਰਨ ਸਮੇਂ ਸੇਵਾ ਕਰਦੇ ਹੋਏ ਭਾਈ ਗੋਬਿੰਦ ਸਿੰਘ ਲੌਂਗੋਵਾਲ, ਪ੍ਰਧਾਨ ਸ਼੍ਰੋਮਣੀ ਕਮੇਟੀ। ਇਸ ਮੌਕੇ ਅਲੌਕਿਕ ਨਗਰ ਕੀਰਤਨ ਵਿਚ ਸ਼ਾਮਲ ਸੰਗਤਾਂ ਦਾ ਵਿਸ਼ਾਲ ਇਕੱਠ।



ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ, ਬਾਬਾ ਫ਼ਤਹਿ ਸਿੰਘ ਅਤੇ ਮਾਤਾ ਗੁਜਰ ਕੌਰ ਜੀ ਦੀ ਸ਼ਹਾਦਤ ਨੂੰ ਸਮਰਪਿਤ ਮਾਤਾ ਗੁਜਰੀ ਕਾਲਜ, ਫ਼ਤਹਿਗੜ੍ਹ ਸਾਹਿਬ ਵਿਖੇ ਕਰਵਾਏ ਗਏ ਦਸਤਾਰ/ਦੁਮਾਲਾ ਸਜਾਉਣ ਦੇ ਮੁਕਾਬਲਿਆਂ ਵਿਚ ਜੇਤੂ ਵਿਦਿਆਰਥੀਆਂ ਨਾਲ ਸ਼੍ਰੋਮਣੀ ਕਮੇਟੀ ਦੇ ਕਾਰਜ ਸਕੱਤਰ ਸ. ਦਿਲਜੀਤ ਸਿੰਘ ਬੇਦੀ ਅਤੇ ਸ. ਕਰਮਜੀਤ ਸਿੰਘ ਸੇਵਾ ਸਿੰਘ, ਡਾਇਰੈਕਟਰ ਐਜੂਕੇਸ਼ਨ ਡਾ. ਜਤਿੰਦਰ ਸਿੰਘ ਸਿੱਧੂ ਤੇ ਹੋਰ।

ਗੁਰਦੁਆਰਾ ਗਜ਼ਟ (੨੪) ਮਾਘ (ਜਨਵਰੀ 2018)



ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ ਤੋਂ ਸਜਾਏ ਗਏ ਸ਼ਹੀਦੀ ਨਗਰ ਕੀਰਤਨ ਦੀ ਸੰਪੂਰਨਤਾ ਸਮੇਂ ਗੁਰਦੁਆਰਾ ਸ੍ਰੀ ਜੋਤੀ ਸਰੂਪ ਸਾਹਿਬ ਵਿਖੇ ਅਰਦਾਸ ਕਰਦੇ ਹੋਏ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ, ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ। ਇਸ ਮੌਕੇ ਹਾਜ਼ਰ ਸਿੰਘ ਸਾਹਿਬ ਗਿ. ਜਗਤਾਰ ਸਿੰਘ ਹੈਡ ਗ੍ਰੰਥੀ, ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ, ਡਾ. ਰੂਪ ਸਿੰਘ ਮੁੱਖ ਸਕੱਤਰ, ਬਾਬਾ ਹਰਨਾਮ ਸਿੰਘ ਖਾਲਸਾ, ਗਿ. ਹਰਪਾਲ ਸਿੰਘ ਹੈਡ ਗ੍ਰੰਥੀ ਗੁ: ਫਤਹਿਗੜ੍ਹ ਸਾਹਿਬ ਅਤੇ ਹਾਜ਼ਰ ਸੰਗਤਾਂ।

ਗੁਰਦੁਆਰਾ ਗਜ਼ਟ (੨੫) ਮਾਘ (ਜਨਵਰੀ 2018)



ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾ ਪ੍ਰਕਾਸ਼ ਦਿਹਾੜੇ ਸਬੰਧੀ ਸ਼ਤਾਬਦੀ ਸਮਾਗਮਾਂ ਦੀ ਸੰਪੂਰਨਤਾ ਮੌਕੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਗੁਰਮਤਿ ਸਮਾਗਮ ਦੌਰਾਨ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ, ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ,
ਗਿਆਨੀ ਅਮਰਜੀਤ ਸਿੰਘ ਗੁਲਸ਼ਨ, ਪ੍ਰੋ: ਪ੍ਰੇਮ ਸਿੰਘ ਚੰਦੂਮਾਜਰਾ, ਪ੍ਰਿੰਸੀਪਲ ਸੁਰਿੰਦਰ ਸਿੰਘ, ਸ. ਦਿਲਜੀਤ ਸਿੰਘ ਭਿੰਡਰ,
ਭਾਈ ਅਮਰਜੀਤ ਸਿੰਘ ਚਾਵਲਾ ਤੇ ਸ. ਕਰਨੈਲ ਸਿੰਘ ਪੰਜੋਲੀ।
(ਹੇਠਾਂ) ਗੁਰਮਤਿ ਸਮਾਗਮ ਮੌਕੇ ਹਾਜ਼ਰੀ ਭਰਦੀਆਂ ਸੰਗਤਾਂ ਦਾ ਭਰਪੂਰ ਇਕੱਠ।

ਗੁਰਦੁਆਰਾ ਗਜ਼ਟ (੨੬) ਮਾਘ (ਜਨਵਰੀ 2018)




ਸ਼੍ਰੋਮਣੀ ਅਕਾਲੀ ਦਲ ਦੇ ਸਥਾਪਨਾ ਦਿਵਸ ਮੌਕੇ ਗੁ: ਸ੍ਰੀ ਮੰਜੀ ਸਾਹਿਬ ਦੀਵਾਨ ਹਾਲ (ਅੰਮ੍ਰਿਤਸਰ) ਵਿਖੇ ਕਰਵਾਏ ਗਏ ਸਮਾਗਮ ਸਮੇਂ ਸ. ਪਰਕਾਸ਼ ਸਿੰਘ ਬਾਦਲ, ਸਾਬਕਾ ਮੁੱਖ ਮੰਤਰੀ ਪੰਜਾਬ ਨੂੰ ਸਨਮਾਨਿਤ ਕਰਦੇ ਹੋਏ ਗਿ: ਗੁਰਬਚਨ ਸਿੰਘ ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ ਭਾਈ ਗੋਬਿੰਦ ਸਿੰਘ ਲੌਂਗੋਵਾਲ ਪ੍ਰਧਾਨ ਸ਼੍ਰੋਮਣੀ ਕਮੇਟੀ ਤੇ ਡਾ. ਦਲਜੀਤ ਸਿੰਘ ਚੀਮਾ ਸਾਬਕਾ ਮੰਤਰੀ ਪੰਜਾਬ।



ਸ਼੍ਰੋਮਣੀ ਅਕਾਲੀ ਦਲ ਦੇ ਸਥਾਪਨਾ ਦਿਵਸ ਮੌਕੇ ਗੁ: ਸ੍ਰੀ ਮੰਜੀ ਸਾਹਿਬ ਦੀਵਾਨ ਹਾਲ (ਅੰਮ੍ਰਿਤਸਰ) ਵਿਖੇ ਕਰਵਾਏ ਗਏ ਸਮਾਗਮ ਸਮੇਂ ਸ. ਸੁਖਬੀਰ ਸਿੰਘ ਬਾਦਲ, ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਨੂੰ ਸਨਮਾਨਿਤ ਕਰਦੇ ਹੋਏ ਗਿ: ਗੁਰਬਚਨ ਸਿੰਘ ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ ਭਾਈ ਗੋਬਿੰਦ ਸਿੰਘ ਲੌਂਗੋਵਾਲ ਪ੍ਰਧਾਨ ਸ਼੍ਰੋਮਣੀ ਕਮੇਟੀ ਤੇ ਡਾ. ਦਲਜੀਤ ਸਿੰਘ ਚੀਮਾ ਸਾਬਕਾ ਮੰਤਰੀ ਪੰਜਾਬ।

(ਪੰਨਾ ੧੮ ਦਾ ਬਾਕੀ)
ਬੈਠ ਕੇ ਲਿਖੇ ਜਾਣ ਦੀ ਗੱਲ ਇਸ ਕਰਕੇ ਸ਼ੁਰੂ ਹੋ ਗਈ ਸੀ ਕਿਉਂਕਿ ਜ਼ਫ਼ਰਨਾਮਾ ਵਿੱਚ ਕਾਂਗੜ ਪਿੰਡ ਦਾ ਜ਼ਿਕਰ ਆਉਂਦਾ ਹੈ:

ਕਿਹ ਤਸਰੀਫ਼ ਦਰ ਕਸਬਹ ਕਾਂਗੜ ਕੁਨੱਦ।
ਵਜ਼ਾਂ ਪਸ ਮੁਲਾਕਾਤ ਬਾਹਮ ਸ਼ਵੱਦ।

ਇਸ ਸ਼ੇਅਰ ਦੇ ਅਰਥ ਹਨ ਕਿ 'ਔਰੰਗਜ਼ੇਬ, ਤੂੰ ਕਾਂਗੜ ਕਸਬੇ ਵਿਖੇ ਆ ਜਾਹ, ਆਪਣੀ ਮੁਲਾਕਾਤ ਇਥੇ ਹੋ ਸਕਦੀ ਹੈ'। ਇਸ ਸ਼ੇਅਰ ਦੇ ਅਰਥਾਂ ਵਿੱਚ ਲਿਖਾਰੀਆਂ ਦੇ ਬਹੁਤ ਤਕੜੇ ਮੱਤਭੇਦ ਹਨ। ਇਤਨੇ ਤਕੜੇ ਮਤਭੇਦ ਕਿ ਦੁਹਾਂ ਧਿਰਾਂ ਦੇ ਅਰਥ ਇੱਕ-ਦੂਜੇ ਤੋਂ ਉਲਟ ਹੋ ਜਾਂਦੇ ਹਨ। ਇਸ ਬਾਰੇ ਮੈਂ ਵਿਸਥਾਰ ਵਿਚ ਤਾਂ ਅਲੱਗ ਥਾਂ 'ਤੇ ਲਿਖਾਂਗਾ ਇੱਥੇ ਤਾਂ ਸਿਰਫ਼ ਇਤਨਾ ਹੀ ਲਿਖਣਾ ਚਾਹੁੰਦਾ ਹਾਂ ਕਿ ਇਹ ਸਿਰਫ਼ ਸਥਾਨਕ ਪਰੰਪਰਾਵਾਂ ਹੀ ਹਨ ਜਿਹੜੀਆਂ ਕਹਿੰਦੀਆਂ ਹਨ ਕਿ ਜ਼ਫ਼ਰਨਾਮਾ ਕਾਂਗੜ ਵਿਖੇ ਲਿਖਿਆ ਗਿਆ ਸੀ, ਹੋਰ ਲਿਖਤੀ ਗਵਾਹੀ ਕੋਈ ਨਹੀਂ ਹੈ। ਪਰ ਜੋ ਲਿਖਤੀ ਗਵਾਹੀ, ਗੁਰੂ ਸਾਹਿਬ ਦੇ ਆਪਣੇ ਦਰਬਾਰੀ ਕਵੀ ਸੈਨਾਪਤਿ ਦੀ ਹੈ ਉਹ ਪੂਰੀ ਸਪਸ਼ਟਤਾ ਨਾਲ ਦੱਸ ਰਹੀ ਹੈ ਕਿ ਖਿਦਰਾਣੇ (ਮੁਕਤਸਰ) ਦੀ ਫ਼ਤਿਹ ਤੋਂ ਬਾਅਦ ਗੁਰੂ ਜੀ ਨੇ ਵਿਚਾਰ ਕੀਤੀ ਕਿ ਇਹ ਸਾਰੇ ਹਾਲਾਤ ਹੁਣ ਬਾਦਸ਼ਾਹ ਔਰੰਗਜ਼ੇਬ ਨੂੰ ਦੱਸ ਦੇਣੇ ਚਾਹੀਦੇ ਹਨ।

ਭਾਜ ਤੁਰਕਾਨ ਮੈਦਾਨ ਛੋਡੈ ਤਬੈ ਖੇਤ ਸਿੰਘਾਨ ਕੇ ਹਾਥ ਆਯੋ।
ਕੀਉ ਬੀਚਾਰ ਕਰਤਾਰ ਮਨ ਮੈ ਇਤੋ ਸ਼ਾਹ ਕੋ ਭੇਦ ਚਹੀਯੈ ਸੁਨਾਯੋ।
(ਧਿਆਉ ੧੩ਵਾਂ, ਬੰਦ ੧੩-੫੫੭)

ਇਸ ਤੋਂ ਵੱਡੀ ਹੋਰ ਕੋਈ ਗਵਾਹੀ ਨਹੀਂ ਹੈ ਇਸ ਗੱਲ ਦੀ ਕਿ ਜ਼ਫ਼ਰਨਾਮਾ, ਖਿਦਰਾਣੇ ਦੀ ਲੜਾਈ ਜਿੱਤਣ ਤੋਂ ਪਿੱਛੋਂ ਲਿਖਿਆ ਗਿਆ ਸੀ। ਇਸ ਲਈ ਦੀਨਾ-ਕਾਂਗੜ ਇਲਾਕੇ ਦੀ ਸਥਾਨਕ ਪਰੰਪਰਾ ਠੀਕ ਨਹੀਂ ਹੈ ਕਿ ਗੁਰੂ ਸਾਹਿਬ ਨੇ ਇਹ ਜ਼ਫ਼ਰਨਾਮਾ ਉਸ ਸਮੇਂ ਲਿਖਿਆ ਸੀ ਜਦੋਂ ਕਿ ਗੁਰੂ ਜੀ ਚਮਕੌਰ ਸਾਹਿਬ ਦੀ ਲੜਾਈ ਵਿੱਚੋਂ ਆਉਂਦੇ ਹੋਏ ਕਾਂਗੜ ਪਿੰਡ ਵਿੱਚ ਰਹੇ ਸਨ। ਕਾਂਗੜ ਅਤੇ ਦੀਨਾ ਪਿੰਡਾਂ ਦੀ ਜੂਹ ਵਿੱਚ ਰਹਿੰਦਿਆਂ ਜ਼ਫ਼ਰਨਾਮਾ ਲਿਖਣ ਦੀ ਗੱਲ ਇੱਕ ਹੋਰ ਪੱਖੋਂ ਜ਼ਰੂਰ ਮੰਨੀ ਜਾ ਸਕਦੀ ਹੈ ਕਿ ਹੋ ਸਕਦਾ ਹੈ ਕਿ ਗੁਰੂ ਜੀ ਖਿਦਰਾਣੇ ਦੀ ਲੜਾਈ ਵਿੱਚੋਂ ਫ਼ਤਿਹ ਪਰਾਪਤ ਕਰਨ ਪਿੱਛੋਂ ਇਧਰ ਆ ਗਏ ਹੋਣ ਅਤੇ ਇੱਥੇ ਕੁਝ ਸਮਾਂ ਰਹੇ ਹੋਣ। ਪਰ ਇਹ ਗੱਲ ਇੱਕ ਇਤਿਹਾਸਕ ਤੱਥ ਹੈ ਕਿ ਜ਼ਫ਼ਰਨਾਮਾ ਖਿਦਰਾਣੇ ਦੀ ਲੜਾਈ ਵਿੱਚੋਂ ਫਤਿਹ ਪਰਾਪਤ ਕਰਨ ਪਿੱਛੋਂ ਹੀ ਲਿਖਿਆ ਗਿਆ ਸੀ। ਇੱਕ ਹੋਰ ਪੱਖ ਤੋਂ ਵੀ ਇਸ ਤੱਥ ਦੀ ਪੁਸ਼ਟੀ ਹੁੰਦੀ ਹੈ ਕਿ ਜ਼ਫ਼ਰਨਾਮਾ ਇੱਕ ਜੇਤੂ-ਅੰਦਾਜ਼ ਨੂੰ ਦਰਸਾਉਂਦਾ ਨਾ ਕਿ ਫਰਿਆਦੀ-ਅੰਦਾਜ਼ ਨੂੰ। ਫਰਿਆਦੀ ਅੰਦਾਜ਼ ਤਾਂ ਜ਼ਫ਼ਰਨਾਮੇ ਵਿੱਚ ਹੈ ਹੀ ਨਹੀਂ। ਮੁੱਢ ਤੋਂ ਲੈ ਕੇ ਅਖੀਰ ਤਕ ਜੇਤੂ-ਅੰਦਾਜ਼ ਹੀ ਸਾਹਮਣੇ ਆ ਰਿਹਾ ਹੈ।

ਇਸ ਤਰ੍ਹਾਂ ਗੁਰੂ ਜੀ ਨੇ ਜ਼ਫ਼ਰਨਾਮਾ ੧੭੦੬ ਈ. ਦੇ ਜਨਵਰੀ ਮਹੀਨੇ (੧੭੬੩ ਬਿਕਰਮੀ ਦੇ ਮਾਘ ਮਹੀਨੇ) ਵਿੱਚ ਲਿਖਿਆ ਸੀ। ਇਹ ਫਾਰਸੀ ਦੇ ਸ਼ੇਅਰਾਂ ਵਿੱਚ ਸੀ ਪਰ ਇਸ ਦੀ ਇੱਕ ਬਹੁਤ ਵੱਡੀ ਸਮੱਸਿਆ ਇਹ ਹੈ ਕਿ ਇਸ ਦੇ ਜਿੰਨੇ ਵੀ ਲਿਖਤੀ ਰੂਪ ਮਿਲਦੇ ਹਨ ਉਨ੍ਹਾਂ ਸਭ ਵਿੱਚ ਹੀ ਸ਼ੇਅਰਾਂ ਦੀ ਗਿਣਤੀ ਅਤੇ ਪਾਠ ਦਾ ਵਖਰੇਵਾਂ ਹੈ। ਅਸਲ ਵਿੱਚ ਦਸਮ ਗ੍ਰੰਥ ਜਿਸ ਵਿੱਚ ਇਹ ਲਿਖਤ ਦਰਜ ਹੈ, ਦੀ ਅਜੇ ਤੱਕ ਕੋਈ ਵੀ ਐਸੀ ਕਾਪੀ ਨਹੀਂ ਮਿਲੀ ਜਿਸ ਨੂੰ ਪੂਰੀ ਤਰ੍ਹਾਂ ਪਰਵਾਣ ਕੀਤਾ ਗਿਆ ਹੋਵੇ। ਜ਼ਫ਼ਰਨਾਮਾ ਕਿਉਂਕਿ ਗੁਰੂ ਜੀ ਦੀ ਲਿਖਤ ਹੈ ਅਤੇ ਇਸ ਬਾਰੇ ਕੋਈ ਸ਼ੱਕ-ਸੁਬਹਾ ਨਹੀਂ ਹੈ, ਪਰ ਇਸ ਦੇ ਖਰੜਿਆਂ ਵਿਚਲੇ ਵਖਰੇਵੇਂ ਨੇ ਇਸ ਦੇ ਸਰੂਪ ਨੂੰ ਕਾਫੀ ਧੁੰਦਲਾ ਕਰ ਦਿੱਤਾ ਹੈ। ਸ਼ੇਅਰਾਂ ਦੀ ਅਦਲਾ-ਬਦਲੀ ਵੀ ਕੀਤੀ ਗਈ ਹੈ, ਇਨ੍ਹਾਂ ਦੀ ਗਿਣਤੀ ਵੀ ਵਧਾਈ-ਘਟਾਈ ਗਈ ਹੈ, ਅਤੇ ਇਸ ਦਾ ਫਾਰਸੀ ਤੋਂ ਪੰਜਾਬੀ ਤਰਜਮਾ ਜਾਂ ਫਾਰਸੀ ਵਾਰ-ਵਾਰ ਨਕਲ ਕਰਨ ਸਮੇਂ ਹਿੰਦਸਿਆਂ ਦੀਆਂ ਗੰਭੀਰ ਗਲਤੀਆਂ ਵੀ ਕੀਤੀਆਂ ਗਈਆਂ ਹਨ। ਅੱਜ ਜ਼ਫ਼ਰਨਾਮੇ ਦੀਆਂ ਕਈ ਛਾਪਾਂ ਮਿਲਦੀਆਂ ਹਨ। ਇੱਕ ਛਾਪ ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਵਲੋਂ ਛਪੀ ਹੋਈ ਮਿਲਦੀ ਹੈ। ਇੱਕ ਛਾਪ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਲੋਂ ਛਪੀ ਹੋਈ ਨਿਰੰਜਨ ਸਿੰਘ ਨੂਰ ਦੀ ਮਿਲਦੀ ਹੈ। ਇੱਕ ਪਿਆਰਾ ਸਿੰਘ ਪਦਮ ਦਾ ਸੰਪਾਦਿਤ ਕੀਤਾ ਹੋਇਆ ਹੈ। ਹੋਰ ਪ੍ਰਾਈਵੇਟ

ਪਬਲੀਸ਼ਰਾਂ ਦੇ ਕਈ ਐਡੀਸ਼ਨ ਮਿਲਦੇ ਹਨ ਜਿਨ੍ਹਾਂ ਦਾ ਕੋਈ ਵੀ ਸਿਰ-ਪੈਰ ਨਹੀਂ ਹੈ। ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਵਲੋਂ ਜਿਹੜਾ ਜ਼ਫ਼ਰਨਾਮਾ ਬੜੇ ਸੁੰਦਰ ਰੰਗਦਾਰ ਪੰਨਿਆਂ ਵਿੱਚ ਛਾਪਿਆ ਹੋਇਆ ਹੈ ਉਸ ਬਾਰੇ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇਸ ਨੂੰ ਵਿਦਵਾਨਾਂ ਦੀ ਇੱਕ ਕਮੇਟੀ ਨੇ ਪੂਰੀ ਛਾਣ-ਬੀਣ ਕਰਨ ਉਪਰੰਤ ਛਾਪਿਆ ਹੈ। ਪਰ ਇਹ ਛਾਪ ਵੀ, ਡਾ. ਗੰਡਾ ਸਿੰਘ ਵਲੋਂ 'ਮਾਖਜ਼ਿ ਤਵਾਰੀਖ਼-ਏ-ਸਿੱਖਾਂ' ਵਿੱਚ ਦਿੱਤੇ ਗਏ ਜ਼ਫ਼ਰਨਾਮੇ ਨਾਲ ਨਹੀਂ ਮਿਲਦੀ। ਵਿਦਵਾਨਾਂ ਦੀ ਕਮੇਟੀ ਵਲੋਂ ਕੀਤੀ ਗਈ ਛਾਣਬੀਣ ਦਾ ਕੀ ਫ਼ਾਇਦਾ ਜਦੋਂ ਉਨ੍ਹਾਂ ਨੇ ਸਾਰੀਆਂ ਪੁਰਾਤਨ ਛਾਪਾਂ ਦਾ ਜ਼ਿਕਰ ਹੀ ਨਹੀਂ ਕੀਤਾ। ਆਖਰ ਕੋਈ ਹੱਲ ਨਾ ਲੱਭਦਾ ਦੇਖ ਮੈਂ ਇਥੇ ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਵਾਲੀ ਛਾਪ ਨੂੰ ਹੀ ਵਰਤ ਰਿਹਾ ਹਾਂ। ਇਸ ਦੇ ੧੧੨ ਸ਼ੇਅਰ ਹਨ ਪਰ ਇਸ ਛਾਪ ਦੀ ਵੱਡੀ ਮੁਸ਼ਕਲ ਇਹ ਹੈ ਕਿ ਇਸ ਵਿੱਚ ਪਰੂਫ-ਰੀਡਿੰਗ ਦੀਆਂ ਬਹੁਤ ਹੀ ਗੰਭੀਰ ਗਲਤੀਆਂ ਹਨ। ਜਿਹੜੀ ਛਾਪ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਲੋਂ ਛਾਪੀ ਹੋਈ ਹੈ ਉਹ ਪਰੂਫ ਰੀਡਿੰਗ ਵਲੋਂ ਕਾਫ਼ੀ ਸ਼ੁੱਧ ਹੈ ਪਰ ਇਸ ਦੇ ਸ਼ੇਅਰਾਂ ਵਿੱਚ ਅਦਲਾ-ਬਦਲੀ ਹੈ। ਮੈਂ ਇਸ ਦਾ ਇਹੀ ਠੀਕ ਢੰਗ ਲੱਭਿਆ ਹੈ ਕਿ ਮੈਂ ਸ਼ੇਅਰ ਤਾਂ ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਵਾਲੀ ਛਾਪ ਦੇ ਹੀ ਰੱਖੇ ਹਨ ਪਰ ਹਿੰਦਸਿਆਂ ਦੀ ਦਰੁਸਤੀ ਪੰਜਾਬੀ ਯੂਨੀਵਰਸਿਟੀ, ਪਟਿਆਲਾ, ਨਿਰੰਜਨ ਸਿੰਘ ਨੂਰ ਦੀ ਛਾਪ ਵਾਲੀ ਰੱਖੀ ਹੈ।

ਹੇਠਾਂ ਸਿਰਫ਼ ਫਾਰਸੀ ਸ਼ੇਅਰਾਂ ਦਾ ਭਾਵ ਅਰਥ ਹੀ ਦਿੱਤਾ ਜਾ ਰਿਹਾ ਹੈ। ਜ਼ਫ਼ਰਨਾਮੇ ਵਿੱਚ ਕਈ ਵਾਰ ਕੁੱਝ ਗੱਲਾਂ ਦਾ ਦੁਹਰਾ ਵੀ ਹੋਇਆ ਹੈ ਪਰ ਇੱਥੇ ਉਸ ਦੁਹਰਾ ਨੂੰ ਨਹੀਂ ਦਿੱਤਾ ਜਾ ਰਿਹਾ ਹੈ। ਕਈ ਥਾਈਂ ਇਕੋ ਜਿਹੇ ਅਰਥ ਪ੍ਰਦਾਨ ਕਰਨ ਵਾਲੇ ਸ਼ੇਅਰਾਂ ਨੂੰ ਇੱਕੋ ਭਾਵ ਨਾਲ ਹੀ ਬਿਆਨ ਕੀਤਾ ਗਿਆ ਹੈ। ਇਹ ਭਾਵ ਅਰਥ ਸ਼ੇਅਰ ਤੋਂ ਸ਼ੇਅਰ ਜਾਂ ਸ਼ਬਦ ਤੋਂ ਸ਼ਬਦ ਦੇ ਨਹੀਂ ਹਨ।[੧]

ਕੁੱਲ ੧੧੨ ਸ਼ੇਅਰਾਂ ਵਿੱਚੋਂ ਪਹਿਲਾਂ ਬਾਰਾਂ ਸ਼ੇਅਰਾਂ ਵਿੱਚ ਅਕਾਲ ਪੁਰਖ ਪਰਮਾਤਮਾ ਦੀ ਸਿਫਤ ਕੀਤੀ ਗਈ ਹੈ। ਅਕਾਲ ਪੁਰਖ ਦੀ ਸਿਫਤ ਕਰਦਿਆਂ ਕਿਹਾ ਗਿਆ ਹੈ ਕਿ ਉਹ ਹਮੇਸ਼ਾਂ ਸਥਿਰ ਰਹਿਣ ਵਾਲਾ, ਅਲੌਕਿਕ ਸ਼ਕਤੀਆਂ ਦਾ ਮਾਲਕ, ਮਹਾਨ ਕਿਰਪਾਲੂ, ਖੁਸ਼ੀਆਂ ਬਖ਼ਸ਼ਣ ਵਾਲਾ, ਰਿਜ਼ਕ ਦੇਣ ਵਾਲਾ, ਮੁਕਤੀ ਦਾਤਾ, ਰਹਿਮ ਕਰਨ ਵਾਲਾ, ਸ਼ਰਨ ਪਏ ਦੀ ਲਾਜ ਰੱਖਣ ਵਾਲਾ, ਔਖੇ ਸਮੇਂ ਬਾਂਹ ਪਕੜਨ ਵਾਲਾ, ਭੁੱਲਾਂ ਬਖ਼ਸ਼ਣ ਵਾਲਾ, ਨੇਕੀਆਂ ਬਖ਼ਸ਼ਣ ਵਾਲਾ, ਰਸਤਾ ਦਿਖਾਉਣ ਵਾਲਾ, ਨਿਮਾਣਿਆਂ ਨੂੰ ਨਿਵਾਜਣ ਵਾਲਾ, ਦੁਸ਼ਮਣਾਂ ਨੂੰ ਖ਼ਤਮ ਕਰਨ ਵਾਲਾ, ਅਨਾਥਾਂ ਨੂੰ ਪਾਲਣ ਵਾਲਾ, ਧਰਮ ਗਰੰਥਾਂ ਦੇ ਸਾਰ ਨੂੰ ਜਾਣਨ ਵਾਲਾ, ਬ੍ਰਹਿਮੰਡ ਦਾ ਗਿਆਨ ਰੱਖਣ ਵਾਲਾ ਅਤੇ ਹਰ ਮੁਸ਼ਕਲ ਨੂੰ ਹੱਲ ਕਰਨ ਵਾਲਾ ਹੈ। ਉਹ ਅਕਾਲ ਪੁਰਖ ਰੰਗ ਰੂਪ ਤੋਂ ਰਹਿਤ, ਸੰਸਾਰ ਤੋਂ ਨਿਰਲੇਪ, ਵੱਡਿਆਂ ਤੋਂ ਵੱਡਾ, ਮਹਾਂ-ਸੁੰਦਰ, ਸੋਝੀਵਾਨ ਅਤੇ ਨਿਪੁੰਨਤਾ ਦਾ ਪੁੰਜ ਹੈ।[੨] ਇਨ੍ਹਾਂ ਤੋਂ ਇਲਾਵਾ ਜ਼ਫ਼ਰਨਾਮਾ ਦੇ ਅਖੀਰਲੇ ਚਾਰ ਸ਼ੇਅਰ ਵੀ ਪਰਮਾਤਮਾ ਦੀ ਹੀ ਉਸਤਤ ਵਿੱਚ ਉਚਾਰੇ ਗਏ ਹਨ। ਇਨ੍ਹਾਂ ਵਿੱਚ ਕਿਹਾ ਗਿਆ ਹੈ ਕਿ ਅਕਾਲ ਪੁਰਖ ਨਾਸ਼ ਰਹਿਤ, ਰੂਪ ਰਹਿਤ, ਬਿਨਾਂ ਕਿਸੇ ਚਿਹਨ ਚੱਕਰ ਤੋਂ, ਬਹੁਤ ਡੂੰਘਾਈਆਂ ਵਿੱਚ ਸਥਿਰ ਰਹਿਣ ਵਾਲਾ, ਭਰਮ-ਰਹਿਤ, ਬੇਅੰਤ, ਜਨਮ ਮਰਨ ਤੋਂ ਰਹਿਤ, ਭੇਦ-ਰਹਿਤ, ਇੱਛਾ-ਰਹਿਤ, ਕਰਮ ਚੱਕਰ ਤੋਂ ਰਹਿਤ, ਇਸਤਰੀ-ਰਹਿਤ ਅਤੇ ਹਰ ਭੇਖ ਤੋਂ ਰਹਿਤ ਹੈ।

ਗੁਰੂ ਗੋਬਿੰਦ ਸਿੰਘ ਜੀ ਲਿਖ ਰਹੇ ਸਨ ਕਿ ਮੈਂ ਪਰਮਾਤਮਾ ਨੂੰ ਆਪਣਾ ਸਾਖੀ ਸਮਝ ਕੇ ਲਿਖ ਰਿਹਾ ਹਾਂ ਕਿ ਮੈਨੂੰ ਤੇਰੀਆਂ ਕੁਰਾਨ ਦੀਆਂ ਕਸਮਾਂ 'ਤੇ ਕੋਈ ਵੀ ਇਤਬਾਰ ਨਹੀਂ ਹੈ। ਜਿਸ ਬਾਦਸ਼ਾਹ ਦੇ ਫੌਜਦਾਰ ਅਤੇ ਵਜ਼ੀਰ ਆਦਿ ਝੂਠ ਬੋਲਣ ਵਾਲੇ ਹੋਣ ਮੈਨੂੰ ਅਜਿਹੇ ਬਾਦਸ਼ਾਹ 'ਤੇ ਉੱਕਾ ਹੀ ਕੋਈ ਭਰੋਸਾ ਨਹੀਂ ਹੈ। ਕਿਉਂਕਿ ਤੇਰੀਆਂ ਕੁਰਾਨ ਦੀਆਂ ਕਸਮਾਂ 'ਤੇ ਭਰੋਸਾ ਕੀਤਾ ਗਿਆ ਸੀ ਇਸੇ ਕਾਰਨ ਹੀ ਮੇਰਾ ਇਤਨਾ ਨੁਕਸਾਨ ਹੋਇਆ ਹੈ। ਪਰਮਾਤਮਾ ਦੀ ਸ਼ਰਨ ਵਿੱਚ ਆਏ ਵਿਅਕਤੀ ਦਾ ਕੋਈ ਵੀ ਸ਼ੈਤਾਨ ਕੁਝ ਨਹੀਂ ਵਿਗਾੜ ਸਕਦਾ ਕਿਉਂਕਿ ਪਰਮਾਤਮਾ ਦੀ ਸ਼ਰਨ ਉਸ ਹੁਮਾ ਜੈਸੇ ਤਾਕਤਵਰ ਪੰਛੀ ਦੇ ਸਮਾਨ ਹੈ ਜਿਸ ਦੀ ਸ਼ਰਨ ਲੈ ਕੇ ਵਿਅਕਤੀ ਬਾਦਸ਼ਾਹ ਵੀ ਬਣ ਸਕਦਾ ਹੈ ਅਤੇ ਉਸ ਦੀ ਸ਼ਰਨ ਵਿੱਚ ਬੈਠੇ ਬੰਦੇ ਦਾ ਕਾਂ ਜੈਸੇ ਚਲਾਕ ਜਾਨਵਰ ਕੁਝ ਨਹੀਂ ਵਿਗਾੜ ਸਕਦੇ। ਪਰਮਾਤਮਾ ਦੀ ਸ਼ਰਨ ਸ਼ੇਰ ਜੈਸੀ ਹੁੰਦੀ ਹੈ ਜਿਸ ਕੋਲ ਜੰਗਲ ਦਾ ਹੋਰ ਕੋਈ ਵੀ ਜਾਨਵਰ ਨਹੀਂ ਪਹੁੰਚ ਸਕਦਾ। ਜੇ ਮੈਂ ਤੇਰੇ ਵਾਂਗ ਕੁਰਾਨ ਦੀ ਕਸਮ ਚੁੱਕੀ ਹੁੰਦੀ ਤਾਂ ਮੈਂ ਲੜਾਈ ਵਾਲੇ ਪਾਸੇ ਉੱਕਾ ਹੀ ਨਹੀਂ ਪੈਣਾ ਸੀ।[੩]

"ਚਾਲੀ ਭੁੱਖੇ-ਭਾਣੇ ਬੰਦੇ ਆਖਰ ਕਿਤਨਾ ਕੁ ਚਿਰ ਲੜ ਸਕਦੇ ਹਨ ਜੇ ਉਨ੍ਹਾਂ ਉਤੇ ਅਣਗਿਣਤ ਫੌਜ ਆ

ਝਪਟੇ। ਤੇਰੇ ਇਹ ਬਚਨ-ਭੰਗ ਕਰਨ ਵਾਲੇ ਸੈਨਿਕ ਅਧਿਕਾਰੀ ਅਚਾਨਕ ਹੀ ਪਿੱਛੋਂ ਆ ਝਪਟੇ ਅਤੇ ਤਲਵਾਰਾਂ, ਤੀਰਾਂ ਤੇ ਬੰਦੂਕਾਂ ਨਾਲ ਹਮਲਾ ਕਰ ਦਿੱਤਾ। ਮਜਬੂਰੀ ਅਧੀਨ ਮੈਨੂੰ ਵੀ ਆਪਣਾ ਬਚਾ ਕਰਨ ਲਈ ਰਣਭੂਮੀ ਵਿੱਚ ਖੜਨਾ ਪਿਆ ਅਤੇ ਹਥਿਆਰਾਂ ਦੀ ਵਰਤੋਂ ਕਰਨੀ ਪਈ। ਕਿਉਂਕਿ ਜੇ ਆਪਣੇ ਬਚਾਅ ਦੇ ਸਾਰੇ ਅਮਨਮਈ ਸਾਧਨ ਖ਼ਤਮ ਹੋ ਜਾਣ ਤਾਂ ਤਲਵਾਰ ਨੂੰ ਹੱਥ ਵਿੱਚ ਚੁੱਕ ਲੈਣਾ ਜਾਇਜ਼ ਹੁੰਦਾ ਹੈ। ਇਹ ਸਭ ਕੁਝ ਮੈਨੂੰ ਤਾਂ ਹੀ ਕਰਨਾ ਪਿਆ ਸੀ ਕਿਉਂਕਿ ਮੈਂ ਤੇਰੀਆਂ ਕੁਰਾਨ ਦੀਆਂ ਕਸਮਾਂ 'ਤੇ ਭਰੋਸਾ ਕੀਤਾ ਸੀ। ਮੈਨੂੰ ਤੇਰੀ ਮਕਾਰੀ ਦਾ ਉੱਕਾ ਹੀ ਕੋਈ ਪਤਾ ਨਹੀਂ ਸੀ। ਨਹੀਂ ਤਾਂ ਮੈਂ ਤੇਰੇ 'ਤੇ ਕਦੇ ਭਰੋਸਾ ਕਰਨਾ ਹੀ ਨਹੀਂ ਸੀ। ਇਹ ਤੇਰਾ ਅਖ਼ਲਾਕੀ ਫ਼ਰਜ਼ ਬਣਦਾ ਸੀ ਕਿ ਕੁਰਾਨ ਦੀਆਂ ਕਸਮਾਂ 'ਤੇ ਭਰੋਸਾ ਕਰਨ ਵਾਲੇ ਵਿਅਕਤੀ ਨੂੰ ਕਿਸੇ ਨੁਕਸਾਨ ਤੋਂ ਬਚਾ ਕੇ ਰੱਖਦਾ।"[੪]

"ਤੇਰੀਆਂ ਕਾਲੀਆਂ ਵਰਦੀਆਂ ਵਾਲੀ ਫੌਜ ਸ਼ਹਿਦ ਦੀਆਂ ਮੱਖੀਆਂ ਵਾਂਗ ਆ ਝਪਟੀ ਅਤੇ ਇਕਦਮ ਸ਼ੋਰ ਮਚਾਉਣ ਲਗ ਪਈ। ਪਰ ਮੈਂ ਵੀ ਹਰ ਉਸ ਸੈਨਿਕ ਨੂੰ ਤੀਰਾਂ ਨਾਲ ਫੁੰਡ ਸੁੱਟਿਆ ਜਿਹੜਾ ਵੀ ਦੀਵਾਰਾਂ ਦੀ ਓਟ ਤੋਂ ਨਿਕਲ ਕੇ ਸਾਹਮਣੇ ਆਇਆ ਸੀ। ਜਿਹੜੇ ਕਾਇਰ ਸਿਪਾਹੀ ਦੀਵਾਰਾਂ ਦੇ ਓਹਲੇ ਛੁਪੇ ਰਹੇ ਸਿਰਫ਼ ਉਹੋ ਹੀ ਮੇਰੇ ਤੀਰਾਂ ਦੀ ਮਾਰ ਤੋਂ ਬਚੇ ਸਨ। ਤੇਰੇ ਨਾਹਰ ਖਾਨ ਜੈਸੇ ਜਰਨੈਲ ਨੂੰ ਵੀ ਤੀਰਾਂ ਦੀ ਮਾਰ ਦਾ ਮਜ਼ਾ ਚਖ਼ਾ ਦਿੱਤਾ ਸੀ। ਮੇਰੇ ਤੀਰਾਂ ਦੀ ਮਾਰ ਤੋਂ ਡਰਦੇ ਤੇਰੇ ਕਈ ਸ਼ੇਖੀਖ਼ੋਰ ਪਠਾਣ ਭੱਜ ਨਿਕਲੇ ਸਨ। ਭਾਵੇਂ ਇੱਕ ਪਠਾਣ ਪੂਰੇ ਹੌਂਸਲੇ ਨਾਲ ਹੜ੍ਹ ਵਾਂਗ ਮੇਰੇ ਸਾਹਮਣੇ ਆਇਆ ਸੀ। ਉਸ ਨੇ ਕਈ ਹਮਲੇ ਬਹਾਦਰਾਂ ਵਾਂਗ ਵੀ ਕੀਤੇ ਸਨ ਪਰ ਕਈ ਵਾਰ ਉਹ ਪਾਗਲਾਂ ਵਾਂਗ ਹਰਕਤਾਂ ਕਰਦਾ ਸੀ। ਭਾਵੇਂ ਉਸ ਨੇ ਮੇਰੇ ਦੋ ਸਿੰਘਾਂ ਨੂੰ ਵੀ ਸ਼ਹੀਦ ਕਰ ਦਿੱਤਾ ਸੀ ਪਰ ਮੈਂ ਵੀ ਉਸ ਨੂੰ ਭੱਜਣ ਨਹੀਂ ਦਿੱਤਾ ਅਤੇ ਰਣਭੂਮੀ ਦੇ ਵਿੱਚ ਹੀ ਢਹਿ-ਢੇਰੀ ਕਰ ਦਿੱਤਾ ਸੀ। ਪਰ ਤੇਰੀ ਫੌਜ ਦਾ ਜਰਨੈਲ ਦੁਸ਼ਟ, ਜਿਸ ਨੇ ਮੈਨੂੰ ਜਿਉਂਦੇ ਨੂੰ ਫੜਨ ਦਾ ਬੀੜਾ ਚੁੱਕਿਆ ਹੋਇਆ ਸੀ, ਡਰਦਾ ਹੋਇਆ ਮੇਰੇ ਸਾਹਮਣੇ ਹੀ ਨਹੀਂ ਹੋਇਆ ਅਤੇ ਦੀਵਾਰ ਦੇ ਓਹਲੇ ਹੀ ਛੁਪਿਆ ਰਿਹਾ ਸੀ। ਮੈਨੂੰ ਅਫਸੋਸ ਹੈ ਕਿ ਮੈਂ ਉਸ ਖਵਾਜ਼ਾ ਮਰਦੂਦ ਦਾ ਮੂੰਹ ਨਹੀਂ ਦੇਖ ਸਕਿਆ। ਜੇ ਮੈਨੂੰ ਇਕ ਵਾਰ ਵੀ ਉਸ ਦਾ ਚੇਹਰਾ ਦਿਸ ਜਾਂਦਾ ਮੈਂ ਉਸ ਨੂੰ ਉਸੇ ਵਕਤ ਹੀ ਤੀਰ ਨਾਲ ਫੁੰਡ ਲੈਣਾ ਸੀ। ਅਖੀਰ, ਤੀਰਾਂ ਅਤੇ ਗੋਲੀਆਂ ਦੀਆਂ ਬੁਛਾੜਾਂ ਨਾਲ ਦੋਹਾਂ ਪਾਸਿਆਂ ਦੇ ਕਾਫੀ ਸਿਪਾਹੀ ਮਾਰੇ ਗਏ ਸਨ। ਖੂਨ ਨਾਲ ਧਰਤੀ ਲਾਲ ਹੋਈ ਪਈ ਸੀ। ਗਲੀਆਂ ਵਿੱਚ ਸ਼ਹੀਦ ਹੋਏ ਸਿਪਾਹੀਆਂ ਦੇ ਸਿਰ, ਬਾਹਾਂ ਅਤੇ ਲੱਤਾਂ ਖੇਡਣ ਦੇ ਮੈਦਾਨ ਵਿੱਚ ਖਿੱਦੋ-ਖੂੰਡੀਆਂ ਵਾਂਗ ਖਿਲਰੀਆਂ ਪਈਆਂ ਸਨ। ਤੀਰਾਂ ਦੀ ਟੁਣਕਾਰ ਨਾਲ ਤੇਰੀ ਫੌਜ ਵਿੱਚ ਸਹਿਮ ਛਾ ਗਿਆ ਸੀ। ਮੇਰੇ ਸਿੰਘਾਂ ਦੇ ਲਹੂ-ਪੀਣੇ ਬਰਛਿਆਂ ਨੇ ਤੇਰੇ ਵੱਡੇ-ਵੱਡੇ ਸੂਰਮਿਆਂ ਦੀ ਮੱਤ ਮਾਰ ਦਿੱਤੀ ਸੀ। ਆਖਰ ਮੇਰੇ ਚਾਲ੍ਹੀ ਭੁੱਖੇ-ਭਾਣੇ ਸਿੰਘਾਂ ਦੀ ਇਕੱਲੀ ਬਹਾਦਰੀ ਕੀ ਕਰ ਸਕਦੀ ਸੀ ਜਦੋਂ ਕਿ ਤੇਰੀ ਬੇਸ਼ੁਮਾਰ ਫੌਜ ਉਨ੍ਹਾਂ ਉਪਰ ਟੁੱਟ ਪਈ ਸੀ।"[੫]

"ਜਦੋਂ ਸੂਰਜ ਛੁਪ ਗਿਆ ਤੇ ਹਨੇਰਾ ਹੋ ਗਿਆ ਸੀ ਚੰਦਰਮਾ ਨਿਕਲ ਆਇਆ ਸੀ ਤਾਂ ਚੰਦਰਮਾ ਦੀ ਚਾਨਣੀ ਵਿੱਚ ਮੇਰੇ ਪਰਮਾਤਮਾ ਨੇ ਮੇਰੀ ਅਗਵਾਈ ਕੀਤੀ। ਮੇਰਾ ਵਾਲ ਵੀ ਵਿੰਗਾ ਨਹੀਂ ਹੋਇਆ ਸੀ। ਪਰਮਾਤਮਾ ਖੁਦ ਮੈਨੂੰ ਬਚਾ ਕੇ ਕੱਢ ਕੇ ਲੈ ਗਿਆ ਸੀ। ਮੈਨੂੰ ਇਸ ਸਮੇਂ ਹੀ ਪਤਾ ਲਗਿਆ ਸੀ ਕਿ ਬਾਦਸ਼ਾਹ ਮਕਾਰੀ ਅਤੇ ਪੈਸੇ ਦਾ ਪੁਜਾਰੀ ਹੈ। ਨਾ ਤਾਂ ਤੇਰੇ ਪੱਲੇ ਕੋਈ ਈਮਾਨ ਹੈ, ਨਾ ਹੀ ਤੂੰ ਧਰਮ ਦੇ ਮਾਰਗ 'ਤੇ ਚੱਲਣ ਵਾਲਾ ਹੈਂ। ਨਾ ਹੀ ਤੂੰ ਰੱਬ ਨੂੰ ਪਹਿਚਾਣਦਾ ਹੈਂ ਅਤੇ ਨਾ ਹੀ ਤੈਨੂੰ ਹਜ਼ਰਤ ਮੁਹੰਮਦ 'ਤੇ ਹੀ ਭਰੋਸਾ ਹੈ। ਧਰਮ-ਈਮਾਨ ਵਾਲੇ ਲੋਕ ਕਦੇ ਵੀ ਆਪਣੇ ਵਾਅਦਿਆਂ-ਕਸਮਾਂ ਤੋਂ ਨਹੀਂ ਮੁਕਰਦੇ ਹੁੰਦੇ। ਜਿਸ ਬਾਦਸ਼ਾਹ ਨੂੰ ਨਾ ਕੁਰਾਨ ਦੀ ਕਸਮ ਦੀ ਪਰਵਾਹ ਹੈ ਤੇ ਨਾ ਹੀ ਇੱਕ ਪਰਮਾਤਮਾ 'ਤੇ ਭਰੋਸਾ ਹੈ ਉਸ ਉਪਰ ਭੋਰਾ ਭਰ ਵੀ ਇਤਬਾਰ ਨਹੀਂ ਕੀਤਾ ਜਾ ਸਕਦਾ। ਹੁਣ ਤੂੰ ਭਾਵੇਂ ਕੁਰਾਨ ਦੀਆਂ ਸੌ ਕਸਮਾਂ ਵੀ ਖਾਵੇਂ ਮੈਂ ਤੇਰੇ 'ਤੇ ਇਤਬਾਰ ਨਹੀਂ ਕਰਾਂਗਾ।"[੬]

"ਜੇ ਤੂੰ ਕਸਮਾਂ ਤੇ ਵਾਅਦਿਆਂ ਦਾ ਪੱਕਾ ਹੁੰਦਾ ਤਾਂ ਤੇਰਾ ਫ਼ਰਜ਼ ਬਣਦਾ ਸੀ ਕਿ ਤੂੰ ਆਪਣੀਆਂ ਕਸਮਾਂ ਮੁਤਾਬਕ ਆਪਣੇ ਵਾਅਦੇ ਪੂਰੇ ਕਰਦਾ। ਇਹ ਗੱਲਾਂ ਐਸੀਆਂ ਹਨ ਜਿਨ੍ਹਾਂ ਨੂੰ ਮੈਂ ਤੇਰੇ ਸਾਹਮਣੇ ਤੇ ਤੇਰੇ ਮੂੰਹ 'ਤੇ ਕਰਨਾ ਚਾਹੁੰਦਾ ਸੀ। ਤੈਨੂੰ ਆਪਣੇ ਹਿਸਾਬ ਮੁਤਾਬਕ ਕੰਮ ਕਰਨਾ ਚਾਹੀਦਾ ਸੀ। ਜਿਹੜਾ ਸੁਨੇਹਾ ਤੈਂ ਮੈਨੂੰ ਆਪਣੇ ਕਾਜ਼ੀ ਰਾਹੀਂ ਭੇਜਿਆ ਸੀ ਤੈਨੂੰ ਉਸ ਅਨੁਸਾਰ ਕੰਮ ਕਰਨਾ ਚਾਹੀਦਾ ਸੀ। ਇਹ ਤੇਰੇ ਲਈ ਸੋਭਦਾ ਨਹੀਂ ਕਿ ਤੂੰ ਅੰਦਰੋਂ ਕੁਝ ਹੋਰ ਹੋਵੇਂ ਅਤੇ ਬਾਹਰੋਂ ਕੁਝ ਹੋਰ। ਸੱਚੇ ਮਰਦ ਦਾ ਮਤਲਬ ਹੁੰਦਾ ਹੈ ਕਿ ਉਹ ਜ਼ੁਬਾਨ ਦਾ ਪੱਕਾ ਹੋਵੇ। ਜੋ

ਕੁਝ ਤੈਂ ਕਾਜ਼ੀ ਰਾਹੀਂ ਮੈਨੂੰ ਅਖਵਾਇਆ ਸੀ ਮੈਨੂੰ ਉਹ ਸਭ ਕੁਝ ਮਨਜ਼ੂਰ ਸੀ। ਪਰ ਤੂੰ ਹੀ ਇਸ ਮੁਤਾਬਕ ਕੰਮ ਨਹੀਂ ਕੀਤਾ। ਜੇ ਤੂੰ ਉਹ ਲਿਖਤ ਦੇਖਣੀ ਚਾਹੁੰਦਾ ਹੈਂ ਜਿਹੜੀ ਤੇਰੇ ਅਧਿਕਾਰੀਆਂ ਨੇ ਮੈਨੂੰ ਪੇਸ਼ ਕੀਤੀ ਸੀ ਉਹ ਮੈਂ ਤੈਨੂੰ ਦਿਖਾ ਵੀ ਸਕਦਾ ਹਾਂ। ਇਹ ਲਿਖਤ ਕੁਰਾਨ ਦੀ ਜਿਲਦ ਉਪਰ ਲਿਖ ਕੇ ਪੇਸ਼ ਕੀਤੀ ਗਈ ਸੀ।"[੭]

ਕੁਰਾਨ ਦੀ ਜਿਲਦ ਉਪਰ ਜੋ ਕੁਝ ਲਿਖ ਕੇ ਗੁਰੂ ਜੀ ਪਾਸ ਭੇਜਿਆ ਸੀ ਉਸ ਬਾਰੇ ਤਾਂ ਪਤਾ ਨਹੀਂ ਹੈ ਕਿ ਕੀ ਕੁਝ ਲਿਖ ਕੇ ਭੇਜਿਆ ਸੀ ਕਿਉਂਕਿ ਉਹ ਲਿਖਤ ਸਾਡੇ ਸਾਹਮਣੇ ਨਹੀਂ ਆ ਸਕੀ। ਪਰ ਜ਼ਫ਼ਰਨਾਮੇ ਦੇ ਅਗਲੇ ਸ਼ੇਅਰਾਂ ਦੀ ਸ਼ਬਦਾਵਲੀ ਤੋਂ ਇਉਂ ਜਾਪਦਾ ਹੈ ਕਿ ਔਰੰਗਜ਼ੇਬ ਨੇ ਗੁਰੂ ਜੀ ਨਾਲ ਮੁਲਾਕਾਤ ਕਰਨੀ ਚਾਹੀ ਸੀ। ਇਸ ਮੁਲਾਕਾਤ ਕਰਨ ਦੇ ਜਵਾਬ ਵਿੱਚ ਗੁਰੂ ਜੀ ਨੇ ਇਉਂ ਲਿਖਿਆ ਸੀ:

"ਔਰੰਗਜ਼ੇਬ, ਜੇ ਤੂੰ ਸਚਮੁੱਚ ਹੀ ਮੇਰੇ ਨਾਲ ਮੁਲਾਕਾਤ ਕਰਨੀ ਚਾਹੁੰਦਾ ਹੈਂ ਤਾਂ ਤੂੰ ਮਾਲਵੇ ਵਿੱਚ ਕਾਂਗੜ ਕਸਬੇ ਵਿੱਚ ਆ। ਇੱਥੇ ਹੀ ਆਪਣੀ ਮੁਲਾਕਾਤ ਸੰਭਵ ਹੋ ਸਕਦੀ ਹੈ। ਇੱਥੇ ਆਉਣ ਸਮੇਂ ਤੈਨੂੰ ਕੋਈ ਖ਼ਤਰਾ ਨਹੀਂ ਹੋਵੇਗਾ ਕਿਉਂਕਿ ਇਥੋਂ ਦੀ ਸਮੁੱਚੀ ਬਰਾੜ ਕੌਮ ਮੇਰੇ ਹੁਕਮ ਵਿੱਚ ਹੈ। ਇਸ ਕਰਕੇ ਇੱਥੇ ਆ ਤਾਂ ਕਿ ਅਸੀਂ ਆਪਸ ਵਿੱਚ ਸਾਹਮਣੇ ਮੱਥੇ ਮੁਲਾਕਾਤ ਕਰਕੇ ਜ਼ਬਾਨੀ ਗੱਲਾਂ ਕਰ ਸਕੀਏ।"[੮]

"ਜੇ ਤੂੰ ਆਪਣੇ ਆਪ ਨੂੰ ਸੱਚਾ ਖੁਦਾ-ਪਰੱਸਤ ਸਮਝਦਾ ਹੈਂ ਤਾਂ ਚੰਗਾ ਕੰਮ ਕਰਨ ਵਿੱਚ ਢਿੱਲ ਨਾ ਕਰ। ਤੈਨੂੰ ਚਾਹੀਦਾ ਹੈ ਕਿ ਤੂੰ ਸੱਚੇ ਰੱਬ ਨੂੰ ਪਛਾਣੇ ਅਤੇ ਕਿਸੇ ਦੇ ਕਹੇ-ਕਹਾਏ ਲੋਕਾਂ ਉਪਰ ਜ਼ੁਲਮ ਨਾ ਕਰੇਂ। ਤੂੰ ਤਖ਼ਤ ਦਾ ਮਾਲਕ ਬਾਦਸ਼ਾਹ ਹੈਂ ਪਰ ਤੇਰਾ ਇਨਸਾਫ ਬਿਲਕੁਲ ਨਹੀਂ ਹੈ। ਇਹ ਹੈਰਾਨੀ ਵਾਲੀ ਗੱਲ ਹੈ ਕਿ ਤਾਕਤਵਰ ਬਾਦਸ਼ਾਹ ਦੇ ਰਾਜ ਵਿੱਚ ਇਨਸਾਫ ਨਾ ਮਿਲੇ। ਤੇਰੀ ਇਸ ਤਰ੍ਹਾਂ ਦੀ ਬਾਦਸ਼ਾਹਤ 'ਤੇ ਸੌ ਸੌ ਵਾਰ ਅਫਸੋਸ ਹੈ। ਤੇਰੇ ਇਨਸਾਫ, ਤੇਰੀ ਦੀਨਦਾਰੀ ਜਾਂ ਧਰਮ-ਪ੍ਰਸਤੀ ਉੱਤੇ ਹੈਰਾਨੀ ਹੁੰਦੀ ਹੈ। ਤੂੰ ਇੱਕ ਪਾਸੇ ਤਾਂ ਇਹ ਮੰਨਦਾ ਹੈਂ ਕਿ ਪਰਜਾ ਨੂੰ ਸੱਚ ਬੋਲਣਾ ਚਾਹੀਦਾ ਹੈ ਪਰ ਦੂਜੇ ਪਾਸੇ ਤੂੰ ਖੁਦ ਹਰ ਝੂਠ-ਫਰੇਬ ਦਾ ਸਹਾਰਾ ਲੈ ਰਿਹਾ ਹੈਂ। ਤੂੰ ਲੋਕਾਂ ਦਾ ਖੂਨ ਨਾ ਬਹਾ। ਇੱਕ ਦਿਨ ਇਸੇ ਤਲਵਾਰ ਨੇ ਤੇਰਾ ਵੀ ਖੂਨ ਬਹਾ ਦੇਣਾ ਹੈ। ਪਰਮਾਤਮਾ ਬੇਪਰਵਾਹ ਹੈ ਅਤੇ ਕਿਸੇ ਵੀ ਖੁਸ਼ਾਮਦ ਨਾਲ ਖੁਸ਼ ਨਹੀਂ ਹੁੰਦਾ। ਇਸ ਕਰਕੇ ਤੂੰ ਰੱਬ ਤੋਂ ਡਰ।"[੯]

"ਅਕਾਲ ਪੁਰਖ ਸ਼ਹਿਨਸ਼ਾਹਾਂ ਦਾ ਸ਼ਾਹ ਹੈ, ਉਹ ਅਰਸ਼-ਫਰਸ਼ ਦਾ ਵਾਲੀ ਹੈ ਅਤੇ ਅਸਲ ਹੁਕਮਰਾਨ ਹੈ। ਸਾਰੀ ਸ੍ਰਿਸ਼ਟੀ ਉਸੇ ਦੀ ਪੈਦਾ ਕੀਤੀ ਹੋਈ ਹੈ। ਉਹ ਕੀੜੀ ਤੋਂ ਲੈ ਕੇ ਹਾਥੀ ਤੱਕ ਦਾ ਪਾਲਣਹਾਰ ਹੈ। ਉਹ ਗਰੀਬ ਨਿਵਾਜ਼ ਹੈ ਅਤੇ ਦੋਸ਼ੀਆਂ ਨੂੰ ਸੋਧਣ ਵਾਲਾ ਹੈ। ਉਸ ਦਾ ਕੋਈ ਰੰਗ-ਰੂਪ ਨਹੀਂ ਹੈ। ਤੇਰੇ ਸਿਰ ਉਪਰ ਕੁਰਾਨ ਦੀਆਂ ਚੁੱਕੀਆਂ ਹੋਈਆਂ ਕਸਮਾਂ ਦਾ ਭਾਰ ਹੈ। ਜਦੋਂ ਤੱਕ ਇਨ੍ਹਾਂ ਨੂੰ ਪੂਰਾ ਨਹੀਂ ਕਰੇਂਗਾ ਤੂੰ ਸੁਰਖਰੂ ਨਹੀਂ ਹੋ ਸਕੇਂਗਾ। ਇਸ ਲਈ ਤਕੜਾ ਹੋ ਅਤੇ ਇਸ ਭਾਰ ਨੂੰ ਹਲਕਾ ਕਰ।"[੧੦]

"ਕੀ ਹੋ ਗਿਆ ਜੇ ਮੇਰੇ ਚਾਰੇ ਪੁੱਤਰ ਮਾਰੇ ਗਏ ਹਨ ਜਦੋਂ ਕਿ ਕੁੰਡਲੀਏ ਸੱਪ ਦੀ ਤਰ੍ਹਾਂ ਮਾਰ ਕਰਨ ਵਾਲਾ ਮੇਰਾ ਖਾਲਸਾ ਪੂਰੀ ਤਰ੍ਹਾਂ ਕਾਇਮ ਹੈ। ਤੂੰ ਇੱਕ ਚੰਗਿਆੜੀ ਨੂੰ ਬੁਝਾ ਕੇ ਆਪਣੇ ਆਪ ਨੂੰ ਬਹਾਦਰ ਸਮਝ ਰਿਹਾ ਹੈਂ? ਮੈਂ ਇਨ੍ਹਾਂ ਚੰਗਿਆੜੀਆਂ ਤੋਂ ਹੀ ਅੱਗ ਦੇ ਭਾਂਬੜ ਬਾਲ ਦੇਣੇ ਹਨ। ਫਿਰਦੌਸੀ ਕਵੀ ਦੀ ਸਿੱਖਿਆ ਤੋਂ ਸੇਧ ਲੈ ਜਿਸ ਵਿੱਚ ਕਿਹਾ ਗਿਆ ਹੈ ਕਿ ਬਾਦਸ਼ਾਹ ਨੂੰ ਕਦੇ ਵੀ ਕਾਹਲੀ ਤੋਂ ਕੰਮ ਨਹੀਂ ਲੈਣਾ ਚਾਹੀਦਾ। ਜੇ ਆਪਣੀ ਕਦੇ ਮੁਲਾਕਾਤ ਹੋਣ ਦੀ ਗੁੰਜ਼ਾਇਸ਼ ਹੋਵੇ ਤਾਂ ਮੈਂ ਚਾਹੁੰਦਾ ਹਾਂ ਕਿ ਉਹ ਕਾਜ਼ੀ ਵੀ ਉੱਥੇ ਹੀ ਹੋਵੇ ਜਿਹੜਾ ਤੇਰਾ ਲਿਖਤੀ ਸੁਨੇਹਾ ਲੈ ਕੇ ਆਇਆ ਸੀ। ਜੇ ਤੂੰ ਆਪਣੇ ਵਾਅਦੇ ਭੁਲਾ ਸਕਦਾ ਹੈਂ ਤਾਂ ਵਾਹਿਗੁਰੂ ਵੀ ਤੈਨੂੰ ਭੁੱਲ ਸਕਦਾ ਹੈ। ਜੇ ਤੂੰ ਦੀਨ-ਧਰਮ ਅਨੁਸਾਰ ਕੰਮ ਕਰੇਂਗਾ ਤਾਂ ਇਸ ਦਾ ਫਾਇਦਾ ਤੈਨੂੰ ਜ਼ਰੂਰ ਹੋਵੇਗਾ। ਧਰਮ ਦੀ ਪਾਲਣਾ ਅਤੇ ਰੱਬ ਦੀ ਪਛਾਣ ਹੋਣੀ ਚਾਹੀਦੀ ਹੈ। ਤੂੰ ਖੁਦਾ ਦੀ ਪਹਿਚਾਨ ਕਿਸ ਤਰ੍ਹਾਂ ਕਰ ਸਕਦਾ ਹੈਂ ਕਿਉਂਕਿ ਤੂੰ ਤਾਂ ਲੋਕਾਂ ਉਪਰ ਜ਼ੁਲਮ ਕਰ ਰਿਹਾ ਹੈਂ। ਹੁਣ ਤੇਰੇ ਵਲੋਂ ਸੌ ਸੌ ਵਾਰ ਕਸਮਾਂ ਖਾਣ ਦੀ ਕੋਈ ਵੁੱਕਤ ਨਹੀਂ ਹੈ। ਨਾ ਮੈਂ ਤੇਰੇ ਪਾਸ ਆਵਾਂਗਾ ਅਤੇ ਨਾ ਹੀ ਇਹ ਰਸਤਾ ਧਾਰਨ ਕਰਾਂਗਾ। ਸ਼ਹਿਨਸ਼ਾਹ ਪਰਮਾਤਮਾ ਨੇ ਜਿੱਥੇ ਚਾਹਿਆ ਮੈਂ ਉੱਥੇ ਜਾਵਾਂਗਾ।"[੧੧]

"ਮੰਨਿਆ ਕਿ ਤੂੰ ਬੜੇ ਭਾਗਾਂ ਵਾਲਾ ਬਾਦਸ਼ਾਹ ਹੈਂ। ਤੂੰ ਸਾਹ ਅਸਵਾਰ ਅਤੇ ਬਹੁਤ ਹੁਸ਼ਿਆਰ ਹੈਂ। ਤੂੰ ਸੁੰਦਰ, ਬੁੱਧੀਵਾਨ ਅਤੇ ਧਨ-ਦੌਲਤ ਵਾਲਾ ਹਾਕਮ ਹੈਂ। ਤੂੰ ਦੇਗ ਤੇਗ ਦਾ ਧਨੀ ਵੀ ਹੈਂ। ਤੂੰ ਜਾਗੀਰਾਂ ਤੇ ਦੌਲਤਾਂ ਵੀ ਬਖ਼ਸ਼ਣ ਵਾਲਾ ਹੈਂ। ਤੂੰ ਪਹਾੜ ਵਾਂਗ ਅਡੋਲ ਤੇ ਸਥਿਰ ਹੈਂ। ਤੂੰ ਆਲਮਗੀਰ ਵੀ ਹੈਂ ਪਰ ਤੂੰ ਦੀਨ-ਧਰਮ ਤੋਂ ਬਹੁਤ

ਦੂਰ ਹੈਂ। ਸਮਾਂ ਬੜਾ ਬਲਵਾਨ ਹੈ। ਇਹ ਵੱਡਿਆਂ ਵੱਡਿਆਂ ਨੂੰ ਢਾਹ ਲੈਂਦਾ ਹੈ। ਪਰਮਾਤਮਾ ਇੱਕ ਬੰਦੇ ਕੋਲੋਂ ਵੀ ਅਣਗਿਣਤ ਲੋਕਾਂ ਦਾ ਮੁਕਾਬਲਾ ਕਰਵਾ ਸਕਦਾ ਹੈ। ਇਸੇ ਕਰਕੇ ਜਿਸ ਦਾ ਦੋਸਤ ਪਰਮਾਤਮਾ ਹੈ ਉਸ ਦਾ ਕੋਈ ਕੁਝ ਵੀ ਨਹੀਂ ਵਿਗਾੜ ਸਕਦਾ। ਉਸ ਨੇ ਅੱਛੀ ਮੱਤ ਬਖ਼ਸ਼ਣੀ ਹੈ। ਉਹ ਦੁਸ਼ਟ ਨੂੰ ਗਾਲਦਾ ਹੈ ਤੇ ਗਰੀਬੀ ਪਾਲਦਾ ਹੈ। ਸੱਚ ਦੇ ਮਾਰਗ 'ਤੇ ਚੱਲਣ ਵਾਲੇ ਦੀ ਪਰਮਾਤਮਾ ਮਦਦ ਕਰਦਾ ਹੈ। ਉਹ ਆਪਣੇ ਭਗਤ ਦੀ ਲਾਜ ਰੱਖਦਾ ਹੈ। ਉਸ ਦੇ ਭਗਤ ਦਾ ਕੋਈ ਕੁਝ ਨਹੀਂ ਬਿਗਾੜ ਸਕਦਾ। ਨਿਤਾਣੇ ਦਾ ਰਾਖਾ ਖੁਦ ਪਰਮਾਤਮਾ ਹੈ। ਜੇ ਤੈਨੂੰ ਤੇਰੀਆਂ ਫੌਜਾਂ ਅਤੇ ਧਨ-ਦੌਲਤ 'ਤੇ ਮਾਣ ਹੈ, ਮੈਨੂੰ ਪਰਮਾਤਮਾ ਦੀਆਂ ਮਿਹਰਬਾਨੀਆਂ 'ਤੇ ਮਾਣ ਹੈ। ਇਹ ਜੱਗ ਚਾਰ ਦਿਨਾਂ ਦਾ ਮੇਲਾ ਹੈ। ਹਰ ਵਿਅਕਤੀ ਸਮੇਂ ਦੇ ਚੱਕਰ ਵਿੱਚ ਹੈ। ਇਸ ਕਰਕੇ ਗਰੀਬਾਂ ਨੂੰ ਤੰਗ ਨਾ ਕਰ ਅਤੇ ਝੂਠੀਆਂ ਕਸਮਾਂ ਨਾ ਖਾ। ਰੱਬ ਦੀ ਸ਼ਰਨ ਵਿੱਚ ਬੈਠੇ ਬੰਦੇ ਨੂੰ ਦੁਸ਼ਮਣ ਕੁਝ ਵੀ ਨਹੀਂ ਕਰ ਸਕਦਾ।"[੧੨]

੧੩ਵੇਂ ਸ਼ੇਅਰ ਤੋਂ ਲੈ ਕੇ ੧੦੯ਵੇਂ ਸ਼ੇਅਰ ਤਕ ਦਾ ਇਹ ਭਾਵਅਰਥ ਰੂਪੀ ਤੱਤਸਾਰ ਹੈ। ਇਸ ਸਾਰੇ ਪੱਤਰ ਤੋਂ ਕਈ ਗੱਲਾਂ ਬਾਰੇ ਜਾਣਕਾਰੀ ਮਿਲਦੀ ਹੈ ਭਾਵੇਂ ਕਿ ਇਸ ਜਾਣਕਾਰੀ ਦੀ ਪ੍ਰੋੜ੍ਹਤਾ ਲਈ ਕੋਈ ਹੋਰ ਗਵਾਹੀ ਨਹੀਂ ਹੈ। ਇੱਕ ਗੱਲ ਤਾਂ ਇਹ ਪਤਾ ਲਗਦੀ ਹੈ ਕਿ ਔਰੰਗਜ਼ੇਬ ਪੂਰੀ ਤਰ੍ਹਾਂ ਪੰਜਾਬ ਦੇ ਮਸਲਿਆਂ ਨਾਲ ਜੁੜਿਆ ਹੋਇਆ ਸੀ। ਉਹ ਗੁਰੂ ਸਾਹਿਬ ਦੇ ਮਿਸ਼ਨ ਦੀ ਪਲ-ਪਲ ਦੀ ਜਾਣਕਾਰੀ ਹਾਸਲ ਕਰ ਰਿਹਾ ਸੀ। ਉਸ ਦੀ ਖ਼ਤੋ-ਖਿਤਾਬਤ ਜਾਂ ਗੱਲਾਂ-ਬਾਤਾਂ ਦੇ ਰੂਪ ਵਿੱਚ ਸੁਨੇਹਿਆਂ ਅਤੇ ਵਾਅਦਿਆਂ ਦਾ ਆਦਾਨ-ਪਰਦਾਨ ਹੁੰਦਾ ਰਹਿੰਦਾ ਸੀ। ਜ਼ਫ਼ਰਨਾਮੇ ਵਿੱਚ ਬਹੁਤੀ ਵਾਰ ਜ਼ਿਕਰ ਕੁਰਾਨ ਦੀਆਂ ਕਸਮਾਂ ਤੋਂ ਮੁਕਰਨ ਦਾ ਆਇਆ ਹੈ। ਇਸ ਦਾ ਮਤਲਬ ਹੈ ਔਰੰਗਜ਼ੇਬ ਨੇ ਖੁਦ ਜਾਂ ਉਸ ਦੇ ਵਲੋਂ ਉਸ ਦੇ ਅਧਿਕਾਰੀਆਂ ਨੇ ਕੁਰਾਨ ਦੀਆਂ ਕਸਮਾਂ ਖਾ ਕੇ ਗੁਰੂ ਸਾਹਿਬ ਨੂੰ ਅਨੰਦਪੁਰ ਸਾਹਿਬ ਨੂੰ ਛੱਡ ਕੇ ਕਿਸੇ ਹੋਰ ਜਗ੍ਹਾ ਜਾ ਕੇ ਰਹਿਣ ਲਈ ਜ਼ਰੂਰ ਹੀ ਭਰੋਸੇ ਦਿਵਾਏ ਹੋਣਗੇ। ਹੋਰ ਜਗ੍ਹਾ ਸਿਰਫ਼ ਪੰਜਾਬ ਦੇ ਮਾਲਵੇ ਵਿੱਚ ਹੀ ਹੋ ਸਕਦੀ ਸੀ। ਗੁਰੂ ਸਾਹਿਬ ੧੭੦੫ ਵਿੱਚ ਅਨੰਦਪੁਰ ਸਾਹਿਬ ਨੂੰ ਖਾਲੀ ਕਰਕੇ ਆਏ ਵੀ ਰੋਪੜ ਵਾਲੇ ਪਾਸੇ ਸਨ। ਇਹ ਹੀ ਰਸਤਾ ਮਾਲਵੇ ਵੱਲ ਨੂੰ ਜਾਂਦਾ ਸੀ। ਮਾਲਵਾ ਜੱਟ ਸਿੱਖਾਂ ਦਾ ਗੜ੍ਹ ਸੀ। ਇੱਥੇ ਜੱਟ ਕਬੀਲਿਆਂ ਦੀਆਂ ਚੌਧਰਾਂ ਸਨ। ਹੋ ਸਕਦਾ ਹੈ ਕਿ ਕਾਂਗੜ ਦੇ ਧਾਲੀਵਾਲ ਜੱਟਾਂ ਦੀ ਚੌਧਰ ਹਕੂਮਤ ਦੇ ਜ਼ਿਆਦਾ ਨੇੜੇ ਹੋਵੇ ਕਿ ਇੱਥੇ ਗੁਰੂ ਸਾਹਿਬ ਨੂੰ ਰਿਹਾਇਸ਼ ਬਦਲ ਕੇ ਰਹਿਣ ਵਿੱਚ ਕੋਈ ਮੁਸ਼ਕਲ ਨਹੀਂ ਆਉਣੀ ਸੀ। ਸਾਰੇ ਵਾਅਦੇ ਇਸੇ ਦੀ ਹਾਮੀ ਭਰਦੇ ਹਨ। ਪਰ ਇਹ ਤੋੜ ਦਿੱਤੇ ਗਏ ਸਨ। ਅਨੰਦਪੁਰ ਸਾਹਿਬ ਨੂੰ ਖਾਲੀ ਕਰਨ ਦੇ ਤੁਰੰਤ ਬਾਅਦ ਹੀ ਗੁਰੂ ਜੀ ਉਪਰ ਹਮਲਾ ਕੀਤਾ ਗਿਆ ਸੀ ਅਤੇ ਚਮਕੌਰ ਸਾਹਿਬ ਤੱਕ ਨਾਲੇ ਤਾਂ ਸਾਰੇ ਦਾ ਸਾਰਾ ਹਜ਼ੂਰੀ ਖਾਲਸਾ ਸ਼ਹੀਦ ਹੋ ਗਿਆ ਸੀ ਤੇ ਨਾਲੇ ਚਾਰੇ ਸਾਹਿਬਜ਼ਾਦੇ। ਇਸ ਤੋਂ ਵੱਡਾ ਹੋਰ ਕਿਹੜਾ ਨੁਕਸਾਨ ਹੋ ਸਕਦਾ ਸੀ? ਇਸੇ ਕਰਕੇ ਹੀ ਗੁਰੂ ਸਾਹਿਬ ਕਸਮਾਂ ਤੋੜਨ ਵਾਲੀ ਗੱਲ 'ਤੇ ਸਭ ਤੋਂ ਵੱਧ ਜ਼ੋਰ ਦੇ ਰਹੇ ਹਨ।

ਕਾਂਗੜ ਵਿਖੇ ਚੰਗੇ ਮਾਹੌਲ ਵਿੱਚ ਗੁਰੂ ਸਾਹਿਬ ਨਾਲ ਕੀਤੀ ਜਾਣ ਵਾਲੀ ਮੁਲਾਕਾਤ ਦਾ ਜ਼ਿਕਰ ਵੀ ਆਉਂਦਾ ਹੈ। ਹੋ ਸਕਦਾ ਹੈ ਕਿ ਹਕੂਮਤ ਵਲੋਂ ਹੋਰ ਥਾਂ ਗੁਰੂ ਸਾਹਿਬ ਲਈ ਸੁਝਾਈ ਗਈ ਹੋਵੇ ਪਰ ਗੁਰੂ ਸਾਹਿਬ ਮੁਲਾਕਾਤ ਲਈ ਆਪਣੀ ਸ਼ਰਤ ਇਹ ਕਹਿ ਕੇ ਲਗਾ ਰਹੇ ਹਨ ਕਿ ਜੇ ਔਰੰਗਜ਼ੇਬ ਨੇ ਜਾਂ ਉਸ ਦੇ ਵੱਲੋਂ ਉਸ ਦੇ ਕਿਸੇ ਹੋਰ ਅਧਿਕਾਰੀ ਨੇ ਗੁਰੂ ਸਾਹਿਬ ਨਾਲ ਕੋਈ ਮੁਲਾਕਾਤ ਕਰਨੀ ਹੀ ਹੈ ਤਾਂ ਉਹ ਕਾਂਗੜ ਵਿੱਚ ਜਾਂ ਮਾਲਵੇ ਵਿੱਚ ਕਿਸੇ ਵੀ ਥਾਂ 'ਤੇ ਹੋ ਸਕਦੀ ਹੈ। ਮਾਲਵੇ ਵਿੱਚ ਬਰਾੜ ਕਬੀਲਿਆਂ ਦਾ ਜ਼ਿਆਦਾ ਜ਼ੋਰ ਸੀ। ਗੁਰੂ ਸਾਹਿਬ ਇਹ ਗੱਲ ਬੜੇ ਮਾਣ ਨਾਲ ਕਹਿ ਰਹੇ ਹਨ ਕਿ ਇੱਥੋਂ ਦੀ ਸਮੁੱਚੀ ਬਰਾੜ ਕੌਮ ਉਨ੍ਹਾਂ ਦੇ ਹੁਕਮ ਵਿੱਚ ਹੈ।[੧੩] ਮਾਲਵਾ ਗੁਰੂ ਸਾਹਿਬ ਦੀ ਸ਼ਕਤੀ ਸੀ। ਮੁਕਤਸਰ (ਖਿਦਰਾਣੇ) ਦੀ ਲੜਾਈ ਨੇ ਇਹ ਗੱਲ ਪੂਰੀ ਤਰ੍ਹਾਂ ਸਾਬਤ ਕਰ ਦਿੱਤੀ ਸੀ।

ਅਗਲਾ ਸਭ ਤੋਂ ਅਹਿਮ ਨੁਕਤਾ ਇਹ ਸਾਹਮਣੇ ਆਉਂਦਾ ਹੈ ਕਿ ਸਮੁੱਚੇ ਜ਼ਫ਼ਰਨਾਮੇ ਵਿੱਚ ਇੱਕ ਵਾਰ ਵੀ ਇਹ ਗੱਲ ਨਹੀਂ ਆਉਂਦੀ ਕਿ ਗੁਰੂ ਸਾਹਿਬ ਔਰੰਗਜ਼ੇਬ ਨਾਲ ਮੁਲਾਕਾਤ ਦਾ ਸਮਾਂ ਮੰਗ ਰਹੇ ਸਨ। ਗੁਰੂ ਸਾਹਿਬ ਤਾਂ ਸਗੋਂ ਵਾਰ ਵਾਰ ਕਹਿ ਰਹੇ ਹਨ ਕਿ ਉਹ ਨਾ ਹੀ ਤਾਂ ਔਰੰਗਜ਼ੇਬ 'ਤੇ ਮੁੜ ਕੇ ਇਤਬਾਰ ਹੀ ਕਰਨਗੇ ਭਾਵੇਂ ਉਹ ਸੌ ਸੌ ਵਾਰ ਵੀ ਕਸਮਾਂ ਕਿਉਂ ਨਾ ਖਾਵੇ। ਨਾ ਹੀ ਉਹ ਔਰੰਗਜ਼ੇਬ ਨਾਲ ਮੁਲਾਕਾਤ ਹੀ ਕਰਨਗੇ। ਉਹ ਕਿਸੇ ਪਾਸੇ ਵੀ ਜਾ ਸਕਦੇ ਹਨ ਪਰ ਔਰੰਗਜ਼ੇਬ ਨਾਲ ਮੁਲਾਕਾਤ ਕਰਨ ਵਾਲੇ ਰਸਤੇ ਨਹੀਂ ਪੈਣਗੇ।

ਔਰੰਗਜ਼ੇਬ ਨੂੰ ਇਹ ਵੀ ਕਿਹਾ ਗਿਆ ਹੈ ਕਿ ਭਾਵੇਂ ਉਹ ਕਿਤਨੀ ਵੀ ਵਿਸ਼ਾਲ ਭੂਮੀ ਦਾ ਬਾਦਸ਼ਾਹ ਹੈ। ਭਾਵ

ਕਿ ਉਹ ਕਿਤਨਾ ਵੀ ਸ਼ਕਤੀਸ਼ਾਲੀ ਹੈ ਪਰ ਕਿਉਂਕਿ ਉਸ ਦਾ ਦੀਨ-ਈਮਾਨ ਕੋਈ ਨਹੀਂ ਇਸ ਕਰਕੇ ਉਸ ਦਾ ਇਤਨਾ ਵੱਡਾ ਬਾਦਸ਼ਾਹ ਹੋਣਾ ਕੋਈ ਮਾਅਣੇ ਨਹੀਂ ਰੱਖਦਾ। ਇਹ ਗੱਲ ਵੀ ਦੇਖਣ ਵਾਲੀ ਹੈ ਕਿ ਸਾਰੇ ਜ਼ਫਰਨਾਮੇ ਵਿੱਚ ਗੁਰੂ ਜੀ ਨੇ ਇੱਕ ਵੀ ਐਸੀ ਮੰਗ ਨਹੀਂ ਰੱਖੀ ਜਿਹੜੀ ਉਨ੍ਹਾਂ ਦੇ ਨਿਜ ਨਾਲ ਸੰਬੰਧਤ ਹੋਵੇ ਜਾਂ ਜਿਹੜੀ ਸੰਪਰਦਾਈ ਹੋਵੇ। ਜੋ ਇੱਕੋ-ਇੱਕ ਮੰਗ ਰੱਖੀ ਗਈ ਹੈ ਉਹ ਸਿਰਫ਼ ਲੋਕਾਂ ਉਪਰ ਜ਼ੁਲਮ ਬੰਦ ਕਰ ਕੇ ਇਨਸਾਫ ਦਾ ਰਾਜ ਕਾਇਮ ਕਰਨ ਦੀ ਰੱਖੀ ਗਈ ਹੈ। ਅਸਲ ਵਿੱਚ ਗੁਰੂ ਜੀ ਦਾ ਮਿਸ਼ਨ ਹੀ ਸਰਬੱਤ ਦਾ ਭਲਾ ਸੀ। ਉਨ੍ਹਾਂ ਦਾ ਮਿਸ਼ਨ ਸੀ ਕਿ ਲੋਕਾਂ ਦਾ ਆਪਣਾ ਰਾਜ ਹੋਵੇ ਅਤੇ ਹਰ ਵਿਅਕਤੀ ਸੁਤੰਤਰ ਹੋਵੇ। ਸਭ ਲੋਕ ਦਸਾਂ ਨਹੁੰਆਂ ਦੀ ਕਿਰਤ ਕਰਨ ਅਤੇ ਵੰਡ ਕੇ ਛਕਣ। ਪਰਮਾਤਮਾ ਦਾ ਨਾਮ ਜਪਿਆ ਜਾਵੇ। ਗੁਰੂ ਸਾਹਿਬ ਔਰੰਗਜ਼ੇਬ ਨੂੰ ਵਾਰ ਵਾਰ ਕਹਿ ਰਹੇ ਹਨ ਕਿ ਉਨ੍ਹਾਂ ਨੂੰ ਸੱਚਾ ਖ਼ੁਦਾ-ਪ੍ਰਸਤ ਹੋਣਾ ਚਾਹੀਦਾ ਹੈ, ਰੱਬ ਦੀ ਪਛਾਣ ਕਰਨੀ ਚਾਹੀਦੀ ਹੈ ਅਤੇ ਗਰੀਬਾਂ ਨਾਲ ਜ਼ੁਲਮ ਨਹੀਂ ਕਰਨਾ ਚਾਹੀਦਾ ਹੈ। ਉਹ ਔਰੰਗਜ਼ੇਬ ਨੂੰ ਇਹ ਵੀ ਦੱਸ ਰਹੇ ਹਨ ਕਿ ਉਹ ਕਾਲ ਤੋਂ ਰਹਿਤ ਨਹੀਂ ਹੈ। ਉਹ ਵੀ ਕਾਲ ਦੇ ਅਧੀਨ ਹੈ। ਉਸ ਨੇ ਵੀ ਇਕ ਦਿਨ ਮਰਨਾ ਹੈ। ਜਿਸ ਤਲਵਾਰ ਨਾਲ ਉਹ ਬੇਦੋਸ਼ਿਆਂ ਦਾ ਖ਼ੂਨ ਵਹਾ ਰਿਹਾ ਹੈ। ਇਸੇ ਤਲਵਾਰ ਨੇ ਇੱਕ ਦਿਨ ਉਸ ਦਾ ਵੀ ਖ਼ੂਨ ਪੀ ਜਾਣਾ ਹੈ। ਐਸੀਆਂ ਗੱਲਾਂ ਇੱਕ ਬਾਦਸ਼ਾਹ ਨੂੰ ਅਤੇ ਉਹ ਵੀ ਔਰੰਗਜ਼ੇਬ ਜੈਸੇ ਬਾਦਸ਼ਾਹ ਨੂੰ, ਸਿਫਰ ਇੱਕ ਕਹਿਣੀ ਅਤੇ ਕਰਨੀ ਦਾ ਪੂਰਾ ਗੁਰੂ ਹੀ ਕਹਿ ਸਕਦਾ ਸੀ। ਜੇ ਇਹ ਵੀ ਕਹਿ ਲਿਆ ਜਾਵੇ ਕਿ ਜ਼ਫਰਨਾਮੇ ਰਾਹੀਂ ਗੁਰੂ ਜੀ ਨੇ ਔਰੰਗਜ਼ੇਬ ਨੂੰ ਪੂਰੀ ਤਰ੍ਹਾਂ ਫਿਟਕਾਰ ਪਾਈ ਸੀ ਤਾਂ ਵੀ ਇਹ ਅਤਿਕਥਨੀ ਨਹੀਂ ਹੋਵੇਗਾ।

ਜ਼ਫ਼ਰਨਾਮੇ ਵਿੱਚੋਂ ਅਹਿਮ ਨੁਕਤਾ ਇਕ ਇਹ ਪਰਗਟ ਹੁੰਦਾ ਹੈ ਕਿ ਗੁਰੂ ਜੀ ਦਾ ਲੜਾਈਆਂ ਕਰਨ ਵਾਲੇ ਪਾਸੇ ਪੈਣ ਦਾ ਉੱਕਾ ਹੀ ਕੋਈ ਇਰਾਦਾ ਨਹੀਂ ਸੀ। ਉਨ੍ਹਾਂ ਨੂੰ ਮਜਬੂਰਨ ਤਲਵਾਰ ਚੁੱਕਣੀ ਪਈ ਸੀ। ਜਦੋਂ ਇਨਸਾਫ ਹਾਸਲ ਕਰਨ ਦਾ ਕੋਈ ਵੀ ਵਸੀਲਾ ਨਹੀਂ ਰਿਹਾ ਸੀ ਤਾਂ ਹੀ ਆਖਰ ਤਲਵਾਰ ਚੁੱਕਣੀ ਪਈ ਸੀ। ਇਹ ਗੱਲ ਬੜੀ ਅਹਿਮੀਅਤ ਰੱਖਦੀ ਹੈ। ਜਾਦੂਨਾਥ ਸਰਕਾਰ ਜੈਸੇ ਕੌਮੀ ਪੱਧਰ ਦੇ ਇਤਿਹਾਸਕਾਰ ਇਹ ਲਿਖ ਕੇ ਆਪਣੇ ਅਣਜਾਣਪੁਣੇ ਦਾ ਸਬੂਤ ਦੇ ਦਿੰਦੇ ਹਨ ਕਿ ਗੁਰੂ ਸਾਹਿਬ ਨੇ ਸਿੱਖਾਂ ਨੂੰ ਸ਼ਾਂਤੀ ਵਾਲੇ ਰਾਹ ਤੋਂ ਹਟਾ ਕੇ ਲੜਾਈਆਂ ਕਰਨ ਵਾਲੇ ਪਾਸੇ ਪਾ ਦਿੱਤਾ ਸੀ। ਇਹ ਜਾਦੂ ਨਾਥ ਸਰਕਾਰ ਦੀ ਅਣਜਾਣਤਾ ਹੈ। ਲੜਾਈਆਂ ਵਾਲੇ ਪਾਸੇ ਸਿੱਖਾਂ ਨੂੰ ਗੁਰੂ ਜੀ ਨੇ ਨਹੀਂ ਪਾਇਆ ਸਗੋਂ ਸਮੇਂ ਦੀ ਹਕੂਮਤ ਨੇ ਗੁਰੂ ਜੀ ਨੂੰ ਤਲਵਾਰ ਚੁੱਕਣ ਲਈ ਮਜਬੂਰ ਕਰ ਦਿੱਤਾ ਸੀ। ਇਹ ਗੱਲ ਜ਼ਫ਼ਰਨਾਮੇ ਵਿੱਚੋਂ ਪੂਰੀ ਤਰ੍ਹਾਂ ਸਪਸ਼ਟ ਹੋ ਜਾਂਦੀ ਹੈ।

ਅਸਲ ਵਿੱਚ ਜ਼ਫ਼ਰਨਾਮਾ ਗੁਰੂ ਜੀ ਦੇ ਜੀਵਨ ਵਾਕਿਆਤ ਨਾਲ ਸੰਬੰਧਤ ਇੱਕ ਐਸਾ ਦਸਤਾਵੇਜ਼ ਹੈ ਜਿਸ ਦੀ ਇਤਿਹਾਸਕ ਮਹੱਤਤਾ ਬਹੁਤ ਜ਼ਿਆਦਾ ਹੈ। ਇਹ ਗੁਰੂ ਜੀ ਦੇ ਜੀਵਨ ਦੇ ਅਨੇਕਾਂ ਪੱਖਾਂ ਬਾਰੇ ਚਾਨਣਾ ਪਾਉਂਦਾ ਹੈ। ਇਸ ਤੋਂ ਬਿਨ੍ਹਾਂ ਗੁਰੂ ਜੀ ਦੇ ਜੀਵਨ ਬਾਰੇ ਲਿਖਣਾ ਆਪਣੇ ਆਪ ਵਿੱਚ ਅਧੂਰਾਪਣ ਹੈ। ਇਹ ਗੁਰੂ ਜੀ ਦੇ ਫਲਸਫੇ ਬਾਰੇ ਚਾਨਣਾ ਪਾਉਣ ਵਾਲਾ ਮੌਲਿਕ ਸਰੋਤ ਹੈ।

ਉਪਰੋਕਤ ਵਿਸ਼ੇ ਵਾਲਾ ਪੱਤਰ ਲਿਖ ਕੇ ਭਾਈ ਦਯਾ ਸਿੰਘ ਦੇ ਹੱਥ ਦਿੱਤਾ ਗਿਆ। ਉਸ ਦੇ ਨਾਲ ਜਾਣ ਲਈ ਪੰਜ ਖਾਲਸੇ ਹੋਰ ਤਿਆਰ ਕੀਤੇ ਗਏ। ਇਹ ਪੰਜੇ ਸਿੰਘ ਭਾਈ ਦਯਾ ਸਿੰਘ ਦੀ ਅਗਵਾਈ ਹੇਠ ਅਹਿਦੀਆਂ ਦਾ ਭੇਸ ਬਣਾ ਕੇ ਰਵਾਨਾ ਹੋ ਗਏ। ਅਹਿਦੀਏ ਬਾਦਸ਼ਾਹ ਦਾ ਸੁਨੇਹਾ ਲੈ ਕੇ ਜਾਣ ਵਾਲੇ ਵਿਅਕਤੀ ਨੂੰ ਕਿਹਾ ਜਾਂਦਾ ਸੀ। ਭਾਈ ਦਯਾ ਸਿੰਘ ਆਪਣੇ ਸਾਥੀਆਂ ਨਾਲ ਪਹਿਲਾਂ ਦਿੱਲੀ ਪਹੁੰਚੇ। ਇੱਥੋਂ ਦੀ ਸੰਗਤ ਨੇ ਇਨ੍ਹਾਂ ਦਾ ਮਾਣ-ਸਤਿਕਾਰ ਕੀਤਾ ਅਤੇ ਰਸਤੇ ਦੇ ਖਰਚੇ ਲਈ ਆਪਣੇ ਵੱਲੋਂ ਕੁਝ ਪੈਸੇ ਭੇਟਾ ਕੀਤੇ। ਉੱਥੋਂ ਚਲ ਕੇ ਇਹ ਸਿੰਘ ਆਗਰੇ, ਗਵਾਲੀਅਰ, ਚੰਬਲ, ਉਜੈਨ ਆਦਿ ਸ਼ਹਿਰਾਂ ਵਿੱਚ ਆਪਣੇ ਪੜਾਅ ਕਰਦੇ ਹੋਏ ਨਰਬਦਾ ਨਦੀ ਨੂੰ ਪਾਰ ਕਰਕੇ ਬੁਰਹਾਨਪੁਰ ਪਹੁੰਚੇ। ਇੱਥੋਂ ਰਵਾਨਾ ਹੋ ਕੇ ਔਰੰਗਾਬਾਦ ਪਹੁੰਚੇ। ਔਰੰਗਜ਼ੇਬ ਦਾ ਮੁੱਖ ਡੇਰਾ ਉਸ ਦੇ ਲਸ਼ਕਰ ਸਮੇਤ ਅਹਿਮਦਾਬਾਦ ਵਿਖੇ ਸੀ। ਇਹ ਸਿੰਘ ਅਹਿਮਦਾਬਾਦ ਪਹੁੰਚੇ।[੧੪] ਇੱਥੇ ਪਹੁੰਚ ਕੇ ਉਨ੍ਹਾਂ ਨੇ ਇੱਥੇ ਰਹਿਣ ਵਾਲੇ ਸਿੱਖਾਂ ਬਾਰੇ ਪੁੱਛਿਆ। ਇੱਕ ਜੇਠ ਸਿੰਘ ਨਾਂ ਦਾ ਸਿੰਘ ਇਨ੍ਹਾਂ ਨੂੰ ਆ ਕੇ ਮਿਲਿਆ। ਸਾਰੇ ਸਿੰਘਾਂ ਦਾ ਉਤਾਰਾ ਉੱਥੋਂ ਦੀ ਧਰਮਸ਼ਾਲਾ ਵਿੱਚ ਕੀਤਾ ਗਿਆ। ਸੰਗਤ ਨੇ ਸਾਰੇ ਸਿੰਘਾਂ ਦਾ ਪੂਰਾ ਮਾਣ-ਸਤਿਕਾਰ ਕੀਤਾ। ਸਥਾਨਕ ਸਿੰਘਾਂ ਦੀ ਮਦਦ ਨਾਲ ਬਾਦਸ਼ਾਹ ਤੋਂ ਸਮਾਂ ਮਿਲ ਗਿਆ ਸੀ। ਬਾਦਸ਼ਾਹ ਨੇ ਪੱਤਰ ਪੜ੍ਹਨ ਬਾਅਦ ਜੋ ਲਿਖਤ ਗੁਰੂ ਸਾਹਿਬ ਪਾਸ ਭੇਜਣ ਲਈ ਤਿਆਰ

ਕਰਵਾਈ ਉਸ ਵਿੱਚ ਲਿਖਿਆ ਗਿਆ ਸੀ ਕਿ ਗੁਰੂ ਜੀ ਜਿੱਥੇ ਵੀ ਚਾਹੁਣ ਉੱਥੇ ਹੀ ਰਹਿ ਸਕਦੇ ਹਨ।[੧੫] ਦੂਜਾ ਇਹ ਕਿ ਗੁਰੂ ਸਾਹਿਬ ਉਨ੍ਹਾਂ ਨਾਲ ਮੁਲਾਕਾਤ ਕਰਨ ਲਈ ਇਧਰ ਆ ਜਾਣ। ਲਾਹੌਰ ਦੇ ਸੂਬੇਦਾਰ ਮੁਨੱਈਅਮ ਖਾਨ ਨੂੰ ਵੀ ਲਿਖਤੀ ਹੁਕਮ ਭੇਜੇ ਗਏ ਕਿ ਰਸਤੇ ਵਿਚਲਾ ਜੋ ਖਰਚ ਗੁਰੂ ਜੀ ਦੇ ਆਉਣ 'ਤੇ ਹੋਵੇਗਾ ਉਸ ਦੀ ਪੂਰਤੀ ਉਸ ਮੱਦ ਵਿੱਚੋਂ ਪੂਰੀ ਕੀਤੀ ਜਾਵੇ ਜਿਹੜਾ ਪੈਸਾ ਗੁਰੂ ਜੀ ਦੀ ਜਾਇਦਾਦ ਦੇ ਜ਼ਬਤ ਕਰਨ ਵਿੱਚੋਂ ਇਕੱਠਾ ਹੋਇਆ ਹੈ। ਇਹ ਸਾਰੀ ਜਾਣਕਾਰੀ ਮਿਰਜ਼ਾ ਅਨਾਇਤ-ਉੱਲਾ ਖਾਨ ਇਸਮੀ ਦੀ ਲਿਖਤ ਅਹਿਕਾਮ-ਏ-ਆਲਮਗੀਰੀ ਵਿੱਚ ਦਿੱਤੀ ਗਈ ਹੈ। ਅਹਿਕਾਮ-ਏ-ਆਲਮਗੀਰੀ ਦਾ ਭਾਵ ਹੈ ਬਾਦਸ਼ਾਹ ਔਰੰਗਜ਼ੇਬ ਵਲੋਂ ਜਾਰੀ ਕੀਤੇ ਗਏ ਹੁਕਮ। ਇਸ ਲਿਖਤ ਨੂੰ ਡਾ. ਗੰਡਾ ਸਿੰਘ ਨੇ 'ਮਾਖ਼ਜਿ-ਤਵਾਰੀਖ਼-ਏ-ਸਿੱਖਾਂ' ਵਿੱਚ ਦਿੱਤਾ ਹੈ। ਇਸ ਦਾ ਪੰਜਾਬੀ ਤਰਜਮਾ ਡਾ. ਹਰਚੰਦ ਸਿੰਘ ਬੇਦੀ ਨੇ ਕੀਤਾ ਹੈ। ਤੀਜਾ, ਪੰਜਾਬ ਤੋਂ ਲੈ ਕੇ ਦੱਖਣ ਤੱਕ ਦੇ ਰਸਤੇ ਵਿਚਲੇ ਸਬੰਧਤ ਰਾਜਿਆਂ, ਨਵਾਬਾਂ ਜਾਂ ਫੌਜਦਾਰਾਂ ਨੂੰ ਤਾਕੀਦੀ ਹੁਕਮ ਲਿਖਿਆ ਗਿਆ ਕਿ ਗੁਰੂ ਸਾਹਿਬ ਨੂੰ ਇਧਰ ਆਉਣ ਵਿੱਚ ਕੋਈ ਮੁਸ਼ਕਲ ਪੇਸ਼ ਨਾ ਆਵੇ। ਇਸ ਭਾਵ ਦਾ ਫੁਰਮਾਨ ਜਾਰੀ ਕਰਕੇ ਗੁਰਜ਼ਬਰਦਾਰਾਂ ਦੇ ਹੱਥ ਗੁਰੂ ਜੀ ਵੱਲ ਭੇਜਿਆ ਗਿਆ। ਇਹ ਗੁਰਜ਼ਬਰਦਾਰ ਭਾਈ ਦਯਾ ਸਿੰਘ ਦੇ ਨਾਲ ਭੇਜੇ ਗਏ ਸਨ।[੧੬] ਗੁਰੂ ਜੀ ਨੇ ਜ਼ਫ਼ਰਨਾਮਾ ੧੭੦੬ ਈ. ਦੀ ਜਨਵਰੀ ਦੇ ਅਖੀਰ ਵਿੱਚ ਲਿਖਿਆ ਸੀ। ਤਕਰੀਬਨ ਸਾਢੇ ਨੌਂ ਜਾਂ ਦਸ ਮਹੀਨਿਆਂ ਬਾਅਦ ਇਸ ਦਾ ਜਵਾਬ ਆਇਆ ਸੀ। ਪਰ ਗੁਰੂ ਸਾਹਿਬ ਨੇ ਉਕਤ ਸਾਰੀਆਂ ਸਹੂਲਤਾਂ ਉਪਲਬਧ ਹੋਣ ਦੇ ਬਾਵਜੂਦ ਵੀ ਬਾਦਸ਼ਾਹ ਦਾ ਸੱਦਾ ਪਰਵਾਨ ਨਹੀਂ ਕੀਤਾ ਸੀ। ਮੁਲਾਕਾਤ ਦਾ ਸਮਾਂ ਮੰਗਣ ਲਈ ਤਾਂ ਜ਼ਫ਼ਰਨਾਮਾ ਲਿਖਿਆ ਹੀ ਨਹੀਂ ਗਿਆ ਸੀ। ਇਹ ਤਾਂ ਬਾਦਸ਼ਾਹ ਨੂੰ ਉਸ ਦੇ ਦੋਗਲੇ ਕਿਰਦਾਰ ਦੀ ਫਿਟਕਾਰ ਪਾਉਣ ਵਾਸਤੇ ਲਿਖਿਆ ਗਿਆ ਸੀ।

**ਹਵਾਲੇ ਤੇ ਟਿਪਣੀਆਂ:**

੧. ਜ਼ਫ਼ਰਨਾਮਾ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ੧੯੯੮

੨. ਉਕਤ, ਪਹਿਲੇ ਬਾਰਾਂ ਸ਼ੇਅਰ।

੩. ਸ਼ੇਅਰ, ੧੩-੧੮

੪. ਸ਼ੇਅਰ, ੧੯-੨੫

੫. ਸ਼ੇਅਰ ੨੬-੪੧

੬. ਸ਼ੇਅਰ, ੪੨-੪੯

੭. ਸ਼ੇਅਰ, ੫੦-੫੭

੮. ਸ਼ੇਅਰ, ੫੮-੬੦

੯. ਸ਼ੇਅਰ, ੬੧-੬੭

੧੦. ਸ਼ੇਅਰ, ੬੮-੭੪

੧੧. ਸ਼ੇਅਰ, ੭੫-੮੫

੧੨. ਸ਼ੇਅਰ, ੮੬-੧੦੮

੧੩. ਇਸ ਗੱਲ 'ਤੇ ਮੱਤਭੇਦ ਹੋ ਸਕਦੇ ਹਨ ਕਿ ਮਾਲਵੇ ਵਿੱਚ ਇਕੱਲੇ ਬੈਰਾੜਾਂ ਦੀ ਸਰਦਾਰੀ ਨਹੀਂ ਸੀ। ਇੱਥੇ ਧਾਲੀਵਾਲ ਵੀ ਸਨ, ਸਿੱਧੂ ਵੀ ਸੀ, ਭੁੱਲਰ, ਮੰਡੇਰ, ਰੰਧਾਵੇ, ਢਿੱਲੋਂ, ਮੱਲ੍ਹੀ ਆਦਿ ਕਬੀਲੇ ਵੀ ਸਨ। ਭਾਈ ਰੂਪੇ ਕੇ ਰਾਮਗੜ੍ਹੀਏ ਵੀ ਪੂਰੀ ਤਰ੍ਹਾਂ ਸਰਗਰਮ ਸਨ। ਇਨ੍ਹਾਂ ਜੱਟ ਕਬੀਲਿਆਂ ਤੋਂ ਇਲਾਵਾ ਮਾਲਵੇ ਵਿੱਚ ਮਜ਼ਬ੍ਹੀ ਅਤੇ ਰਵਿਦਾਸੀਏ ਸਿੱਖ ਵੀ ਬਹੁਤ ਸਨ ਜਿਹੜੇ ਕਿ ਪੂਰੇ ਤਨ, ਮਨ ਅਤੇ ਧਨ ਨਾਲ ਸਿੱਖ ਧਰਮ ਵਿੱਚ ਸ਼ਾਮਲ ਸਨ। ਇਹ ਗੱਲ ਅਗਲੀ ਖੋਜ ਲਈ ਖੁੱਲ੍ਹੀ ਹੈ। ਇਕੱਲੇ ਬਰਾੜ ਕਬੀਲੇ ਦੀ ਇਹ ਗੱਲ ਢੁੱਕਦੀ ਨਹੀਂ ਹੈ।

੧੪. ਸੈਨਾਪਤਿ, ਪੂਰਵਅੰਕਤ, ਧਿਆਓ-੧੩ਵਾਂ, ਬੰਦ ੧੪-੨੦

੧੫. ਸੁੱਖਾ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ਪਟਿਆਲਾ, ੧੯੮੯, ਪੰਨਾ ੩੪੮, ਬੰਦ ੧੬੮

੧੬. ਸੈਨਾਪਤਿ, ਪੂਰਵਅੰਕਤ, ਬੰਦ ੨੭-੩੦, ਪੰਨੇ ੮੯-੯੧: ਸੁੱਖਾ ਸਿੰਘ, ਪੂਰਵਅੰਕਤ, ਬੰਦ ੧੯੬-੯੭, ਪੰਨਾ ੩੫੦ ਅਤੇ ਗਯਾਨ ਸਿੰਘ, ਪੂਰਵਅੰਕਤ, ਪੰਨਾ- ੩੪੩

■

# ਖ਼ਬਰਨਾਮਾ

## ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਖੋਲ੍ਹੇ ਜਾਣਗੇ ਸ਼੍ਰੋਮਣੀ ਕਮੇਟੀ ਦੇ ਉਪ ਦਫ਼ਤਰ -ਭਾਈ ਗੋਬਿੰਦ ਸਿੰਘ ਲੌਂਗੋਵਾਲ

### ਤਖ਼ਤ ਸਾਹਿਬਾਨ ਵਿਖੇ ਹਰ ਐਤਵਾਰ ਕੀਤਾ ਜਾਵੇਗਾ ਗੁਰਮਤਿ ਸਮਾਗਮ

### ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਪਲੇਠੀ ਇਕੱਤਰਤਾ 'ਚ ਲਏ ਗਏ ਅਹਿਮ ਫ਼ੈਸਲੇ

ਕਟਾਣਾ ਸਾਹਿਬ, ੧੨ ਦਸੰਬਰ– ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਭਾਈ ਗੋਬਿੰਦ ਸਿੰਘ ਲੌਂਗੋਵਾਲ ਦੀ ਅਗਵਾਈ ਵਿਚ ਗੁਰਦੁਆਰਾ ਸ੍ਰੀ ਦੇਗਸਰ ਸਾਹਿਬ, ਕਟਾਣਾ ਸਾਹਿਬ (ਲੁਧਿਆਣਾ) ਵਿਖੇ ਹੋਈ ਇਕੱਤਰਤਾ ਵਿਚ ਸ਼੍ਰੋਮਣੀ ਕਮੇਟੀ ਨਾਲ ਸਬੰਧਤ ਵਿਦਿਅਕ ਅਦਾਰਿਆਂ ਅੰਦਰ ਧਰਮ ਪ੍ਰਚਾਰ ਦੇ ਪ੍ਰੋਗਰਾਮ, ਕਥਾ-ਕੀਰਤਨ, ਸਿੱਖ ਇਤਿਹਾਸ ਨਾਲ ਸਬੰਧਤ ਪ੍ਰਸ਼ਨੋਤਰੀ ਅਤੇ ਗੁਰਬਾਣੀ ਕੰਠ ਆਦਿ ਮੁਕਾਬਲੇ ਕਰਵਾਉਣ ਦਾ ਫ਼ੈਸਲਾ ਕੀਤਾ ਗਿਆ। ਇਸ ਦੇ ਨਾਲ ਹੀ ਸ਼੍ਰੋਮਣੀ ਕਮੇਟੀ ਦੀਆਂ ਸਰਗਰਮੀਆਂ ਅਤੇ ਧਰਮ ਪ੍ਰਚਾਰ ਦੇ ਨਾਲ-ਨਾਲ ਵਿਦਿਅਕ ਅਤੇ ਸਿੱਖ ਸੱਭਿਆਚਾਰ ਨੂੰ ਦਰਸਾਉਂਦੇ ਕਾਰਜਾਂ ਨੂੰ ਸੋਸ਼ਲ ਮੀਡੀਆ ਰਾਹੀਂ ਸੰਗਤਾਂ ਤੱਕ ਪਹੁੰਚਾਉਣ ਲਈ ਇਕ ਵੱਖਰਾ ਵਿੰਗ ਸਥਾਪਤ ਕਰਨ ਅਤੇ ਇਸ ਕਾਰਜ ਲਈ ਤਕਨੀਕੀ ਮਾਹਿਰਾਂ ਦੀਆਂ ਸੇਵਾਵਾਂ ਲੈਣ ਨੂੰ ਵੀ ਪ੍ਰਵਾਨਗੀ ਦਿੱਤੀ ਗਈ। ਅੰਤ੍ਰਿੰਗ ਕਮੇਟੀ ਨੇ ਸਿੱਖ ਨੌਜੁਆਵਾਂ ਆਈ.ਏ.ਐਸ. ਅਤੇ ਆਈ.ਪੀ.ਐਸ. ਦੀ ਉੱਚ ਪੱਧਰੀ ਕੋਚਿੰਗ ਦੇਣ ਲਈ ਅਕੈਡਮੀ ਖੋਲ੍ਹਣ ਦਾ ਫ਼ੈਸਲਾ ਵੀ ਕੀਤਾ।

੨੯ ਨਵੰਬਰ ੨੦੧੭ ਨੂੰ ਨਵੀਂ ਚੁਣੀ ਗਈ ਅੰਤ੍ਰਿੰਗ ਕਮੇਟੀ ਦੀ ਅੱਜ ਹੋਈ ਪਲੇਠੀ ਇਕੱਤਰਤਾ ਤੋਂ ਬਾਅਦ ਫ਼ੈਸਲਿਆਂ ਬਾਰੇ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਇਕ ਜ਼ੋਰਦਾਰ ਧਰਮ ਪ੍ਰਚਾਰ ਲਹਿਰ ਚਲਾਈ ਜਾਵੇਗੀ ਅਤੇ ਇਸ ਦਾ ਖੇਤਰ ਆਮ ਸੰਗਤਾਂ ਦੇ ਨਾਲ-ਨਾਲ ਵਿਦਿਅਕ ਅਦਾਰਿਆਂ ਤੱਕ ਹੋਵੇਗਾ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਨਵੰਬਰ ੨੦੧੯ ਤੱਕ ਸ਼੍ਰੋਮਣੀ ਕਮੇਟੀ ੧ ਲੱਖ ਪ੍ਰਾਣੀਆਂ ਨੂੰ ਅੰਮ੍ਰਿਤਧਾਰੀ ਬਣਾਉਣ ਲਈ ਪ੍ਰੇਰਿਤ ਕਰੇਗੀ ਅਤੇ ਇਸ ਲਹਿਰ ਤਹਿਤ ਹਰ ਹਫ਼ਤੇ ਇਕ ਵਿਸ਼ਾਲ ਗੁਰਮਤਿ ਸਮਾਗਮ ਕਰਵਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ੫੫੦ ਸਾਲਾ ਪ੍ਰਕਾਸ਼ ਪੁਰਬ ਨੂੰ ਖ਼ਾਲਸਾਈ ਪ੍ਰੰਪਰਾਵਾਂ ਅਤੇ ਰਵਾਇਤਾਂ ਅਨੁਸਾਰ ਕੌਮਾਂਤਰੀ ਪੱਧਰ 'ਤੇ ਮਨਾਉਣ ਲਈ ਵਿਚਾਰ-ਵਿਟਾਦਰੇ ਉਪਰੰਤ ਕੇਂਦਰੀ ਅਤੇ ਰਾਜ ਪੱਧਰੀ ਕਮੇਟੀਆਂ ਗਠਿਤ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ ਅਤੇ ਇਹ ਕਮੇਟੀਆਂ ਸ੍ਰੀ ਨਨਕਾਣਾ ਸਾਹਿਬ (ਪਾਕਿਸਤਾਨ), ਗੁਰਦੁਆਰਾ ਸ੍ਰੀ ਬੇਰ ਸਾਹਿਬ ਸੁਲਤਾਨਪੁਰ ਲੋਧੀ (ਕਪੂਰਥਲਾ) ਅਤੇ ਗੁ: ਸ੍ਰੀ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ (ਗੁਰਦਾਸਪੁਰ) ਵਿਖੇ ਅਯੋਜਿਤ ਕੀਤੇ ਜਾਣ ਵਾਲੇ ਸਮਾਗਮਾਂ ਦੀ ਰੂਪ ਰੇਖਾ ਤਿਆਰ ਕਰਨਗੀਆਂ। ਉਨ੍ਹਾਂ ਦੱਸਿਆ ਕਿ ਦਸਮ ਪਾਤਸ਼ਾਹ ਜੀ ਦੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ੨੨ ਦਸੰਬਰ ਨੂੰ ਗੁਰਬਾਣੀ ਦਿਵਸ ਵਜੋਂ ਮਨਾਉਣ ਦਾ ਫ਼ੈਸਲਾ ਵੀ ਕੀਤਾ ਗਿਆ ਹੈ ਅਤੇ ਇਹ ਹਰ ਸਾਲ ਮਨਾਇਆ ਜਾਵੇਗਾ।

ਇਕ ਹੋਰ ਅਹਿਮ ਫ਼ੈਸਲੇ ਬਾਰੇ ਜਾਣਕਾਰੀ ਦਿੰਦਿਆਂ ਭਾਈ ਲੌਂਗੋਵਾਲ ਨੇ ਕਿਹਾ ਕਿ ਸਿੱਖ ਕੌਮ ਮਹਾਨ ਅਸਥਾਨ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ ਵਿਖੇ ਧਰਮ ਪ੍ਰਚਾਰ ਕੇਂਦਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਬ-ਆਫ਼ਿਸ ਖੋਲ੍ਹੇ ਜਾਣਗੇ। ਉਨ੍ਹਾਂ ਦੱਸਿਆ ਕਿ ਖੋਲ੍ਹੇ ਜਾਣ ਵਾਲੇ ਇਨ੍ਹਾਂ ਉਪ-ਦਫ਼ਤਰਾਂ ਰਾਹੀਂ ਸਥਾਨਕ ਗੁਰਦੁਆਰਿਆਂ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਦੇ ਵਧੀਕ ਸਕੱਤਰ ਦੀ ਅਗਵਾਈ ਵਿਚ ਕੀਤਾ ਜਾਵੇਗਾ ਅਤੇ ਇਸੇ ਤਰ੍ਹਾਂ ਧਰਮ ਪ੍ਰਚਾਰ ਕੇਂਦਰ ਇਲਾਕੇ ਅੰਦਰ ਗੁਰਮਤਿ ਫ਼ਲਸਫ਼ੇ ਦਾ ਪ੍ਰਚਾਰ ਕਰਨ ਲਈ ਕਾਰਜਸ਼ੀਲ ਰਹਿਣਗੇ। ਉਨ੍ਹਾਂ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਅੰਦਰ ਸਥਿਤ

ਤਿੰਨ ਤਖ਼ਤ ਸਹਿਬਾਨ 'ਤੇ ਹਰ ਐਤਵਾਰ ਗੁਰਮਤਿ ਸਮਾਗਮਾਂ ਦਾ ਪ੍ਰਬੰਧ ਕੀਤਾ ਜਾਵੇਗਾ, ਜਿਸ ਵਿਚ ਕਥਾ-ਕੀਰਤਨ, ਢਾਡੀ ਕਵੀਸ਼ਰੀ ਵਾਰਾਂ ਦੁਆਰਾ ਸੰਗਤ ਨੂੰ ਗੁਰਮਤਿ ਨਾਲ ਜੋੜਿਆ ਜਾਵੇਗਾ। ਇਨ੍ਹਾਂ ਗੁਰਮਤਿ ਸਮਾਗਮਾਂ ਦੀ ਦੇਖ-ਰੇਖ ਤਖ਼ਤਾਂ ਦੇ ਜਥੇਦਾਰ ਸਹਿਬਾਨ ਦੀ ਅਗਵਾਈ ਵਿਚ ਸਬੰਧਤ ਮੈਨੇਜਰਾਂ ਵੱਲੋਂ ਕੀਤੀ ਜਾਵੇਗੀ। ਇਸ ਦੇ ਨਾਲ ਹੀ ਪਾਵਨ ਤਖ਼ਤ ਸਹਿਬਾਨ 'ਤੇ ਹਰ ਰੋਜ਼ ਇਕ ਹਲਕੇ ਦੀ ਸੰਗਤ ਵਲੋਂ ਸਵੇਰ ਤੋਂ ਸ਼ਾਮ ਤੀਕ ਦੀ ਸੇਵਾ ਕੀਤੀ ਜਾਵੇਗੀ। ਉਨ੍ਹਾਂ ਅੱਗੇ ਦੱਸਿਆ ਕਿ ਵੱਖ-ਵੱਖ ਇਲਾਕਿਆਂ ਤੋਂ ਸੰਗਤਾਂ ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਇਸ਼ਨਾਨ ਲਈ ਫ੍ਰੀ ਬੱਸ ਸੇਵਾ ਦੀ ਸਹੂਲਤ ਆਰੰਭ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ।

ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਇਹ ਵੀ ਦੱਸਿਆ ਕਿ ਸ਼੍ਰੋਮਣੀ ਕਮੇਟੀ ਅਤੇ ਇਸ ਨਾਲ ਸਬੰਧਤ ਗੁਰਦੁਆਰਾ ਸਾਹਿਬਾਨ, ਟਰੱਸਟਾਂ ਅਤੇ ਵਿਦਿਅਕ ਅਦਾਰਿਆਂ ਵਿਚ ਕੰਮ ਕਰਨ ਵਾਲੇ ਮੁਲਾਜ਼ਮਾਂ ਨੂੰ ਰਹਿਤ ਮਰਿਯਾਦਾ ਦੀ ਉਲੰਘਣਾ ਕਰਨ, ਨਸ਼ਿਆਂ ਦੀ ਵਰਤੋਂ ਅਤੇ ਆਚਰਨਹੀਣਤਾ ਵਰਗੇ ਇਲਜ਼ਾਮ ਸਾਹਮਣੇ ਆਉਣ 'ਤੇ ਸੇਵਾ ਤੋਂ ਮੁਅੱਤਲ ਕਰਨ ਦੀ ਬਜਾਏ ਸਿੱਧਾ ਫਾਰਗ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ ਅਤੇ ਅਜਿਹੇ ਕਿਸੇ ਵੀ ਦੋਸ਼ੀ ਮੁਲਾਜ਼ਮ ਨੂੰ ਦੁਬਾਰਾ ਸਰਵਿਸ ਵਿਚ ਨਹੀਂ ਲਿਆ ਜਾਵੇਗਾ। ਇਸ ਦੇ ਨਾਲ ਹੀ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮਾਂ ਅੰਦਰ ਅਨੁਸ਼ਾਸ਼ਨ ਬਣਾਈ ਰੱਖਣ ਲਈ ਬਾਇਓਮੈਟ੍ਰਿਕ ਹਾਜ਼ਰੀ ਤਕਨੀਕ ਸ਼ੁਰੂ ਕਰਨ ਦਾ ਫ਼ੈਸਲਾ ਕੀਤਾ ਗਿਆ।

ਭਾਈ ਲੌਂਗੋਵਾਲ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਅਤੇ ਇਸ ਨਾਲ ਸਬੰਧਤ ਅਦਾਰਿਆਂ ਵਿਚ ਪਿਛਲੇ ਸਮੇਂ ਦੌਰਾਨ ਵਿਵਾਦਾਂ ਵਿਚ ਆਈਆਂ ਨਵੀਆਂ ਨਿਯੁਕਤੀਆਂ ਅਤੇ ਤਰੱਕੀਆਂ ਸਬੰਧੀ ਪੜਤਾਲ ਕਰਵਾਈ ਜਾਵੇਗੀ ਅਤੇ ਇਸ ਲਈ ਅੰਤ੍ਰਿੰਗ ਕਮੇਟੀ ਵੱਲੋਂ ਇਕ ਸਬ-ਕਮੇਟੀ ਗਠਿਤ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਸਿੱਖ ਕੇਂਦਰੀ ਅਜਾਇਬ ਘਰ ਵਿਚ ਬਾਬਾ ਹਜ਼ਾਰਾ ਸਿੰਘ ਅੱਲ੍ਹਾਦੀਨਪੁਰ, ਮਲਾਹ ਕੁੰਮਾ ਮਾਸ਼ਕੀ, ਗਿਆਨੀ ਬਾਦਲ ਸਿੰਘ ਪ੍ਰਚਾਰਕ, ਅੱਲ੍ਹਾ ਯਾਰ ਖਾਂ ਜੋਗੀ, ਭਾਈ ਗਨੀ ਖਾਂ ਤੇ ਭਾਈ ਨਬੀ ਖਾਂ, ਭਾਈ ਹਰੀ ਸਿੰਘ ਸ਼੍ਰੋਮਣੀ ਰਾਗੀ ਦੀਆਂ ਤਸਵੀਰਾਂ ਲਗਾਉਣ ਨੂੰ ਵੀ ਪ੍ਰਵਾਨਗੀ ਦਿੱਤੀ ਗਈ ਹੈ।

ਇਸ ਮੌਕੇ ਸੀਨੀਅਰ ਮੀਤ ਪ੍ਰਧਾਨ ਸ. ਰਘੂਜੀਤ ਸਿੰਘ ਕਰਨਾਲ, ਜੂਨੀਅਰ ਮੀਤ ਪ੍ਰਧਾਨ ਸ. ਹਰਪਾਲ ਸਿੰਘ ਜੱਲ੍ਹਾ, ਜਨਰਲ ਸਕੱਤਰ ਸ. ਗੁਰਬਚਨ ਸਿੰਘ ਕਰਮੂੰਵਾਲਾ, ਅੰਤ੍ਰਿੰਗ ਕਮੇਟੀ ਮੈਂਬਰ ਸ. ਸੱਜਣ ਸਿੰਘ ਬੱਜੂਮਾਨ, ਸ. ਨਵਤੇਜ ਸਿੰਘ ਕਾਉਣੀ, ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਸ. ਲਖਬੀਰ ਸਿੰਘ ਅਰਾਈਆਂਵਾਲਾ, ਬੀਬੀ ਗੁਰਪ੍ਰੀਤ ਕੌਰ ਕਪੂਰਥਲਾ, ਸ. ਗੁਰਤੇਜ ਸਿੰਘ ਢੱਡੇ, ਸ. ਹਰਦੇਵ ਸਿੰਘ ਰੋਗਲਾ, ਸ. ਰਵਿੰਦਰ ਸਿੰਘ ਚੱਕਮੁਕੇਰੀਆਂ, ਸ. ਗੁਰਮੀਤ ਸਿੰਘ ਬੂਹ, ਬਾਬਾ ਗੁਰਮੀਤ ਸਿੰਘ ਤ੍ਰਿਲੋਕੇਵਾਲਾ ਤੇ ਸ. ਅਮਰੀਕ ਸਿੰਘ ਸ਼ਾਹਪੁਰ, ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ, ਸਕੱਤਰ ਸ. ਮਨਜੀਤ ਸਿੰਘ, ਸ. ਅਵਤਾਰ ਸਿੰਘ ਸੈਂਪਲਾ ਤੇ ਸ. ਹਰਭਜਨ ਸਿੰਘ ਮਨਾਵਾਂ, ਐਡੀਸ਼ਨਲ ਸਕੱਤਰ ਸ. ਕੇਵਲ ਸਿੰਘ, ਸ. ਬਿਜੈ ਸਿੰਘ, ਸ. ਬਲਵਿੰਦਰ ਸਿੰਘ ਜੋੜਾਸਿੰਘਾ, ਡਾ. ਪਰਮਜੀਤ ਸਿੰਘ ਸਿਰੋਆ, ਸ਼੍ਰੋਮਣੀ ਕਮੇਟੀ ਪ੍ਰਧਾਨ ਦੇ ਨਿੱਜੀ ਸਹਾਇਕ ਸ. ਜਗਜੀਤ ਸਿੰਘ ਜੱਗੀ, ਸ. ਕੁਲਵਿੰਦਰ ਸਿੰਘ ਰਮਦਾਸ ਮੀਤ ਸਕੱਤਰ, ਸ. ਸੁਖਮਿੰਦਰ ਸਿੰਘ ਐਕਸੀਅਨ ਆਦਿ ਹਾਜ਼ਰ ਸਨ।

# ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਦਾ ਤਖਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਤੋਂ ਸਨਮਾਨ

## ਤਖਤ ਸਾਹਿਬ ਦੇ ਜਥੇਦਾਰ ਬਾਬਾ ਕੁਲਵੰਤ ਸਿੰਘ ਨਾਲ ਕੀਤੀ ਮੁਲਾਕਾਤ

ਅੰਮ੍ਰਿਤਸਰ - ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਣਨ ਤੋਂ ਬਾਅਦ ਪਹਿਲੀ ਵਾਰ ਤਖਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਨੰਦੇੜ ਵਿਖੇ ਨਤਮਸਤਕ ਹੋਣ ਪਹੁੰਚੇ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੂੰ ਤਖਤ ਸਾਹਿਬ ਤੋਂ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਉਨ੍ਹਾਂ ਨੂੰ ਇਹ ਸਨਮਾਨ ਜਿਸ ਵਿਚ ਦਸਤਾਰ, ਚੋਲਾ, ਕਮਰਕੱਸਾ, ਸਿਰੋਪਾਓ ਅਤੇ ਸ੍ਰੀ ਸਾਹਿਬ ਸ਼ਾਮਲ ਹੈ, ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਬਾਬਾ ਕੁਲਵੰਤ ਸਿੰਘ ਵੱਲੋਂ ਮੀਤ ਜਥੇਦਾਰ ਗਿਆਨੀ ਜੋਤਇੰਦਰ ਸਿੰਘ ਨੇ ਦਿੱਤਾ। ਇਸ ਮੌਕੇ ਭਾਈ ਲੌਂਗੋਵਾਲ ਦੇ ਨਾਲ ਤਖਤ ਸਾਹਿਬ ਦੇ ਦਰਸ਼ਨ

ਕਰਨ ਪੁੱਜੇ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਸ. ਰਘੂਜੀਤ ਸਿੰਘ ਵਿਰਕ, ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਅਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਦੇ ਨਿੱਜੀ ਸਹਾਇਕ ਸ. ਜਗਜੀਤ ਸਿੰਘ ਜੱਗੀ ਨੂੰ ਵੀ ਸਨਮਾਨ ਦਿੱਤਾ ਗਿਆ।

ਸ੍ਰੀ ਹਜ਼ੂਰ ਸਾਹਿਬ ਨੰਦੇੜ ਤੋਂ ਇਸ ਸਬੰਧੀ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਦੱਸਿਆ ਕਿ ਸਿੱਖ ਕੌਮ ਦੀ ਸਿਰਮੌਰ ਧਾਰਮਿਕ ਸੰਸਥਾ ਦੇ ਪ੍ਰਧਾਨ ਬਣਨ ਤੋਂ ਬਾਅਦ ਪਹਿਲੀ ਵਾਰ ਤਖਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਪਹੁੰਚੇ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਬਾਬਾ ਕੁਲਵੰਤ ਸਿੰਘ ਨਾਲ ਮੁਲਾਕਾਤ ਕਰ ਕੇ ਸਿੱਖ ਕੌਮ ਦੇ ਪ੍ਰਚਾਰ-ਪ੍ਰਸਾਰ ਲਈ ਵਿਚਾਰਾਂ ਕੀਤੀਆਂ। ਉਨ੍ਹਾਂ ਦੱਸਿਆ ਕਿ ਇਸ ਮੁਲਾਕਾਤ ਦੌਰਾਨ ਜਥੇਦਾਰ ਬਾਬਾ ਕੁਲਵੰਤ ਸਿੰਘ ਨੇ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੂੰ ਸਿੱਖ ਕੌਮ ਦੀ ਮਹਾਨ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨਗੀ ਸੇਵਾ ਪ੍ਰਾਪਤ ਹੋਣ 'ਤੇ ਉਨ੍ਹਾਂ ਨੂੰ ਵਧਾਈ ਵੀ ਦਿੱਤੀ। ਡਾ. ਰੂਪ ਸਿੰਘ ਅਨੁਸਾਰ ਸਿੰਘ ਸਾਹਿਬ ਅਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਪੰਥਕ ਮਸਲਿਆਂ ਦੇ ਸਰਲੀਕਰਨ ਲਈ ਗੱਲਬਾਤ ਵੀ ਕੀਤੀ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਸ. ਰਘੂਜੀਤ ਸਿੰਘ ਵਿਰਕ, ਸ਼੍ਰੋਮਣੀ ਕਮੇਟੀ ਅਤੇ ਤਖਤ ਸ੍ਰੀ ਹਜ਼ੂਰ ਸਾਹਿਬ ਬੋਰਡ ਦੇ ਮੈਂਬਰ ਬਾਵਾ ਗੁਰਿੰਦਰ ਸਿੰਘ, ਸ. ਜਗਜੀਤ ਸਿੰਘ ਜੱਗੀ ਨਿੱਜੀ ਸਹਾਇਕ ਪ੍ਰਧਾਨ ਸ਼੍ਰੋਮਣੀ ਕਮੇਟੀ, ਭਾਈ ਰਾਮ ਸਿੰਘ, ਸ. ਇਕਬਾਲ ਸਿੰਘ ਮੁੰਬਈ (ਫੁੱਲਾਂ ਦੀ ਸੇਵਾ ਵਾਲੇ), ਸ. ਸਤਨਾਮ ਸਿੰਘ ਸਲੂਜਾ ਸਮੇਤ ਹੋਰ ਸ਼ਖ਼ਸੀਅਤਾਂ ਮੌਜੂਦ ਸਨ। ੬ ਜਨਵਰੀ

# ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਅਮਰੀਕਾ ਵਿਚ ਪਹਿਲੀ ਦਸਤਾਰਧਾਰੀ ਪਾਇਲਟ ਬਣੀ ਅਰਪਿੰਦਰ ਕੌਰ ਨੂੰ ਦਿੱਤੀ ਵਧਾਈ

ਅੰਮ੍ਰਿਤਸਰ - ਅਮਰੀਕਾ ਵਿਚ ਪਹਿਲੀ ਦਸਤਾਰਧਾਰੀ ਕਮਰਸ਼ੀਅਲ ਪਾਇਲਟ ਬਣੀ ਅਰਪਿੰਦਰ ਕੌਰ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਵਧਾਈ ਦਿੱਤੀ ਹੈ। ਦਫਤਰ ਤੋਂ ਜਾਰੀ ਬਿਆਨ ਵਿਚ ਭਾਈ ਲੌਂਗੋਵਾਲ ਨੇ ਕਿਹਾ ਕਿ ਅਮਰੀਕਾ ਦੀ ਕਮਰਸ਼ਲ ਕੰਪਨੀ ਵੱਲੋਂ ਦਸਤਾਰਧਾਰੀ ਬੀਬੀ ਅਰਪਿੰਦਰ ਕੌਰ ਨੂੰ ਪਾਇਲਟ ਨਿਯੁਕਤ ਕਰਨਾ ਸਲਾਘਾਯੋਗ ਹੈ। ਉਨ੍ਹਾਂ ਕਿਹਾ ਕਿ ਅਰਪਿੰਦਰ ਕੌਰ ਦੀ ਇਸ ਨਿਯੁਕਤੀ ਨਾਲ ਜਿਥੇ ਸਿੱਖ ਫਖਰ ਤੇ ਮਾਣ ਮਹਿਸੂਸ ਕਰ ਰਹੇ ਹਨ ਉਥੇ ਹੀ ਇਸ ਨਾਲ ਸਿੱਖੀ ਪਹਿਚਾਣ ਨੂੰ ਵੀ ਬਲ ਮਿਲਿਆ ਹੈ। ਉਨ੍ਹਾਂ ਕਿਹਾ ਕਿ ਵਿਦੇਸ਼ਾਂ ਅੰਦਰ ਵੱਸਦੇ ਸਿੱਖਾਂ ਨੇ ਸਾਬਤ ਕਰ ਦਿੱਤਾ ਹੈ ਕਿ ਸਿੱਖੀ ਸਰੂਪ 'ਚ ਰਹਿੰਦਿਆਂ ਵੀ ਅਮਰੀਕਾ, ਕੈਨੇਡਾ, ਇੰਗਲੈਂਡ, ਆਸਟ੍ਰੇਲੀਆ ਵਰਗੇ ਦੇਸ਼ਾਂ ਵਿਚ ਤਰੱਕੀ ਕੀਤੀ ਜਾ ਸਕਦੀ ਹੈ। ਉਨ੍ਹਾਂ ਅਰਪਿੰਦਰ ਕੌਰ ਦੇ ਨਾਲ-ਨਾਲ ਉਸ ਦੇ ਮਾਪਿਆਂ ਨੂੰ ਵੀ ਵਧਾਈ ਦਿੱਤੀ।

ਇਸ ਦੇ ਨਾਲ ਹੀ ਸ਼੍ਰੋਮਣੀ ਕਮੇਟੀ ਪ੍ਰਧਾਨ ਵੱਲੋਂ ਕੈਨੇਡੀਅਨ ਫੌਜ ਵਿਚ ਸਿੱਖਾਂ ਦੀ ਸ਼ਾਨ ਵਧਾਉਣ ਵਾਲੇ ਬਲਰਾਜ ਸਿੰਘ ਦਿਓਲ ਨੂੰ ਵੀ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਸ. ਦਿਓਲ ਵੱਲੋਂ ਵੱਖ-ਵੱਖ ਥਾਵਾਂ ਤੇ ਕੰਮ ਕਰਦਿਆਂ ਆਪਣੀ ਕਾਬਲੀਅਤ ਨਾਲ ਮਾਣ ਪ੍ਰਾਪਤ ਕੀਤਾ ਹੈ। ਸ. ਦਿਓਲ ਦਾ ਕੈਨੇਡੀਅਨ ਫੋਰਸਜ਼ ਲਈ ਸੈਕੰਡ ਲੈਫਟੀਨੈਂਟ ਆਰਟਿਲਰੀ ਅਫ਼ਸਰ ਚੁਣੇ ਜਾਣਾ ਸਿੱਖਾਂ ਲਈ ਮਾਣ ਵਾਲੀ ਗਲ ਹੈ। ਉਨ੍ਹਾਂ ਸ. ਦਿਓਲ ਦੇ ਪਰਿਵਾਰ ਨੂੰ ਵੀ ਵਧਾਈ ਦਿੱਤੀ। ਭਾਈ ਲੌਂਗੋਵਾਲ ਨੇ ਕਿਹਾ ਕਿ ਗੁਰੂ ਸਾਹਿਬਾਨ ਵੱਲੋਂ ਬਖਸ਼ਿਆ ਸਿੱਖੀ ਸਰੂਪ ਅਤੇ ਸਿੱਖੀ ਸਿਧਾਂਤ ਸਾਡੀ ਵੱਖਰੀ ਤੇ ਨਿਵੇਕਲੀ ਪਛਾਣ ਹਨ, ਜੋ ਵਿਦੇਸ਼ੀ ਸਰਕਾਰਾਂ ਵੱਲੋਂ ਸਿੱਖਾਂ ਉਪਰ ਦਿਖਾਈ ਜਾਂਦੀ ਭਰੋਸੇਯੋਗਤਾ ਦਾ ਮੁੱਖ ਕਾਰਨ ਹੈ। ਉਨ੍ਹਾਂ ਅਜੋਕੀ ਪੀੜ੍ਹੀ ਨੂੰ ਅਪੀਲ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਵੀ ਅਜਿਹੀਆਂ ਸ਼ਖ਼ਸੀਅਤਾਂ ਤੋਂ ਸਾਬਤ ਸੂਰਤ ਰਹਿੰਦਿਆਂ ਕਿਸੇ ਵੀ ਖੇਤਰ ਵਿਚ ਤਰੱਕੀ ਕਰਨ ਦੀ ਪ੍ਰੇਰਨਾ ਲੈਣੀ ਚਾਹੀਦੀ ਹੈ। ੪ ਜਨਵਰੀ

# ਸਿੱਖ ਭਾਵਨਾਵਾਂ ਨਾਲ ਖਿਲਵਾੜ ਕਰਨ ਵਾਲਿਆਂ ਵਿਰੁੱਧ ਕੀਤੀ ਜਾਵੇਗੀ ਕਾਨੂੰਨੀ ਕਾਰਵਾਈ - ਭਾਈ ਲੌਂਗੋਵਾਲ

## ਧਰਮ ਪ੍ਰਚਾਰ ਕਮੇਟੀ ਦੀ ਇਕੱਤਰਤਾ ਵਿਚ ਧਰਮ ਪ੍ਰਚਾਰ ਸਬੰਧੀ ਲਏ ਅਹਿਮ ਫੈਸਲੇ

ਸੰਗਰੂਰ, - ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਦੀ ਅੱਜ ਇਥੇ ਗੁਰਦੁਆਰਾ ਸ੍ਰੀ ਨਾਨਕਿਆਣਾ ਸਾਹਿਬ ਵਿਖੇ ਹੋਈ ਇਕੱਤਰਤਾ ਦੌਰਾਨ ਸਿੱਖ ਭਾਵਨਾਵਾਂ ਨਾਲ ਖਿਲਵਾੜ ਕਰਨ ਵਾਲਿਆਂ ਅਤੇ ਇਹਿਤਾਸ ਨਾਲ ਛੇੜਛਾੜ ਕਰਨ ਵਾਲਿਆਂ ਖਿਲਾਫ ਕਾਨੂੰਨੀ ਕਾਰਵਾਈ ਕਰਨ ਦਾ ਫੈਸਲਾ ਕੀਤਾ ਗਿਆ। ਇਕੱਤਰਤਾ ਤੋਂ ਬਾਅਦ ਫੈਸਲਿਆਂ ਬਾਰੇ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਦੱਸਿਆ ਕਿ ਸਮੇਂ ਸਮੇਂ 'ਤੇ ਸਿੱਖ ਭਾਵਨਾਵਾਂ ਨਾਲ ਖਿਲਵਾੜ ਕਰਨ ਅਤੇ ਆਪਣੀਆਂ ਲਿਖਤਾਂ ਰਾਹੀਂ ਇਤਿਹਾਸ ਨਾਲ ਛੇੜਛਾੜ ਕਰਨ ਦੇ ਸਾਹਮਣੇ ਆ ਰਹੇ ਮਾਮਲਿਆਂ 'ਤੇ ਵਿਚਾਰ ਕਰਨ ਤੋਂ ਬਾਅਦ ਇਹ ਫੈਸਲਾ ਲਿਆ ਗਿਆ ਹੈ ਕਿ ਅਜਿਹੇ ਕੇਸਾਂ ਵਿਚ ਸਬੰਧਤਾਂ ਖਿਲਾਫ ਸਖਤ ਕਾਨੂੰਨੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ। ਉਨ੍ਹਾਂ ਕਿਹਾ ਕਿ ਦੂਸਰੇ ਪਾਸੇ ਸਿੱਖੀ ਪ੍ਰਚਾਰ ਅਤੇ ਆਪਣੀਆਂ ਲਿਖਤਾਂ ਰਾਹੀਂ ਪੰਥ ਦੀ ਚੜ੍ਹਦੀ ਕਲਾ ਵਿਚ ਹਿੱਸਾ ਪਾਉਣ ਵਾਲੇ ਸਿੱਖ ਵਿਦਵਾਨਾਂ, ਸਿੱਖ ਕਥਾਕਾਰਾਂ ਅਤੇ ਪ੍ਰਚਾਰਕਾਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਜਾਵੇਗਾ। ਉਨ੍ਹਾਂ ਅੱਗੇ ਦੱਸਿਆ ਕਿ ਬੱਚਿਆਂ ਨੂੰ ਸਿੱਖ ਇਤਿਹਾਸ ਅਤੇ ਵਿਰਸੇ ਨਾਲ ਜੋੜਨ ਲਈ ਸਿੱਖ ਇਤਿਹਾਸ ਦੀਆਂ ਸਚਿੱਤਰ ਪੁਸਤਕਾਂ ਤਿਆਰ ਕਰਵਾ ਕੇ ਵੱਡੀ ਗਿਣਤੀ ਵਿਚ ਮੁਫਤ ਵੰਡਿਆ ਜਾਵੇਗਾ।

ਭਾਈ ਲੌਂਗੋਵਾਲ ਨੇ ਕਿਹਾ ਕਿ ਇਕੱਤਰਤਾ ਦੌਰਾਨ ਧਰਮ ਪ੍ਰਚਾਰ ਦੇ ਕਾਰਜਾਂ ਦਾ ਮੁਲਾਂਕਣ ਕਰਦਿਆਂ ਪ੍ਰਚਾਰ ਵਿਧੀ ਨੂੰ ਜ਼ਮੀਨੀ ਪੱਧਰ ਦਾ ਬਣਾਉਣ ਲਈ ਸੰਗਤਾਂ ਨਾਲ ਸੰਵਾਦ ਰਾਹੀਂ ਧਰਮ ਪ੍ਰਚਾਰ ਕਾਰਜਾਂ ਨੂੰ ਅੱਗੇ ਤੋਰਨ ਦਾ ਫੈਸਲਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਅਜੋਕੇ ਸਮੇਂ ਅੰਦਰ ਸੰਗਤਾਂ ਨਾਲ ਸਿੱਧਾ ਰਾਬਤਾ ਬਣਾ ਕੇ ਸਿੱਖੀ ਪ੍ਰਤੀ ਚਾਅ ਪੈਦਾ ਕਰਨ ਦੀ ਵੱਡੀ ਲੋੜ ਹੈ ਅਤੇ ਇਸੇ ਅਨੁਸਾਰ ਹੀ ਧਰਮ ਪ੍ਰਚਾਰ ਲਹਿਰ ਨੂੰ ਤੋਰਿਆ ਜਾਵੇਗਾ। ਉਨ੍ਹਾਂ ਕਿਹਾ ਕਿ ਵੱਖ-ਵੱਖ ਤਖਤ ਸਾਹਿਬਾਨ ਵਿਖੇ ਪ੍ਰਚਾਰ ਕੇਂਦਰਾਂ ਅਤੇ ਉਪ ਦਫਤਰਾਂ ਨੂੰ ਧਰਮ ਪ੍ਰਚਾਰ ਗਤੀਵਿਧੀਆਂ ਦਾ ਗੜ੍ਹ ਬਣਾਉਣ ਬਣਾਇਆ ਜਾਵੇਗਾ, ਜਿਸ ਸਬੰਧੀ ਬੀਤੇ ਦਿਨੀਂ ਅੰਤ੍ਰਿੰਗ ਕਮੇਟੀ ਵਲੋਂ ਵੀ ਪ੍ਰਵਾਨਗੀ ਦਿੱਤੀ ਜਾ ਚੁੱਕੀ ਹੈ। ਉਨ੍ਹਾਂ ਕਿਹਾ ਕਿ ਧਰਮ ਪ੍ਰਚਾਰ ਕਮੇਟੀ ਅੰਦਰ ਕਾਰਜਸ਼ੀਲ ਪ੍ਰਚਾਰਕਾਂ, ਕਵੀਸ਼ਰਾਂ, ਢਾਡੀਆਂ, ਧਾਰਮਿਕ ਅਧਿਆਪਕਾਂ ਅਤੇ ਵੱਖ-ਵੱਖ ਸੂਬਿਆਂ ਦੇ ਮਿਸ਼ਨਾਂ ਦੇ ਇੰਚਾਰਜਾਂ ਨਾਲ ੧੦ ਜਨਵਰੀ ਨੂੰ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਇਕੱਤਰਤਾ ਕਰ ਕੇ ਧਰਮ ਪ੍ਰਚਾਰ ਸਬੰਧੀ ਆਰੰਭੀ ਜਾਣ ਵਾਲੀ ਲਹਿਰ ਬਾਰੇ ਨਿਰਦੇਸ਼ ਦਿੱਤੇ ਜਾਣਗੇ ਅਤੇ ਇਹ ਯਕੀਨੀ ਬਣਾਇਆ ਜਾਵੇਗਾ ਕਿ ਪ੍ਰਚਾਰਕ ਸ੍ਰੇਣੀ ਧਰਮ ਪ੍ਰਚਾਰ ਪ੍ਰਤੀ ਸੁਹਿਰਦ ਪਹੁੰਚ ਅਪਨਾਏ।

ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੀਆਂ ਗੁਰਮਤਿ ਸੰਸਥਾਵਾਂ ਦੇ ਮਿਆਰ ਨੂੰ ਉੱਚਾ ਚੁੱਕਿਆ ਜਾਵੇਗਾ ਅਤੇ ਇਨ੍ਹਾਂ ਅੰਦਰ ਗੁਰਮਤਿ ਦੀ ਸਿੱਖਿਆ ਪ੍ਰਾਪਤ ਕਰ ਰਹੇ ਸਿੱਖਿਆਰਥੀਆਂ ਦੀ ਪ੍ਰੈਕਟੀਕਲ ਸਿੱਖਿਆ 'ਤੇ ਜ਼ੋਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਗੁਰਮਤਿ ਸੰਸਥਾਵਾਂ ਅੰਦਰ ਤਿਆਰ ਕੀਤੇ ਜਾਣ ਵਾਲੇ ਪ੍ਰਚਾਰਕਾਂ, ਰਾਗੀਆਂ ਆਦਿ ਅੰਦਰ ਸਿੱਖੀ ਪ੍ਰਤੀ ਭਾਵਨਾ ਪੈਦਾ ਕਰਨ ਲਈ ਵੀ ਖਾਸ ਕਦਮ ਚੁੱਕੇ ਜਾਣਗੇ। ਇਕੱਤਰਤਾ ਦੌਰਾਨ ਸ. ਰਾਜਵਿੰਦਰ ਸਿੰਘ ਜੋਗਾ ਦੁਆਰਾ ਲਿਖਿਆ ਗਿਆ ਟ੍ਰੈਕਟ 'ਸ਼ੇਖ ਫੱਤੇ ਦੀ ਯਾਤਰਾ ਕਿਉਂ?' ਵੀ ਜਾਰੀ ਕੀਤਾ ਗਿਆ।

ਇਸ ਮੌਕੇ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਸ. ਅਵਤਾਰ ਸਿੰਘ ਵਣਵਾਲਾ, ਭਾਈ ਅਜਾਇਬ ਸਿੰਘ ਅਭਿਆਸੀ, ਸ. ਰਾਮਪਾਲ ਸਿੰਘ ਬਹਿਣੀਵਾਲ, ਸ. ਮਨਜੀਤ ਸਿੰਘ ਬੱਪੀਆਣਾ, ਸ. ਸੁਖਵਰਸ਼ ਸਿੰਘ ਪੰਨੂ, ਸ. ਪ੍ਰਿਤਪਾਲ ਸਿੰਘ, ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ, ਵਧੀਕ ਸਕੱਤਰ ਸ. ਦਿਲਜੀਤ ਸਿੰਘ ਬੇਦੀ, ਧਰਮ ਪ੍ਰਚਾਰ ਕਮੇਟੀ ਦੇ ਐਡੀਸ਼ਨਲ ਸਕੱਤਰ ਸ. ਬਲਵਿੰਦਰ ਸਿੰਘ ਜੌੜਾਸਿੰਘਾ, ਸ. ਗੁਰਿੰਦਰਪਾਲ ਸਿੰਘ ਠਰੂ ਇੰਚਾਰਜ ਆਦਿ ਹਾਜ਼ਰ ਸਨ।

੧੯ ਦਸੰਬਰ

# ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੈਨੇਡਾ ਦੇ ਐਮ.ਪੀ. ਪੀ. ਪੈਟਰਿਕ ਬਰਾਊਨ ਹੋਏ ਨਤਮਸਤਕ

## ਸ਼੍ਰੋਮਣੀ ਕਮੇਟੀ ਵੱਲੋਂ ਸੂਚਨਾ ਕੇਂਦਰ ਵਿਖੇ ਕੀਤਾ ਗਿਆ ਸਨਮਾਨ

ਅੰਮ੍ਰਿਤਸਰ, – ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅੱਜ ਕੈਨੇਡਾ ਦੇ ਐਮ.ਪੀ.ਪੀ. ਪੈਟਰਿਕ ਬਰਾਊਨ ਜੋ ਓਨਟਾਰੀਓ (ਕੈਨੇਡਾ) ਸਰਕਾਰ ਵਿਚ ਵਿਰੋਧੀ ਧਿਰ ਦੇ ਨੇਤਾ ਵੀ ਹਨ, ਨੂੰ ਸ੍ਰੀ ਦਰਬਾਰ ਸਾਹਿਬ ਦੇ ਸੂਚਨਾ ਕੇਂਦਰ ਵਿਖੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਮਾਡਲ, ਲੋਈ ਅਤੇ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਉਨ੍ਹਾਂ ਨੂੰ ਇਹ ਸਨਮਾਨ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ, ਸ਼੍ਰੋਮਣੀ ਕਮੇਟੀ ਮੈਂਬਰ ਸ. ਸੁਰਜੀਤ ਸਿੰਘ ਭਿੱਟੇਵਡ, ਸਕੱਤਰ ਸ. ਅਵਤਾਰ ਸਿੰਘ ਸੈਂਪਲਾ ਅਤੇ ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ. ਸੁਲੱਖਣ ਸਿੰਘ ਭੰਗਾਲੀ ਨੇ ਸਾਂਝੇ ਤੌਰ 'ਤੇ ਦਿੱਤਾ। ਉਹ ਆਪਣੀ ਭਾਰਤ ਫੇਰੀ ਦੌਰਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਕਰਨ ਲਈ ਪਹੁੰਚੇ ਹੋਏ ਸਨ।

ਇਸ ਮੌਕੇ ਉਨ੍ਹਾਂ ਕਿਹਾ ਕਿ ਆਪਣੀ ਭਾਰਤ ਫੇਰੀ ਦੌਰਾਨ ਮਨੁੱਖਤਾ ਦੇ ਅਧਿਆਤਮਿਕ ਕੇਂਦਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋ ਕੇ ਉਨ੍ਹਾਂ ਨੂੰ ਸ਼ਾਂਤੀ ਪ੍ਰਾਪਤ ਹੋਈ ਹੈ। ਉਨ੍ਹਾਂ ਇਹ ਵੀ ਕਿਹਾ ਕਿ ਇਸ ਤੋਂ ਪਹਿਲਾਂ ਵੀ ਉਹ ਕਈ ਵਾਰ ਇਸ ਪਾਵਨ ਅਸਥਾਨ ਦੇ ਦਰਸ਼ਨ ਕਰ ਚੁੱਕੇ ਹਨ। ਇਸ ਮੌਕੇ ਉਨ੍ਹਾਂ ਨੇ ਕੈਨੇਡਾ ਦੀ ਤਰੱਕੀ ਲਈ ਪੰਜਾਬੀਆਂ ਅਤੇ ਖ਼ਾਸਕਰ ਸਿੱਖਾਂ ਦੇ ਯੋਗਦਾਨ ਦੀ ਸ਼ਲਾਘਾ ਕੀਤੀ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਜਿਥੇ ਐਮ.ਪੀ. ਪੈਟਰਿਕ ਬਰਾਊਨ ਨੂੰ ਜੀ ਆਇਆਂ ਆਖਿਆ ਉਥੇ ਹੀ ਉਨ੍ਹਾਂ ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਇਤਿਹਾਸਕ ਮਹੱਤਤਾ ਬਾਰੇ ਜਾਣਕਾਰੀ ਦਿੱਤੀ।

ਇਸ ਮੌਕੇ ਮੁੱਖ ਸਕੱਤਰ ਡਾ. ਰੂਪ ਸਿੰਘ ਤੋਂ ਇਲਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸ. ਸੁਰਜੀਤ ਸਿੰਘ ਭਿੱਟੇਵੱਡ, ਸ. ਅਵਤਾਰ ਸਿੰਘ ਸੈਂਪਲਾ ਸਕੱਤਰ, ਸ. ਸੁਲੱਖਣ ਸਿੰਘ ਭੰਗਾਲੀ ਮੈਨੇਜਰ ਸ੍ਰੀ ਦਰਬਾਰ ਸਾਹਿਬ, ਐਡੀਸ਼ਨਲ ਮੈਨੇਜਰ ਸ. ਇਕਬਾਲ ਸਿੰਘ ਮੁਖੀ ਤੇ ਸ. ਸੁਖਰਾਜ ਸਿੰਘ, ਸੂਚਨਾ ਅਧਿਕਾਰੀ ਸ. ਜਸਵਿੰਦਰ ਸਿੰਘ ਜੱਸੀ, ਸ. ਸਰਤਾਜ ਸਿੰਘ, ਸ. ਸਰਬਜੀਤ ਸਿੰਘ, ਸ. ਭਗਵੰਤਪਾਲ ਸਿੰਘ ਸੱਚਰ, ਸ. ਸਵਿੰਦਰ ਸਿੰਘ ਕੱਥੂਨੰਗਲ ਆਦਿ ਹਾਜ਼ਰ ਸਨ।੦੨ ਜਨਵਰੀ

## ਮਥੁਰਾ (ਯੂ.ਪੀ.) ਅਤੇ ਛੰਨੀ ਟੋਲਾ (ਪਠਾਨਕੋਟ) ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀ ਸਖ਼ਤ ਨਿੰਦਾ

ਅੰਮ੍ਰਿਤਸਰ, – ਮਥੁਰਾ ਵਿਖੇ ਬੀ. ਐਸ. ਐਫ਼. ਦੇ ਸਥਾਨਕ ਹੈੱਡ ਕੁਆਟਰ ਵਿਖੇ ਹੋਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਪਠਾਨਕੋਟ ਦੇ ਪਿੰਡ ਛੰਨੀ ਟੋਲਾ ਵਿਖੇ ਇਕ ਬੀਬੀ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕੀਤੀ ਬੇਅਦਬੀ ਦੀ ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਸਖ਼ਤ ਨਿੰਦਾ ਕੀਤੀ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਮੁੱਚੀ ਮਨੁੱਖਤਾ ਦੇ ਗੁਰੂ ਹਨ, ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਸਮੁੱਚੀ ਮਨੁੱਖਤਾ ਨੂੰ ਸਰਬਸਾਂਝੀਵਾਲਤਾ ਦਾ ਸੰਦੇਸ਼ ਦਿੱਤਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਿਸੇ ਕੀਮਤ ਤੇ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਕਿਹਾ ਕਿ ਛੰਨੀ ਟੋਲਾ ਪਠਾਨਕੋਟ ਵਿਖੇ ਪਿੰਡ ਦੀ ਇਕ ਔਰਤ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਦੀ ਬੇਅਦਬੀ ਕੀਤੀ ਗਈ ਹੈ, ਜਿਸ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਪੜ੍ਹਤਾਲ ਕਰਵਾਈ ਗਈ ਹੈ। ਇਸ ਔਰਤ 'ਤੇ ਥਾਣਾ ਕਾਨਵਾਂ (ਪਠਾਨਕੋਟ) ਵਿਖੇ ਪਰਚਾ ਦਰਜ ਕਰ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਮਥੁਰਾ ਵਿਖੇ ਬੀ.ਐਸ.ਐਫ਼. ਦੇ ਹੈੱਡ ਕੁਆਟਰ ''ਤੇ ਵਾਪਰੀ ਘਟਨਾ ਦੀ ਵੀ ਜਾਂਚ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਇਸ ਸਬੰਧ ਵਿਚ ਸੁਰੱਖਿਆ ਕਰਮਚਾਰੀ ਚਾਹੇ ਉਹ ਫ਼ੌਜ ਦੇ ਹੋਣ, ਬੀ.ਐਸ.ਐਫ਼., ਪੰਜਾਬ ਪੁਲਿਸ ਦੇ ਹੋਣ ਉਹ ਆਪਣੇ ਗੁਰਦੁਆਰਿਆਂ ਵਿਚ ਸ੍ਰੀ

ਗੁਰੂ ਗ੍ਰੰਥ ਸਾਹਿਬ ਦੀ ਸੇਵਾ ਸੰਭਾਲ ਸਬੰਧੀ ਪੂਰਨ ਸ਼ਰਧਾ ਸਤਿਕਾਰ ਅਤੇ ਸੁਚੇਤਤਾ ਨਾਲ ਸੇਵਾ ਨਿਭਾਉਣ। ਉਨ੍ਹਾਂ ਕਿਹਾ ਦੋਵਾਂ ਘਟਨਾਵਾਂ ਦੇ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇ ਤਾਂ ਜੋ ਅੱਗੇ ਤੋਂ ਕੋਈ ਵੀ ਵਿਅਕਤੀ ਕਿਸੇ ਧਾਰਮਿਕ ਗ੍ਰੰਥ ਦੀ ਬੇਅਦਬੀ ਨਾ ਕਰ ਸਕੇ। ੨੯ ਦਸੰਬਰ

## ਸੰਸਦ ਵੱਲੋਂ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਨੂੰ ਸ਼ਰਧਾਜ਼ਲੀ ਦੇਣਾ ਸ਼ਲਾਘਾਯੋਗ

ਅੰਮ੍ਰਿਤਸਰ, - ਸ੍ਰੀ ਗੁਰੂ ਗੋਬਿੰਦ ਜੀ ਦੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਨੂੰ ਭਾਰਤ ਦੀ ਸੰਸਦ ਅੰਦਰ ਮੈਂਬਰ ਪਾਰਲੀਮੈਂਟ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਵੱਲੋਂ ਪੇਸ਼ ਕੀਤੇ ਮਤੇ ਅਨੁਸਾਰ ਸਮੁੱਚੇ ਹਾਊਸ ਵੱਲੋਂ ਸ਼ਰਧਾਜ਼ਲੀ ਦੇਣਾ ਸ਼ਲਾਘਾਯੋਗ ਕਦਮ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਕੀਤਾ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਮਜ਼ਲੂਮਾਂ ਦੀ ਰਾਖੀ ਲਈ ਆਪਣਾ ਸਾਰਾ ਪਰਿਵਾਰ ਵਾਰ ਦਿੱਤਾ ਸੀ। ਗੁਰੂ ਸਾਹਿਬ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਹਿ ਸਿੰਘ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਲਾਸਾਨੀ ਹੈ। ਸਮੇਂ ਦੀ ਹਕੂਮਤ ਨੇ ੭ ਤੇ ੯ ਸਾਲ ਦੀ ਉਮਰ ਦੇ ਛੋਟੇ ਮਾਸੂਮਾਂ ਨੂੰ ਅਤਿ ਦੇ ਤਸੀਹੇ ਦਿੰਦਿਆਂ ਨੀਂਹਾ ਵਿਚ ਚਿਣ ਕੇ ਸ਼ਹੀਦ ਕਰ ਦਿੱਤਾ ਗਿਆ। ਗੁਰੂ ਸਾਹਿਬ ਨੇ ਆਪਣਾ ਪਰਿਵਾਰ ਵਾਰ ਕੇ ਭਾਰਤ ਦੀ ਅਜ਼ਾਦੀ ਦਾ ਰਾਹ ਪੱਧਰਾ ਕੀਤਾ। ਉਨ੍ਹਾਂ ਕਿਹਾ ਕਿ ਇਹ ਪਹਿਲਾ ਮੌਕਾ ਹੈ ਜਦੋਂ ਭਾਰਤ ਦੀ ਪਾਰਲੀਮੈਂਟ ਅੰਦਰ ਸਾਹਿਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਨੂੰ ਸ਼ਰਧਾਜ਼ਲੀ ਦਿੱਤੀ ਗਈ ਹੈ, ਜਿਸ ਲਈ ਉਹ ਸਮੁੱਚੇ ਹਾਊਸ ਦੇ ਮੈਂਬਰਾਂ ਦਾ ਧੰਨਵਾਦ ਕਰਦੇ ਹਨ। ੨੯ ਦਸੰਬਰ

## ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਵੱਲੋਂ ਪੰਡਿਤ ਰਾਓ ਧਰੇਨਵਰ ਦਾ ਸਨਮਾਨ

ਅੰਮ੍ਰਿਤਸਰ, - ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਸਰਕਾਰੀ ਕਾਲਜ ਚੰਡੀਗੜ੍ਹ ਵਿਖੇ ਸਹਾਇਕ ਪ੍ਰੋਫੈਸਰ ਵਜੋਂ ਤਾਇਨਾਤ ਪੰਡਿਤ ਰਾਓ ਧਰੇਨਵਰ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਦਫਤਰ ਵਿਖੇ ਪੁੱਜਣ 'ਤੇ ਸਨਮਾਨਿਤ ਕੀਤਾ। ਪੰਡਿਤ ਰਾਓ ਧਰੇਨਵਰ ਕਰਨਾਟਕਾ ਦੇ ਵਸਨੀਕ ਹਨ ਅਤੇ ਪੰਜਾਬ ਵਿਚ ਪੰਜਾਬੀ ਭਾਸ਼ਾ ਦੇ ਮਾਣ ਸਨਮਾਨ ਲਈ ਮੁਹਿੰਮ ਚਲਾ ਰਹੇ ਹਨ। ਉਹ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਵਿਖੇ ਪੰਜਾਬੀ ਦੀਆਂ ਕਿਤਾਬਾਂ ਲੈਣ ਲਈ ਪਹੁੰਚੇ ਸਨ ਤਾਂ ਜੋ ਅਨੁਵਾਦ ਕਰਕੇ ਕਰਨਾਟਕਾ ਵਿਚ ਪੰਜਾਬੀ ਦਾ ਪ੍ਰਚਾਰ ਪ੍ਰਸਾਰ ਕਰ ਸਕਣ। ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਉਹ ਜਪੁਜੀ ਸਾਹਿਬ, ਸੁਖਮਨੀ ਸਾਹਿਬ, ਆਸਾ ਕੀ ਵਾਰ ਤੇ ਜਫਰਨਾਮਾ ਦਾ ਅਨੁਵਾਦ ਕਰ ਚੁੱਕੇ ਹਨ ਅਤੇ ਕਰਨਾਟਕਾ ਦੇ ਗੁਰਦੁਆਰਾ ਸਾਹਿਬਾਨ ਵਿਖੇ ਪੰਜਾਬੀ ਦੇ ਪ੍ਰਚਾਰ ਹਿੱਤ ਕਈ ਲੈਕਚਰ ਵੀ ਕਰ ਚੁੱਕੇ ਹਨ।

ਇਸ ਮੌਕੇ ਡਾ. ਰੂਪ ਸਿੰਘ ਨੇ ਪੰਡਿਤ ਰਾਓ ਧਰੇਨਵਰ ਵੱਲੋਂ ਚਲਾਈ ਗਈ ਮੁਹਿੰਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਕਰਨਾਟਕਾ ਦੇ ਵਾਸੀ ਪੰਡਿਤ ਰਾਓ ਧਰੇਨਵਰ ਵੱਲੋਂ ਜ਼ਮੀਨੀ ਪੱਧਰ 'ਤੇ ਪੰਜਾਬੀ ਭਾਸ਼ਾ ਦੇ ਪ੍ਰਚਾਰ ਤੇ ਪ੍ਰਸਾਰ ਲਈ ਕਾਰਜਸ਼ੀਲ ਹੋਣਾ ਵੀ ਸਾਡੇ ਲਈ ਮਾਣ ਵਾਲੀ ਗੱਲ ਹੈ। ਉਨ੍ਹਾਂ ਪੰਡਤ ਰਾਓ ਧਰੇਨਵਰ ਵੱਲੋਂ ਗਾਇਕੀ ਰਾਹੀਂ ਲੱਚਰਤਾ ਪੇਸ਼ ਕੀਤੇ ਜਾਣ ਵਿਰੁੱਧ ਅਵਾਜ਼ ਉਠਾਉਣ ਦੀ ਵੀ ਪ੍ਰਸੰਸਾ ਕੀਤੀ। ਪੰਜਾਬੀ ਭਾਸ਼ਾ ਬਾਬਾ ਫ਼ਰੀਦ, ਗੁਰੂ ਨਾਨਕ ਦੇਵ, ਵਾਰਸ਼ਾਹ ਦੀ ਭਾਸ਼ਾ ਹੈ। ਗੁਰੂ ਸਾਹਿਬਾਨ ਨੇ ਇਸ ਭਾਸ਼ਾ ਵਿਚ ਗੁਰਬਾਣੀ ਉਚਾਰਣ ਕਰਕੇ ਇਸ ਨੂੰ ਪਵਿੱਤਰਤਾ ਬਖ਼ਸ਼ੀ ਹੈ, ਜਿਸ ਨੂੰ ਪਲੀਤ ਕਰਨ ਦਾ ਕਿਸੇ ਨੂੰ ਅਧਿਕਾਰ ਨਹੀਂ। ਉਨ੍ਹਾਂ ਕਿਹਾ ਕਿ ਅੱਜ ਸਮਾਜ ਵਿਚ ਲੱਚਰਤਾ ਦਾ ਪਸਾਰਾ ਅਤਿ ਗੰਭੀਰ ਵਿਸ਼ਾ ਹੈ, ਜਿਸ ਲਈ ਸਾਨੂੰ ਸਾਰਿਆਂ ਨੂੰ ਜ਼ੋਰਦਾਰ ਹੰਭਲਾ ਮਾਰਨਾ ਚਾਹੀਦਾ ਹੈ। ਡਾ. ਰੂਪ ਸਿੰਘ ਨੇ ਕਿਹਾ ਕਿ ਲੱਚਰਤਾ ਸਾਡੇ ਵਿਰਸੇ ਅਤੇ ਆਉਣ ਵਾਲੀਆਂ ਪੀੜੀਆਂ ਲਈ ਬੇਹੱਦ ਖਤਰਨਾਕ ਹੈ। ਉਨ੍ਹਾਂ ਪੰਜਾਬੀ ਲੇਖਕਾਂ, ਗੀਤਕਾਰਾਂ, ਕਲਾਕਾਰਾਂ ਤੇ ਗਾਇਕਾਂ ਨੂੰ ਅਪੀਲ ਕੀਤੀ ਕਿ ਲੱਚਰ ਲੇਖਣੀ ਤੇ ਗੀਤਾਂ ਨੂੰ ਤੁਰੰਤ ਰੋਕਿਆ ਜਾਵੇ ਅਤੇ ਆਪਣੇ ਵਿਰਸੇ ਤੇ ਸੱਭਿਆਚਾਰ ਦੀ ਅਮੀਰੀ ਨੂੰ ਸੰਭਾਲਿਆ ਜਾਵੇ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਸਕੱਤਰ ਸ. ਅਵਤਾਰ ਸਿੰਘ, ਵਧੀਕ ਸਕੱਤਰ ਸ. ਬਲਵਿੰਦਰ ਸਿੰਘ

ਜੋੜਾਸਿੰਘਾ ਤੇ ਸ. ਮਹਿੰਦਰ ਸਿੰਘ ਆਹਲੀ ਆਦਿ ਮੌਜੂਦ ਸਨ। ੨੮ ਦਸੰਬਰ

# ਮਾਤਾ ਗੁਜਰੀ ਜੀ ਤੇ ਛੋਟੇ ਸਾਹਿਬਜ਼ਾਦਿਆਂ ਦੀ ਯਾਦ ਵਿਚ ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ ਤੋਂ ਸਜਾਏ ਗਏ ਸ਼ਹੀਦੀ ਨਗਰ ਕੀਰਤਨ ਵਿਚ ਲੱਖਾਂ ਸ਼ਰਧਾਲੂ ਹੋਏ ਸ਼ਾਮਲ

ਸਾਹਿਬਜ਼ਾਦਿਆਂ ਦੀ ਸ਼ਹਾਦਤ ਸਾਡੇ ਲਈ ਆਤਮਕ ਹਲੂਣਾ ਅਤੇ ਰਾਹ ਦਸੇਰਾ- ਭਾਈ ਗੋਬਿੰਦ ਸਿੰਘ ਲੌਂਗੋਵਾਲ

ਸ੍ਰੀ ਫਤਹਿਗੜ੍ਹ ਸਾਹਿਬ, - ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਹਿ ਸਿੰਘ ਦੇ ਸ਼ਹੀਦੀ ਜੋੜ-ਮੇਲ ਦੇ ਅੱਜ ਆਖਰੀ ਦਿਨ ਸਜਾਏ ਗਏ ਨਗਰ ਕੀਰਤਨ ਵਿਚ ਦੇਸ਼-ਵਿਦੇਸ਼ ਤੋਂ ਲੱਖਾਂ ਸ਼ਰਧਾਲੂਆਂ ਸਮੇਤ ਧਾਰਮਿਕ, ਰਾਜਸੀ ਤੇ ਸਮਾਜਕ ਸ਼ਖ਼ਸੀਅਤਾਂ, ਧਾਰਮਿਕ ਸਭਾ-ਸੁਸਾਇਟੀਆਂ, ਨਿਹੰਗ ਸਿੰਘ ਦਲਾਂ ਨੇ ਵੱਡੀ ਪੱਧਰ 'ਤੇ ਸ਼ਮੂਲੀਅਤ ਕੀਤੀ। ਇਹ ਸ਼ਹੀਦੀ ਨਗਰ ਕੀਰਤਨ ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ ਤੋਂ ਗੁਰਦੁਆਰਾ ਸ੍ਰੀ ਜੋਤੀ ਸਰੂਪ ਸਾਹਿਬ ਤੀਕ ਸਜਾਇਆ ਗਿਆ। ਇਸ ਤੋਂ ਪਹਿਲਾਂ ਆਸਾ ਦੀ ਵਾਰ ਦੇ ਕੀਰਤਨ ਉਪਰੰਤ ਮੁੱਖ ਗ੍ਰੰਥੀ ਭਾਈ ਹਰਪਾਲ ਸਿੰਘ ਨੇ ਮਾਤਾ ਗੁਜਰੀ ਜੀ ਅਤੇ ਸਾਹਿਬਜ਼ਾਦਿਆਂ ਦੇ ਜੀਵਨ ਇਤਿਹਾਸ 'ਤੇ ਚਾਨਣਾ ਪਾਇਆ। ਨਗਰ ਕੀਰਤਨ ਦੀ ਆਰੰਭਤਾ ਤੋਂ ਪਹਿਲਾਂ ਜਪੁ ਜੀ ਸਾਹਿਬ ਦੇ ਪਾਠ ਉਪਰੰਤ ਅਰਦਾਸ ਕੀਤੀ ਗਈ ਅਤੇ ਹੁਕਮਨਾਮਾ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਨੇ ਲਿਆ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਵੱਲੋਂ ਪੰਜ ਪਿਆਰਿਆਂ, ਪੰਜ ਨਿਸ਼ਾਨਚੀ ਸਿੰਘਾਂ, ਤਖ਼ਤ ਸਾਹਿਬਾਨ ਦੇ ਜੱਥੇਦਾਰਾਂ, ਸਿੱਖ ਸੰਪਰਦਾਵਾਂ ਦੇ ਮੁਖੀਆਂ ਨੂੰ ਸਿਰੋਪਾਓ ਭੇਟ ਕੀਤੇ ਗਏ। ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਜੈਕਾਰਿਆਂ ਦੀ ਗੂੰਜ ਵਿਚ ਸੁਨਹਿਰੀ ਪਾਲਕੀ ਸਾਹਿਬ ਵਿਚ ਸੁਸ਼ੋਭਿਤ ਕੀਤਾ। ਨਗਰ ਕੀਰਤਨ ਵਿਚ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਤੇ ਵੱਖ-ਵੱਖ ਸਭਾ-ਸੁਸਾਇਟੀਆਂ ਨੇ ਗੁਰਬਾਣੀ ਦਾ ਜਾਪ ਕੀਤਾ ਅਤੇ ਗੱਤਕਾ ਅਖਾੜਿਆਂ ਨੇ ਜੰਗਜੂ ਜੌਹਰ ਦਿਖਾਉਂਦਿਆਂ ਸ਼ਰਧਾ ਭੇਟ ਕੀਤੀ। ਗੁਰਦੁਆਰਾ ਸ੍ਰੀ ਜੋਤੀ ਸਰੂਪ ਸਾਹਿਬ ਵਿਖੇ ਨਗਰ ਕੀਰਤਨ ਦੀ ਸਮਾਪਤੀ ਸਮੇਂ ਸਜਾਏ ਗਏ ਧਾਰਮਿਕ ਦੀਵਾਨ ਵਿਚ ਭਾਈ ਅਜੀਤਪਾਲ ਸਿੰਘ, ਭਾਈ ਜਸਪ੍ਰੀਤ ਸਿੰਘ ਤੇ ਭਾਈ ਭੁਪਿੰਦਰ ਸਿੰਘ ਹਜ਼ੂਰੀ ਰਾਗੀ ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ ਅਤੇ ਅਕਾਲੀ ਬਹੁਲਵਲੀਨ ਸਿੰਘ ਸ੍ਰੀ ਅਨੰਦਪੁਰ ਸਾਹਿਬ ਦੇ ਜੱਥਿਆਂ ਵੱਲੋਂ ਗੁਰਬਾਣੀ ਦਾ ਮਨੋਹਰ ਕੀਰਤਨ ਕੀਤਾ ਗਿਆ। ਉਪਰੰਤ ਕੀਰਤਨ ਸੋਹਿਲਾ ਦਾ ਪਾਠ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਨੇ ਕੀਤਾ। ਸਮਾਪਤੀ ਦੀ ਅਰਦਾਸ ਗਿਆਨੀ ਰਘਬੀਰ ਸਿੰਘ ਜਥੇਦਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਨੇ ਕੀਤੀ ਅਤੇ ਹੁਕਮਨਾਮਾ ਭਾਈ ਹਰਪਾਲ ਸਿੰਘ ਨੇ ਲਿਆ।

ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਨੇ ਸੰਬੋਧਨ ਕਰਦਿਆਂ ਜਿੱਥੇ ਸਮੂਹ ਸੰਗਤਾਂ ਨੂੰ ਇਸ ਸ਼ਹੀਦੀ ਜੋੜ ਮੇਲ ਵਿਚ ਸਹਿਯੋਗ ਕਰਨ ਲਈ ਧੰਨਵਾਦ ਕੀਤਾ ਉਥੇ ਹੀ ਉਨ੍ਹਾਂ ਅਪੀਲ ਵੀ ਕੀਤੀ ਕਿ ੭ ਤੇ ੯ ਸਾਲ ਦੀ ਉਮਰ ਦੇ ਛੋਟੇ ਸਾਹਿਬਜ਼ਾਦਿਆਂ ਵਾਂਗ ਸਾਨੂੰ ਵੀ ਉਨ੍ਹਾਂ ਦੇ ਰਾਹ 'ਤੇ ਚੱਲਦਿਆਂ ਸਿੱਖੀ ਵਿਚ ਅਡੋਲ ਰਹਿਣਾ ਚਾਹੀਦਾ ਹੈ। ਉਨ੍ਹਾਂ ਸਮੂਹ ਸਿੱਖ ਸੰਗਤਾਂ ਨੂੰ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣਨ ਦੀ ਪ੍ਰੇਰਨਾ ਵੀ ਕੀਤੀ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਸੰਗਤਾਂ ਨਾਲ ਵਿਚਾਰਾਂ ਦੀ ਸਾਂਝ ਪਾਉਂਦਿਆਂ ਕਿਹਾ ਕਿ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਸਾਡੇ ਲਈ ਧਰਮ ਵਿਚ ਪ੍ਰਪੱਕ ਹੋਣ ਦਾ ਆਤਮਕ ਹਲੂਣਾ ਅਤੇ ਰਾਹ ਦਸੇਰਾ ਹੈ। ਉਨ੍ਹਾਂ ਕਿਹਾ ਕਿ ਛੋਟੇ ਸਾਹਿਬਜ਼ਾਦਿਆਂ ਵੱਲੋਂ ਦਰਸਾਇਆ ਗਿਆ ਮਾਰਗ ਸਾਨੂੰ ਧਰਮ ਦੀ ਉੱਤਮ ਸਿਖਲਾਈ ਦਿੰਦਾ ਹੈ। ਉਨ੍ਹਾਂ ਕਿਹਾ ਕਿ ਸਾਹਿਬਜ਼ਾਦਿਆਂ ਦਾ ਸਸਕਾਰ ਅਸਥਾਨ ਦੁਨੀਆਂ ਦੀ ਸਭ ਤੋਂ ਮਹਿੰਗੀ ਜਗ੍ਹਾ ਹੈ ਜੋ ਦੀਵਾਨ ਟੋਡਰ ਮੱਲ ਨੇ ਧਰਤੀ ਉਪਰ ਸੋਨੇ ਦੀਆਂ ਮੋਹਰਾਂ ਵਿਛਾ ਕੇ ਖਰੀਦੀ। ਉਨ੍ਹਾਂ ਇਸ ਪਾਵਨ ਅਸਥਾਨ 'ਤੇ ਇੱਕਤਰ ਹੋਈਆਂ ਸੰਗਤਾਂ ਨੂੰ ਪ੍ਰੇਰਨਾ ਕਰਦਿਆਂ ਕਿਹਾ ਕਿ ਸਿੱਖੀ ਵਿਚ ਪ੍ਰਪੱਕ ਹੋਣਾ ਹੀ ਸਾਹਿਬਜ਼ਾਦਿਆਂ ਲਈ ਸੱਚੀ ਸ਼ਰਧਾ ਹੈ। ਉਨ੍ਹਾਂ ਸਮੂਹ ਧਾਰਮਿਕ ਸ਼ਖ਼ਸੀਅਤਾਂ, ਧਾਰਮਿਕ ਜਥੇਬੰਦੀਆਂ, ਸਭਾ-ਸੁਸਾਇਟੀਆਂ, ਸਕੂਲਾਂ/ਕਾਲਜਾਂ ਤੇ ਪ੍ਰਸ਼ਾਸਨ ਦਾ ਇਨ੍ਹਾਂ ਸਮਾਗਮਾਂ ਵਿਚ ਸਹਿਯੋਗ ਕਰਨ ਲਈ ਧੰਨਵਾਦ

ਕੀਤਾ। ਇਸ ਸਮੇਂ ਸਟੇਜ ਸਕੱਤਰ ਦੀ ਭੂਮਿਕਾ ਸ਼੍ਰੋਮਣੀ ਕਮੇਟੀ ਮੈਂਬਰ ਸ. ਕਰਨੈਲ ਸਿੰਘ ਪੰਜੋਲੀ ਨੇ ਨਿਭਾਈ।

ਇਸ ਤੋਂ ਪਹਿਲਾਂ ਲਗਾਤਾਰ ਸਜਾਏ ਗਏ ਦੀਵਾਨਾਂ ਵਿਚ ਜਿਥੇ ਰਾਗੀ ਜਥਿਆਂ ਨੇ ਗੁਰਬਾਣੀ ਦਾ ਕੀਰਤਨ ਕੀਤਾ ਉਥੇ ਪ੍ਰਚਾਰਕ, ਢਾਡੀ, ਅਤੇ ਕਵੀਸ਼ਰ ਜਥਿਆਂ ਨੇ ਵੀ ਸ਼ਹਾਦਤਾਂ ਦੇ ਲਾਸਾਨੀ ਇਤਿਹਾਸ ਤੋਂ ਜਾਣੂ ਕਰਵਾਇਆ। ਇਸ ਮੌਕੇ ਵਿਸ਼ੇਸ ਤੌਰ ਤੇ ਕਵੀ ਦਰਬਾਰ ਕਰਵਾਇਆ ਗਿਆ ਜਿਸ ਵਿਚ ਕਵੀਆਂ ਨੇ ਬੀਰ ਰਸੀ ਕਵਿਤਾ ਪੇਸ਼ ਕੀਤੀਆਂ।

ਸ਼ਹੀਦੀ ਜੋੜ ਮੇਲ ਦੌਰਾਨ ਸੰਗਰੂਰ, ਪਟਿਆਲਾ, ਅੰਮ੍ਰਿਤਸਰ, ਤਰਨ ਤਾਰਨ, ਬਠਿੰਡਾ, ਲੁਧਿਆਣਾ, ਮਾਨਸਾ, ਲੌਂਗੋਵਾਲ, ਬਰਨਾਲਾ, ਰਾਜਪੁਰਾ, ਜਲੰਧਰ, ਮੰਡੀ ਗੋਬਿੰਦਗੜ੍ਹ, ਸਰਹਿੰਦ, ਹੁਸ਼ਿਆਰਪੁਰ, ਰੋਪੜ, ਚੰਡੀਗੜ੍ਹ, ਮੋਹਾਲੀ, ਅਸੰਧ, ਯਮੁਨਾਨਗਰ, ਕੈਥਲ, ਕਰਨਾਲ ਤੇ ਕੁਰੂਕਸ਼ੇਤਰ (ਹਰਿਆਣਾ), ਦਿੱਲੀ, ਆਦਿ ਜ਼ਿਲ੍ਹਿਆਂ ਅਤੇ ਵੱਖ-ਵੱਖ ਸਭਾ-ਸੁਸਾਇਟੀਆਂ ਤੋਂ ਇਲਾਵਾ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਬਰਿਸਟੋਲ ਇੰਗਲੈਂਡ ਵੱਲੋਂ ੩੦੦ ਤੋਂ ਵੱਧ ਲੰਗਰਾਂ ਦਾ ਪ੍ਰਬੰਧ ਕੀਤਾ ਗਿਆ। ਇਸੇ ਤਰ੍ਹਾਂ ਵੱਖ-ਵੱਖ ਸਭਾ-ਸੁਸਾਇਟੀਆਂ ਵੱਲੋਂ ਜੋੜਾ-ਘਰ, ਗਠੜੀ ਘਰ ਦੀ ਸੇਵਾ ਕੀਤੀ ਗਈ। ਵੱਡੀ ਗਿਣਤੀ ਵਿਚ ਗੁਰਮਤਿ ਅਤੇ ਸਿੱਖ ਇਤਿਹਾਸ ਨਾਲ ਸਬੰਧਤ ਪੁਸਤਕਾਂ ਦੇ ਸਟਾਲ ਵੀ ਲਗਾਏ ਗਏ।

ਇਸ ਮੌਕੇ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ, ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ, ਬਿਧੀ ਚੰਦ ਸੰਪਰਦਾ ਦੇ ਮੁਖੀ ਬਾਬਾ ਅਵਤਾਰ ਸਿੰਘ, ਹਰੀਆਂ ਵੇਲਾਂ ਵਾਲੇ ਬਾਬਾ ਨਿਹਾਲ ਸਿੰਘ, ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੁੱਖ ਗ੍ਰੰਥੀ ਭਾਈ ਫੂਲਾ ਸਿੰਘ, ਮੈਂਬਰ ਸ਼੍ਰੋਮਣੀ ਕਮੇਟੀ ਸ. ਹਰਪ੍ਰੀਤ ਸਿੰਘ, ਬਾਬਾ ਮੱਖਣ ਸਿੰਘ, ਬਾਬਾ ਨਾਗਰ ਸਿੰਘ, ਬਾਬਾ ਹਰੀ ਸਿੰਘ ਰੰਧਾਵੇ ਵਾਲੇ, ਸ. ਕਰਨੈਲ ਸਿੰਘ ਪੀਰਮੁਹੰਮਦ, ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ, ਸਕੱਤਰ ਸ. ਅਵਤਾਰ ਸਿੰਘ, ਸਾਬਕਾ ਸਕੱਤਰ ਸ. ਦਲਮੇਘ ਸਿੰਘ, ਐਡੀਸ਼ਨਲ ਸਕੱਤਰ ਸ. ਦਿਲਜੀਤ ਸਿੰਘ ਬੇਦੀ, ਸ. ਕੇਵਲ ਸਿੰਘ ਤੇ ਸ. ਮਹਿੰਦਰ ਸਿੰਘ ਆਹਲੀ, ਮੀਤ ਸਕੱਤਰ ਸ. ਜਸਵਿੰਦਰ ਸਿੰਘ ਦੀਨਪੁਰ ਤੇ ਸ. ਹਰਜੀਤ ਸਿੰਘ ਲਾਲੂਘੁੰਮਣ, ਮੈਨੇਜਰ ਸ. ਜਸਬੀਰ ਸਿੰਘ ਸਮੇਤ ਲੱਖਾਂ ਦੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ।੨੨ ਦਸੰਬਰ

## ਦਿਆਲ ਸਿੰਘ ਕਾਲਜ ਦੀ ਨਾਂ ਤਬਦੀਲੀ ’ਤੇ ਰੋਕ ਦਾ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਕੀਤਾ ਸਵਾਗਤ

ਅੰਮ੍ਰਿਤਸਰ, - ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਦਿਆਲ ਸਿੰਘ ਈਵਨਿੰਗ ਕਾਲਜ, ਨਵੀਂ ਦਿੱਲੀ ਦਾ ਨਾਂ ਬਦਲ ਕੇ ਵੰਦੇ ਮਾਤਰਮ ਮਹਾਵਿਦਿਆਲਾ ਰੱਖਣ 'ਤੇ ਰੋਕ ਲਗਾਉਣ ਦੇ ਕੇਂਦਰ ਸਰਕਾਰ ਦੇ ਫੈਸਲੇ ਦਾ ਸਵਾਗਤ ਕੀਤਾ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਜਿਥੇ ਕਾਲਜ ਦੀ ਇਤਿਹਾਸਿਕ ਵਿਰਾਸਤ ਬਰਕਰਾਰ ਰਹੇਗੀ, ਉਥੇ ਹੀ ਸਿੱਖਾਂ ਅੰਦਰ ਪਾਈ ਜਾ ਰਹੀ ਰੋਸ ਦੀ ਭਵਾਨਾ ਵੀ ਖਤਮ ਹੋਵੇਗੀ। ਇਹ ਪ੍ਰਗਟਾਵਾ ਭਾਈ ਲੌਂਗੋਵਾਲ ਨੇ ਸੰਸਦ ਵਿਚ ਕੇਂਦਰੀ ਐੱਚ.ਆਰ.ਡੀ. ਮੰਤਰੀ ਸ੍ਰੀ ਪ੍ਰਕਾਸ਼ ਜਾਵੇਡਕਰ ਵੱਲੋਂ ਕਾਲਜ ਦੇ ਨਾਲ ਵਿਚ ਕੋਈ ਤਬਦੀਲੀ ਨਾ ਕੀਤੇ ਜਾਣ ਦੇ ਬਿਆਨ ਤੋਂ ਬਾਅਦ ਕੀਤਾ ਹੈ।

ਦੱਸਣਾ ਬਣਦਾ ਹੈ ਕਿ ਕਾਲਜ ਦੀ ਗਵਰਨਿੰਗ ਬਾਡੀ ਵੱਲੋਂ ਕਾਲਜ ਦਾ ਨਾਂ ਤਬਦੀਲ ਕਰਨ ਦਾ ਮਾਮਲਾ ਸਾਹਮਣੇ ਆਉਣ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਤਿਖਾਂ ਪਰਤੀਕਰਮ ਪ੍ਰਗਟ ਕੀਤਾ ਗਿਆ ਸੀ। ਇਸ ਤੋਂ ਇਲਾਵਾ ਸੰਸਾਰ ਭਰ ਦੇ ਸਿੱਖਾਂ ਵਿਚ ਵੀ ਕਾਲਜ ਦਾ ਨਾਂ ਬਦਲਣ ਤੋਂ ਬਾਅਦ ਤਿੱਖਾਂ ਰੋਸ ਤੇ ਰੋਹ ਪਾਇਆ ਜਾ ਰਿਹਾ ਸੀ। ੧੯ ਦਸੰਬਰ

## ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਲੌਂਗੋਵਾਲ ਦਾ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਵਿਸ਼ੇਸ਼ ਸਨਮਾਨ

ਪਟਨਾ ਸਾਹਿਬ, - ਦਸਮੇਸ਼ ਪਿਤਾ ਜੀ ਸ੍ਰੀ ਗੁਰੂ ਗੋਬਿੰਦ ਸਿੰਘ ਦੇ ੩੫੧ਵੇਂ ਪ੍ਰਕਾਸ਼ ਪੁਰਬ ਸਬੰਧੀ ਸਮਾਗਮਾਂ 'ਚ ਸ਼ਾਮਲ ਹੋਏ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਦਾ ਤਖ਼ਤ ਸ੍ਰੀ ਹਰਿਮੰਦਰ

ਜੀ ਪਟਨਾ ਸਾਹਿਬ ਵਿਖੇ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਇਕਬਾਲ ਸਿੰਘ ਨੇ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ। ਉਨ੍ਹਾਂ ਨੂੰ ਸਨਮਾਨ ਵਿਚ ਗੁਰੂ ਘਰ ਦੀ ਬਖਸ਼ਿਸ ਸਿਰੋਪਾਓ, ਲੋਈ ਅਤੇ ਸ੍ਰੀ ਸਾਹਿਬ ਤਖ਼ਤ ਸਾਹਿਬ ਵੱਲੋਂ ਭੇਟ ਕੀਤੀ ਗਈ।

ਇਸ ਮੌਕੇ ਭਾਈ ਲੌਂਗੋਵਾਲ ਨੇ ਕਾਫੀ ਸਮਾਂ ਸੰਗਤ ਵਿਚ ਬੈਠ ਕੇ ਗੁਰੂ ਸਾਹਿਬ ਪ੍ਰਤੀ ਸ਼ਰਧਾਂ ਦਾ ਪ੍ਰਗਟਾਵਾ ਕੀਤਾ ਅਤੇ ਉਨ੍ਹਾਂ ਨੇ ਤਖ਼ਤ ਸਾਹਿਬ 'ਤੇ ਸੁਸ਼ੋਭਿਤ ਗੁਰੂ ਸਾਹਿਬ ਨਾਲ ਸਬੰਧਤ ਇਤਿਹਾਸਕ ਨਿਸ਼ਾਨੀਆਂ ਦੇ ਦਰਸ਼ਨ ਕੀਤੇ। ਉਨ੍ਹਾਂ ਨੇ ਸੰਗਤ ਵਿਚ ਬੈਠ ਕੇ ਸਿੰਘ ਸਾਹਿਬ ਗਿਆਨੀ ਇਕਬਾਲ ਸਿੰਘ ਵੱਲੋਂ ਇਤਿਹਾਸਕ ਵਸਤੂਆਂ ਦਾ ਇਤਿਹਾਸ ਸਰਵਣ ਕੀਤਾ। ਇਸ ਦੌਰਾਨ ਸਿੰਘ ਸਾਹਿਬ ਗਿਆਨੀ ਇਕਬਾਲ ਸਿੰਘ ਨੇ ਸ਼੍ਰੋਮਣੀ ਕਮੇਟੀ ਪ੍ਰਧਾਨ ਬਣਨ ਤੋਂ ਬਾਅਦ ਪਹਿਲੀ ਵਾਰ ਤਖ਼ਤ ਸਾਹਿਬ 'ਤੇ ਆਉਣ ਉਤੇ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੂੰ ਜੀ ਆਇਆਂ ਕਿਹਾ ਅਤੇ ਦਸਵੇਂ ਪਾਤਸ਼ਾਹ ਜੀ ਦੇ ਪ੍ਰਕਾਸ਼ ਪੁਰਬ ਮੌਕੇ ਆਯੋਜਿਤ ਕੀਤੇ ਗਏ ਸਮਾਗਮਾਂ ਸਮੇਂ ਪ੍ਰਬੰਧਾਂ ਵਿਚ ਸਹਿਯੋਗ ਦੇਣ ਲਈ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਨੇ ਪ੍ਰਬੰਧਾਂ ਲਈ ਪ੍ਰਚਾਰਕ, ਰਾਗੀ, ਢਾਡੀ, ਕਵੀਸਰ ਜਥਿਆਂ ਤੋਂ ਇਲਾਵਾ ਵੱਡੀ ਗਿਣਤੀ ਵਿਚ ਸੇਵਾਦਾਰ, ਲਾਂਗਰੀ ਆਦਿ ਭੇਜ ਕੇ ਪ੍ਰਕਾਸ਼ ਪੁਰਬ ਸਮਾਗਮਾਂ ਨੂੰ ਇਤਿਹਾਸਕ ਬਣਾਉਣ ਵਿਚ ਸਹਿਯੋਗ ਕੀਤਾ ਹੈ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਅੰਤ੍ਰਿੰਗ ਮੈਂਬਰ ਸ. ਗੁਰਮੀਤ ਸਿੰਘ ਬੂਹ, ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਮੈਂਬਰ ਸ. ਰਜਿੰਦਰ ਸਿੰਘ ਮਹਿਤਾ, ਬੀਬੀ ਜੋਗਿੰਦਰ ਕੌਰ, ਮੁੱਖ ਸਕੱਤਰ ਡਾ. ਰੂਪ ਸਿੰਘ, ਵਧੀਕ ਸਕੱਤਰ ਸ. ਪ੍ਰਤਾਪ ਸਿੰਘ, ਮੀਤ ਸਕੱਤਰ ਸ. ਚਾਨਣ ਸਿੰਘ, ਸ. ਸੁਲੱਖਣ ਸਿੰਘ ਭੰਗਾਲੀ ਮੈਨੇਜਰ ਸ੍ਰੀ ਦਰਬਾਰ ਸਾਹਿਬ, ਸ. ਨਵਇੰਦਰ ਸਿੰਘ ਲੌਂਗੋਵਾਲ, ਸ. ਬਲਵਿੰਦਰ ਸਿੰਘ ਲੌਂਗੋਵਾਲ, ਹਰਭਜਨ ਸਿੰਘ ਵਕਤਾ ਮੀਡੀਆ ਇੰਚਾਰਜ, ਸ. ਕਰਮਬੀਰ ਸਿੰਘ, ਸ. ਮੇਜਰ ਸਿੰਘ, ਸ. ਰਜਵੰਤ ਸਿੰਘ ਆਦਿ ਹਾਜਰ ਸਨ।੨੪ ਦਸੰਬਰ

## ਸ. ਸੁਖਬੀਰ ਸਿੰਘ ਬਾਦਲ, ਭਾਈ ਗੋਬਿੰਦ ਸਿੰਘ ਲੌਂਗੋਵਾਲ,

## ਬੀਬੀ ਹਰਸਿਮਰਤ ਕੌਰ ਬਾਦਲ ਤੇ ਹੋਰਾਂ ਵੱਲੋਂ ਸ੍ਰੀ ਨੀਤੀਸ਼ ਕੁਮਾਰ ਨਾਲ ਮੁਲਾਕਾਤ

# ਤਖਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਹੋਏ ਨਤਮਸਤਕ

ਪਟਨਾ ਸਾਹਿਬ, - ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਮੌਕੇ ਤਖਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਨਤਮਸਤਕ ਹੋਣ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਬਿਹਾਰ ਦੇ ਮੁੱਖ ਮੰਤਰੀ ਸ੍ਰੀ ਨੀਤੀਸ਼ ਕੁਮਾਰ ਨੂੰ ਮਿਲਣ ਲਈ ਉਨ੍ਹਾਂ ਦੀ ਰਿਹਾਇਸ਼ ਤੇ ਪਹੁੰਚੇ। ਇਸ ਮੌਕੇ ਕੇਂਦਰੀ ਮੰਤਰੀ ਬੀਬੀ ਹਰਸਿਮਰਤ ਕੌਰ ਬਾਦਲ, ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਮਨਜੀਤ ਸਿੰਘ ਜੀਕੇ, ਜਨਰਲ ਸਕੱਤਰ ਸ. ਮਨਜਿੰਦਰ ਸਿੰਘ ਸਿਰਸਾ ਤੇ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਵੀ ਉਨ੍ਹਾਂ ਦੇ ਨਾਲ ਸਨ। ਸੁਖਬੀਰ ਬਾਦਲ ਨੇ ਕਲਗੀਧਰ ਪਾਤਸ਼ਾਹ ਦਾ ੩੫੦ ਸਾਲਾ ਪ੍ਰਕਾਸ਼ ਗੁਰਪੁਰਬ ਵੱਡੇ ਪੱਧਰ ਤੇ ਮਨਾਉਣ ਲਈ ਬਿਹਾਰ ਦੇ ਮੁੱਖ ਮੰਤਰੀ ਸ੍ਰੀ ਨੀਤੀਸ਼ ਕੁਮਾਰ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਬਿਹਾਰ ਸਰਕਾਰ ਵੱਲੋਂ ਕੀਤੇ ਗਏ ਬੇਮਿਸਾਲ ਪ੍ਰਬੰਧਾਂ ਸਦਕਾ ਉਨ੍ਹਾਂ (ਸ੍ਰੀ ਨੀਤੀਸ਼ ਕੁਮਾਰ) ਨੇ ਦੁਨੀਆ ਭਰ ਵਿਚ ਵੱਸਦੀ ਗੁਰੂ ਨਾਨਕ ਨਾਨਕ ਨਾਮ ਲੇਵਾ ਸੰਗਤ ਦਾ ਦਿਲ ਜਿੱਤ ਲਿਆ ਹੈ। ਇਸ ਮੌਕੇ ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਤੇ ਦਿੱਲੀ ਸਿੱਖ ਗੁਰੂਦੁਆਰਾ ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ ਕੇ ਨੇ ਵੀ ਸ੍ਰੀ ਨੀਤੀਸ਼ ਕੁਮਾਰ ਦੇ ਉਪਰਾਲੇ ਦੀ ਸ਼ਲਾਘਾ ਕੀਤੀ।

ਸ੍ਰੀ ਨੀਤੀਸ਼ ਕੁਮਾਰ ਨੇ ਸਮੂਹ ਦੇਸ਼ ਵਾਸੀਆਂ ਨੂੰ ਗੁਰੂ ਸਾਹਿਬ ਦੇ ਪ੍ਰਕਾਸ਼ ਪੁਰਬ ਦੀ ਵਧਾਈ ਦਿੰਦਿਆ ਕਿਹਾ ਕਿ ਇਹ ਉਨ੍ਹਾਂ ਦਾ ਸੁਭਾਗ ਹੈ ਕਿ ਉਨ੍ਹਾਂ ਨੂੰ ਇਹ ਪਵਿੱਤਰ ਦਿਹਾੜਾ ਮਨਾਉਣ ਦੀ ਸੇਵਾ ਮਿਲੀ ਹੈ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਜੀ ਦੀਆਂ ਸਾਡੇ ਬਖਸ਼ਿਸ਼ਾਂ ਅਨੇਕ ਹਨ, ਜਿਨ੍ਹਾਂ ਦਾ ਸ਼ੁਕਰਾਨਾ ਕਰਨਾ ਸਾਡਾ ਸਭ ਦਾ ਫਰਜ ਹੈ। ਉਨ੍ਹਾਂ ਗੁਰੂ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਸਮਾਗਮਾਂ ਲਈ ਸਹਿਯੋਗ ਦੇਣ ਲਈ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ.

(ਬਾਕੀ ਪੰਨਾ ੫੧ 'ਤੇ)

ਗੁਰਦੁਆਰਾ ਗਜ਼ਟ (੪੩) ਮਾਘ (ਜਨਵਰੀ 2018)



ਗੁ: ਸ੍ਰੀ ਦੇਗਸਰ ਸਾਹਿਬ ਕਟਾਣਾ ਵਿਖੇ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਮੌਕੇ ਪ੍ਰਧਾਨਗੀ ਕਰਦੇ ਹੋਏ ਭਾਈ ਗੋਬਿੰਦ ਸਿੰਘ ਲੌਂਗੋਵਾਲ, ਪ੍ਰਧਾਨ ਸ਼੍ਰੋਮਣੀ ਕਮੇਟੀ, ਹਾਜ਼ਰ ਸਮੂਹ ਅਹੁਦੇਦਾਰ, ਮੈਂਬਰਾਨ ਅੰਤ੍ਰਿੰਗ ਕਮੇਟੀ ਅਤੇ ਸ਼੍ਰੋਮਣੀ ਕਮੇਟੀ ਅਧਿਕਾਰੀ।



ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਉਪਰੰਤ ਅਮਰੀਕਾ ਦੇ ਐਲਕ ਗਰੋਵ ਸਿਟੀ ਦੇ ਕਮਿਸ਼ਨਰ ਸ. ਗੁਰਜਤਿੰਦਰ ਸਿੰਘ ਨੂੰ ਦਫ਼ਤਰ, ਸ਼੍ਰੋਮਣੀ ਕਮੇਟੀ ਵਿਖੇ ਸਨਮਾਨਿਤ ਕਰਦੇ ਹੋਏ ਸ਼੍ਰੋਮਣੀ ਕਮੇਟੀ ਦੇ ਵਧੀਕ ਸਕੱਤਰ ਸ. ਦਿਲਜੀਤ ਸਿੰਘ ਬੇਦੀ, ਡਾ. ਪਰਮਜੀਤ ਸਿੰਘ ਸਰੋਆ ਤੇ ਸ. ਬਿੱਟੀ ਸਿੰਘ।

ਗੁਰਦੁਆਰਾ ਗਜ਼ਟ (੪੪) ਮਾਘ (ਜਨਵਰੀ 2018)



ਵੱਡੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ (ਅੰਮ੍ਰਿਤਸਰ) ਵਿਖੇ ਕਰਵਾਏ ਗਏ ਗੁਰਬਾਣੀ ਜਾਪ ਸਮਾਗਮ ਦੌਰਾਨ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ ਗਿਆਨੀ ਗੁਰਬਚਨ ਸਿੰਘ, ਗਿਆਨੀ ਜਗਤਾਰ ਸਿੰਘ ਅਤੇ ਡਾ. ਰੂਪ ਸਿੰਘ।



ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੇ ਸ਼ਹੀਦੀ ਦਿਹਾੜੇ ਮੌਕੇ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ (ਅੰਮ੍ਰਿਤਸਰ) ਵਿਖੇ ਕਰਵਾਏ ਗਏ ਗੁਰਮਤਿ ਸਮਾਗਮ ਸਮੇਂ ਭਾਈ ਜਗੀਰ ਸਿੰਘ ਦਾ ਰਾਗੀ ਜਥਾ ਕੀਰਤਨ ਕਰਦਾ ਹੋਇਆ ਅਤੇ ਹਾਜ਼ਰ ਸੰਗਤਾਂ।

ਗੁਰਦੁਆਰਾ ਗਜ਼ਟ (੪੫) ਮਾਘ (ਜਨਵਰੀ 2018)



ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਆਉਣ ਵਾਲੀਆਂ ਸੰਗਤਾਂ ਦੀ ਸਹੂਲਤ ਲਈ ਜੋੜਾ ਘਰ ਦੇ ਸੈਂਟਰ ਦੀ ਸੇਵਾ ਆਰੰਭ ਕਰਨ ਤੋਂ ਪਹਿਲਾਂ ਅਰਦਾਸ ਕਰਦੇ ਹੋਏ ਭਾਈ ਸੁਖਜਿੰਦਰ ਸਿੰਘ ਅਤੇ ਅਰਦਾਸ ਵਿਚ ਸ਼ਾਮਲ ਬਾਬਾ ਕਸ਼ਮੀਰ ਸਿੰਘ ਭੂਰੀ ਵਾਲੇ,
ਅੰਤ੍ਰਿੰਗ ਮੈਂਬਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਮੈਂਬਰ ਭਾਈ ਰਜਿੰਦਰ ਸਿੰਘ ਮਹਿਤਾ, ਸ. ਬਾਵਾ ਸਿੰਘ ਗੁਮਾਨਪੁਰਾ,
ਵਧੀਕ ਸਕੱਤਰ ਸ. ਦਿਲਜੀਤ ਸਿੰਘ ਬੇਦੀ ਅਤੇ ਹੋਰ।



ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਨੂੰ ਸਮਰਪਿਤ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ
ਸ਼੍ਰੋਮਣੀ ਕਮੇਟੀ ਵੱਲੋਂ ਸਮੂਹਿਕ ਰੂਪ ਵਿਚ ਕੀਤੀ ਗਈ ਅਰਦਾਸ ਮੌਕੇ ਇਕੱਤਰ ਹੋਏ ਮੁਲਾਜ਼ਮ।

ਗੁਰਦੁਆਰਾ ਗਜ਼ਟ (੪੬) ਮਾਘ (ਜਨਵਰੀ 2018)



ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਗੁਰਦੁਆਰਾ ਸ੍ਰੀ ਟਾਹਲੀਆਣਾ ਸਾਹਿਬ ਰਾਏਕੋਟ ਤੋਂ ਸਜਾਏ ਗਏ ਨਗਰ ਕੀਰਤਨ ਮੌਕੇ ਪੰਜ ਪਿਆਰੇ ਸਾਹਿਬਾਨ ਨਾਲ ਸ਼੍ਰੋਮਣੀ ਗੁ: ਪ੍ਰ: ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਅਤੇ ਹੋਰ ਪ੍ਰਮੁੱਖ ਸ਼ਖ਼ਸੀਅਤਾਂ।



ਗੁਰਦੁਆਰਾ ਸ੍ਰੀ ਨਾਨਕਿਆਣਾ ਸਾਹਿਬ ਵਿਖੇ ਧਰਮ ਪ੍ਰਚਾਰ ਕਮੇਟੀ ਦੀ ਇਕੱਤਰਤਾ ਸਮੇਂ ਪ੍ਰਧਾਨਗੀ ਕਰਦੇ ਹੋਏ ਭਾਈ ਗੋਬਿੰਦ ਸਿੰਘ ਲੌਂਗੋਵਾਲ, ਪ੍ਰਧਾਨ ਸ਼੍ਰੋਮਣੀ ਕਮੇਟੀ। ਉਨ੍ਹਾਂ ਨਾਲ ਧਰਮ ਪ੍ਰਚਾਰ ਕਮੇਟੀ ਦੇ ਮੈਂਬਰਾਨ ਅਤੇ ਸ਼੍ਰੋਮਣੀ ਕਮੇਟੀ ਅਧਿਕਾਰੀ।

ਗੁਰਦੁਆਰਾ ਗਜ਼ਟ (੪੭) ਮਾਘ (ਜਨਵਰੀ 2018)



ਗੁਰਦੁਆਰਾ ਸ੍ਰੀ ਨਾਨਕਿਆਣਾ ਸਾਹਿਬ ਵਿਖੇ ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਧਰਮ ਪ੍ਰਚਾਰ ਕਮੇਟੀ ਵੱਲੋਂ ਪ੍ਰਕਾਸ਼ਿਤ ਧਾਰਮਿਕ ਕਿਤਾਬਚਾ 'ਸ਼ੇਖ ਫੱਤੇ ਦੀ ਕਾਤਰਾ ਕਿਉਂ?' ਸੰਗਤ ਅਰਪਣ ਕਰਦੇ ਹੋਏ।



ਡਾ. ਹਰਚੰਦ ਸਿੰਘ ਬੇਦੀ ਦੁਆਰਾ ਸੰਪਾਦਿਤ ਪੁਸਤਕ 'ਸਿੱਖ ਇਤਿਹਾਸ ਦੇ ਫ਼ਾਰਸੀ ਸਰੋਤ' ਸੰਗਤ ਅਰਪਣ ਕਰਦੇ ਹੋਏ ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਅਤੇ ਹੋਰ ਵਿਦਵਾਨ।

ਗੁਰਦੁਆਰਾ ਗਜ਼ਟ (੪੮) ਮਾਘ (ਜਨਵਰੀ 2018)



ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਪ੍ਰਚਾਰਕਾਂ ਦੀ ਇਕੱਤਰਤਾ ਦੌਰਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਪ੍ਰਧਾਨ ਸ਼੍ਰੋਮਣੀ ਕਮੇਟੀ ਨੂੰ ਸਨਮਾਨਿਤ ਕਰਦੇ ਹੋਏ ਗਿਆਨੀ ਰਘਬੀਰ ਸਿੰਘ, ਜਥੇਦਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ਼੍ਰੋਮਣੀ ਕਮੇਟੀ ਮੈਂਬਰ, ਅਧਿਕਾਰੀ ਅਤੇ ਪ੍ਰਚਾਰਕ ਸਾਹਿਬਾਨ।



ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਪ੍ਰਚਾਰਕਾਂ ਦੀ ਇਕੱਤਰਤਾ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ, ਉਨ੍ਹਾਂ ਨਾਲ ਹਾਜ਼ਰ ਮੈਂਬਰ ਸਾਹਿਬਾਨ।

ਗੁਰਦੁਆਰਾ ਗਜ਼ਟ (੪੯) ਮਾਘ (ਜਨਵਰੀ 2018)



ਸ੍ਰੀ ਦਰਬਾਰ ਸਾਹਿਬ ਦੇ ਸੂਚਨਾ ਕੇਂਦਰ ਵਿਖੇ ਕੈਨੇਡਾ ਦੇ ਐਮ.ਪੀ.ਪੀ. ਪੈਟਰਿਕ ਬਰਾਊਨ ਨੂੰ ਸਨਮਾਨਿਤ ਕਰਦੇ ਹੋਏ ਡਾ. ਰੂਪ ਸਿੰਘ ਮੁੱਖ ਸਕੱਤਰ, ਮੈਂਬਰ ਸ. ਗੁਰਜੀਤ ਸਿੰਘ ਬਿੱਟੇਵਡ, ਸਕੱਤਰ ਸ. ਅਵਤਾਰ ਸਿੰਘ ਸੈਂਪਲਾ, ਸ. ਸੁਲੱਖਣ ਸਿੰਘ ਭੰਗਾਲੀ ਮੈਨੇਜਰ ਅਤੇ ਹੋਰ।



ਸ਼੍ਰੋਮਣੀ ਕਮੇਟੀ ਦੇ ਦਫ਼ਤਰ ਵਿਖੇ ਪੰਡਿਤ ਰਾਓ ਧਰੇਨਵਰ ਦਾ ਸਨਮਾਨ ਕਰਦੇ ਹੋਏ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ, ਸਕੱਤਰ ਸ. ਅਵਤਾਰ ਸਿੰਘ, ਵਧੀਕ ਸਕੱਤਰ ਸ. ਬਲਵਿੰਦਰ ਸਿੰਘ ਜੌੜਾਸਿੰਘਾ ਤੇ ਸ. ਮਹਿੰਦਰ ਸਿੰਘ ਆਹਲੀ।

ਗੁਰਦੁਆਰਾ ਗਜ਼ਟ (੫੦) ਮਾਘ (ਜਨਵਰੀ 2018)



ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਸ੍ਰੀ ਹਜ਼ੂਰ ਸਾਹਿਬ ਲਈ ਸਿੱਧੀ ਹਵਾਈ ਸੇਵਾ ਦੀ ਆਰੰਭਤਾ ਮੌਕੇ ਏਅਰ ਇੰਡੀਆ ਦੇ ਅਧਿਕਾਰੀਆਂ ਨੂੰ ਸਨਮਾਨਿਤ ਕਰਦੇ ਹੋਏ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਮੁੱਖ ਗ੍ਰੰਥੀ, ਅੰਤ੍ਰਿੰਗ ਕਮੇਟੀ ਮੈਂਬਰ ਸ. ਗੁਰਮੀਤ ਸਿੰਘ ਬੂਹ ਤੇ ਐਡਵੋਕੇਟ ਸ. ਭਗਵੰਤ ਸਿੰਘ ਸਿਆਲਕਾ, ਮੈਂਬਰ ਸ. ਰਾਜਿੰਦਰ ਸਿੰਘ ਮਹਿਤਾ, ਮੁੱਖ ਸਕੱਤਰ ਡਾ. ਰੂਪ ਸਿੰਘ, ਮੈਨੇਜਰ ਸ. ਸੁਲੱਖਣ ਸਿੰਘ ਭੰਗਾਲੀ ਅਤੇ ਹੋਰ।



ਸ. ਕੁਲਵਿੰਦਰ ਸਿੰਘ ਨੂੰ ਸੇਵਾ ਮੁਕਤ ਹੋਣ ਸਮੇਂ ਸਨਮਾਨਿਤ ਕਰਦੇ ਹੋਏ ਸਕੱਤਰ ਸ. ਮਨਜੀਤ ਸਿੰਘ, ਵਧੀਕ ਸਕੱਤਰ ਸ. ਦਿਲਜੀਤ ਸਿੰਘ ਬੇਦੀ ਅਤੇ ਹੋਰ।

(ਪੰਨਾ ੪੨ ਦਾ ਬਾਕੀ)

ਸੁਖਬੀਰ ਸਿੰਘ ਬਾਦਲ, ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਤੇ ਦਿੱਲੀ ਕਮੇਟੀ ਦੇ ਪ੍ਰਧਾਨ ਸ. ਮਨਜੀਤ ਸਿੰਘ ਜੀਕੇ ਦਾ ਧੰਨਵਾਦ ਕੀਤਾ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਸ੍ਰੀ ਨੀਤੀਸ਼ ਕੁਮਾਰ ਨੂੰ ਸ੍ਰੀ ਅੰਮ੍ਰਿਤਸਰ ਤੋਂ ਪਟਨਾ ਸਾਹਿਬ ਲਈ ਸਿੱਧੀ ਫਲਾਈਟ ਚਲਾਉਣ ਦੀ ਮੰਗ ਦੇ ਨਾਲ ਨਾਲ ਸ੍ਰੀ ਅੰਮ੍ਰਿਤਸਰ, ਸ੍ਰੀ ਨਾਂਦੇੜ ਸਾਹਿਬ ਅਤੇ ਸ੍ਰੀ ਪਟਨਾ ਸਾਹਿਬ ਨੂੰ ਆਪਸ ਵਿਚ ਤਿਕੋਨੇ ਰੇਲ ਮਾਰਗ ਨਾਲ ਜੋੜਨ ਦੀ ਮੰਗ ਕੀਤੀ ਜਿਸ ਤੇ ਸ੍ਰੀ ਨੀਤੀਸ਼ ਕੁਮਾਰ ਨੇ ਹਾਂ ਪੱਖੀ ਹੁੰਗਾਰਾ ਭਰਿਆ। ਇਸ ਮੌਕੇ ਤੇ ਸ਼੍ਰੋਮਣੀ ਅਕਾਲੀ ਦਲ, ਸ਼੍ਰੋਮਣੀ ਕਮੇਟੀ ਅਤੇ ਦਿੱਲੀ ਕਮੇਟੀ ਵਲੋਂ ਸ੍ਰੀ ਨੀਤੀਸ਼ ਕੁਮਾਰ ਨੂੰ ਸਿਰੋਪਾਓ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਨੀਤੀਸ਼ ਕੁਮਾਰ ਨੇ ਵੀ ਸ. ਸੁਖਬੀਰ ਸਿੰਘ ਬਾਦਲ, ਬੀਬੀ ਹਰਸਿਮਰਤ ਕੌਰ ਬਾਦਲ, ਭਾਈ ਗੋਬਿੰਦ ਸਿੰਘ ਲੌਂਗੋਵਾਲ ਤੇ ਹੋਰਨਾਂ ਨੂੰ ਯਾਦਗਾਰੀ ਚਿੰਨ ਭੇਟ ਕੀਤੇ।

ਇਸ ਤੋਂ ਪਹਿਲਾਂ ਤਖਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਨੇ ਸ਼ਰਧਾ ਭਾਵਨਾ ਨਾਲ ਪਰਵਾਰ ਸਮੇਤ ਮੱਥਾ ਟੇਕਿਆ। ਉਨ੍ਹਾਂ ਨਾਲ ਕੇਂਦਰੀ ਮੰਤਰੀ ਬੀਬੀ ਹਰਸਿਮਰਤ ਕੌਰ ਬਾਦਲ, ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਮਨਜੀਤ ਸਿੰਘ ਜੀਕੇ ਅਤੇ ਜਨਰਲ ਸਕੱਤਰ ਸ. ਮਨਜਿੰਦਰ ਸਿੰਘ ਸਿਰਸਾ ਵੀ ਮੌਜੂਦ ਸਨ। ਉਨ੍ਹਾਂ ਨੇ ਤਖਤ ਸਾਹਿਬ ਵਿਖੇ ਕੜਾਹ ਪ੍ਰਸਾਦ ਦੀ ਦੇਗ ਕਰਵਾਈ ਅਤੇ ਕੀਰਤਨ ਸਰਵਣ ਕੀਤਾ। ਤਖਤ ਸਾਹਿਬ ਵਿਖੇ ਸ. ਸੁਖਬੀਰ ਸਿੰਘ ਬਾਦਲ ਤੇ ਉਨ੍ਹਾਂ ਦੇ ਪਰਵਾਰਕ ਮੈਂਬਰਾਂ ਨੂੰ ਸਿਰੋਪਾਓ ਦੀ ਬਖਸ਼ਿਸ਼ ਕੀਤੀ ਗਈ। ਇਸ ਤੋਂ ਬਾਅਦ ਉਹ ਤਖਤ ਸਾਹਿਬ ਵਿਖੇ ਸਜੇ ਦੀਵਾਨ ਵਿੱਚ ਗਏ ਜਿੱਥੇ ਉਨ੍ਹਾਂ ਨੂੰ ਤਖਤ ਸਾਹਿਬ ਵੱਲੋਂ ਜਥੇਦਾਰ ਗਿਆਨੀ ਇਕਬਾਲ ਸਿੰਘ ਨੇ ਸਨਮਾਨਿਤ ਕੀਤਾ। ਇਸ ਮੌਕੇ ਬੀਬੀ ਹਰਸਿਮਰਤ ਕੌਰ ਬਾਦਲ, ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ, ਸ. ਮਨਜੀਤ ਸਿੰਘ ਜੀਕੇ ਤੇ ਸ. ਮਨਜਿੰਦਰ ਸਿੰਘ ਸਿਰਸਾ ਨੂੰ ਵੀ ਸਨਮਾਨ ਦਿੱਤੇ ਗਏ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਅੰਤ੍ਰਿੰਗ ਮੈਂਬਰ ਸ. ਭਗਵੰਤ ਸਿੰਘ ਸਿਆਲਕਾ, ਸ. ਗੁਰਮੀਤ ਸਿੰਘ ਬੂਹ, ਮੈਂਬਰ ਭਾਈ ਰਜਿੰਦਰ ਸਿੰਘ ਮਹਿਤਾ, ਬੀਬੀ ਜੋਗਿੰਦਰ ਕੀਰ, ਡਾ. ਰੂਪ ਸਿੰਘ ਮੁੱਖ ਸਕੱਤਰ ਸ਼੍ਰੋਮਣੀ ਕਮੇਟੀ ਮੌਜੂਦ ਸਨ। ੨੫ ਦਸੰਬਰ

# ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਬਾਬਾ ਕਸ਼ਮੀਰ ਸਿੰਘ ਭੂਰੀ ਵਾਲਿਆਂ ਨਾਲ ਕੀਤੀ ਮੁਲਾਕਾਤ

## ਲੰਗਰ ਛਕਿਆ ਤੇ ਭੂਰੀ ਵਾਲੇ ਸੰਪਰਦਾ ਦੇ ਕਾਰਜਾਂ ਦੀ ਕੀਤੀ ਸ਼ਲਾਘਾ

ਪਟਨਾ ਸਾਹਿਬ, - ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਅੱਜ ਇਥੇ ਗੁਰਦੁਆਰਾ ਬਾਲ ਲੀਲ੍ਹਾ ਸਾਹਿਬ ਵਿਖੇ ਨਤਮਸਤਕ ਹੋਣ ਉਪਰੰਤ ਬਾਬਾ ਕਸ਼ਮੀਰ ਸਿੰਘ ਭੂਰੀ ਵਾਲਿਆਂ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨਾਲ ਪੰਥਕ ਵਿਚਾਰਾਂ ਸਾਂਝੀਆਂ ਕੀਤੀਆਂ। ਉਨ੍ਹਾਂ ਕਾਰ ਸੇਵਾ ਸੰਪਰਦਾ ਭੂਰੀ ਵਾਲਿਆਂ ਵੱਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਮੌਕੇ ਤਖਤ ਸ੍ਰੀ ਪਟਨਾ ਸਾਹਿਬ ਵਿਖੇ ਨਿਭਾਈਆਂ ਜਾ ਰਹੀਆਂ ਲੰਗਰਾਂ ਤੇ ਸੰਗਤ ਲਈ ਰਿਹਾਇਸ਼ ਦੀਆਂ ਸੇਵਾਵਾਂ ਦੀ ਭਰਪੂਰ ਸ਼ਲਾਘਾ ਕੀਤੀ। ਉਨ੍ਹਾਂ ਬਾਬਾ ਕਸ਼ਮੀਰ ਸਿੰਘ ਭੂਰੀ ਵਾਲਿਆਂ ਵੱਲੋਂ ਲਗਾਏ ਗਏ ਗੁਰੂ ਕੇ ਲੰਗਰ ਵਿਚ ਪ੍ਰਸ਼ਾਦਾ ਵੀ ਛਕਿਆ।

ਇਸ ਦੌਰਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਬਾਬਾ ਕਸ਼ਮੀਰ ਸਿੰਘ ਨੂੰ ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ੫੫੦ ਸਾਲਾ ਪ੍ਰਕਾਸ਼ ਪੁਰਬ ਸਮਾਗਮਾਂ ਦੇ ਮੱਦੇਨਜ਼ਰ ਸੁਲਤਾਨਪੁਰ ਲੋਧੀ ਵਿਖੇ ਸੰਗਤ ਨਿਵਾਸ, ਪਾਰਕਿੰਗ ਅਤੇ ਵਿਸ਼ੇਸ਼ ਯਾਦਗਾਰ ਦੀ ਉਸਾਰੀ ਲਈ ਸਹਿਯੋਗ ਦੇਣ ਲਈ ਸੱਦਾ ਦਿੱਤਾ ਜਿਸ ਤੇ ਬਾਬਾ ਕਸ਼ਮੀਰ ਸਿੰਘ ਨੇ ਕਿਹਾ ਕਿ ਪੰਥ ਦੀ ਸ਼੍ਰੋਮਣੀ ਜਥੇਬੰਦੀ ਸ਼੍ਰੋਮਣੀ ਕਮੇਟੀ ਉਨ੍ਹਾਂ ਨੂੰ ਜੋ ਵੀ ਕਾਰਜ ਕਰਨ ਲਈ ਸੇਵਾ ਦੇਵੇਗੀ ਉਹ ਉਸ ਨੂੰ ਪੂਰਾ ਕਰਨਗੇ। ਇਸ ਮੌਕੇ ਭਾਈ ਗੋਬਿੰਦ ਸਿੰਘ ਲੌਂਗੋਵਾਲ ਅਤੇ ਉਨ੍ਹਾਂ ਨਾਲ ਆਏ ਸ. ਗੁਰਮੀਤ ਸਿੰਘ ਬੂਹ, ਭਾਈ ਰਜਿੰਦਰ

ਸਿੰਘ ਮਹਿਤਾ, ਬੀਬੀ ਜੋਗਿੰਦਰ ਕੌਰ, ਡਾ. ਰੂਪ ਸਿੰਘ ਮੁੱਖ ਸਕੱਤਰ, ਸ. ਸੁਲੱਖਣ ਸਿੰਘ ਭੰਗਾਲੀ, ਸ. ਪ੍ਰਤਾਪ ਸਿੰਘ ਤੇ ਹੋਰਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ।

ਇਸ ਮੌਕੇ ਬਾਬਾ ਸੁਖਵਿੰਦਰ ਸਿੰਘ ਭੂਰੀ ਵਾਲੇ, ਮਹੰਤ ਬਲਵੰਤ ਸਿੰਘ, ਸ. ਨਵਇੰਦਰ ਸਿੰਘ ਲੌਂਗੋਵਾਲ, ਸ. ਬਲਵਿੰਦਰ ਸਿੰਘ ਲੌਂਗੋਵਾਲ, ਬਾਬਾ ਅਵਤਾਰ ਸਿੰਘ ਧੱਤਲ, ਬਾਬਾ ਗੁਰਵਿੰਦਰ ਸਿੰਘ, ਮਹੰਤ ਗੋਪਾਲ ਸਿੰਘ ਕੋਠਾਰੀ, ਸ. ਰਾਮ ਸਿੰਘ ਭਿੰਡਰ, ਬਾਬਾ ਗੁਰਨਾਮ ਸਿੰਘ, ਬਾਬਾ ਜੱਗਾ ਸਿੰਘ, ਮਹੰਤ ਕਾਹਨ ਸਿੰਘ ਸੇਵਾ ਪੰਥੀ ਆਦਿ ਵੀ ਹਾਜ਼ਰ ਸਨ। ੨੪ ਦਸੰਬਰ

## ਨਗਰ ਕੀਰਤਨ ਤੋਂ ਪਹਿਲਾਂ ਗੁਰਦੁਆਰਾ ਗਊ ਘਾਟ ਵਿਖੇ ਗੁਰਮਤਿ ਸਮਾਗਮ

## ਭਾਈ ਗੋਬਿੰਦ ਸਿੰਘ ਲੌਂਗੋਵਾਲ, ਗਿਆਨੀ ਇਕਬਾਲ ਸਿੰਘ ਤੇ ਹੋਰਾਂ ਨੇ ਗੁਰਮਤਿ ਵਿਚਾਰਾਂ ਸਾਂਝੀਆਂ ਕੀਤੀਆਂ

ਪਟਨਾ ਸਾਹਿਬ, - ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਪ੍ਰਕਾਸ਼ ਪੁਰਬ ਮੌਕੇ ਅੱਜ ਇਥੇ ਸਥਿਤ ਗੁਰਦੁਆਰਾ ਸ੍ਰੀ ਗਊ ਘਾਟ ਤੋਂ ਤਖਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਤਕ ਸਜਾਏ ਗਏ ਨਗਰ ਕੀਰਤਨ ਤੋਂ ਪਹਿਲਾਂ ਗੁਰਦੁਆਰਾ ਸ੍ਰੀ ਗਊ ਘਾਟ ਵਿਖੇ ਗੁਰਮਤਿ ਸਮਾਗਮ ਦਾ ਆਯੋਜਨ ਕੀਤਾ ਗਿਆ, ਜਿਸ ਵਿਚ ਪੰਥ ਪ੍ਰਸਿੱਧ ਕੀਰਤਨੀ ਜਥਿਆਂ ਨੇ ਗੁਰਬਾਣੀ ਦਾ ਰਸਭਿੰਨਾ ਕੀਰਤਨ ਕੀਤਾ। ਇਸ ਮੌਕੇ ਸਿੱਖ ਕੌਮ ਦੇ ਮਹਾਨ ਵਿਦਵਾਨ ਕਥਾਕਾਰ ਭਾਈ ਸਾਹਿਬ ਭਾਈ ਪਿੰਦਰਪਾਲ ਸਿੰਘ ਅਤੇ ਬਾਬਾ ਗੁਰਮੀਤ ਸਿੰਘ ਖੋਸਾ ਕੋਟਲਾ ਨੇ ਗੁਰੂ ਸਾਹਿਬ ਜੀ ਦੇ ਜੀਵਨ ਨਾਲ ਸਬੰਧਤ ਵਿਚਾਰਾਂ ਨਾਲ ਸੰਗਤ ਨੂੰ ਜੋੜਿਆ।

ਇਸ ਮੌਕੇ ਸੰਗਤਾਂ ਨੂੰ ਸੰਬੋਧਨ ਹੁੰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਪਟਨਾ ਸਾਹਿਬ ਦੀ ਧਰਤੀ ਭਾਗਾਂ ਵਾਲੀ ਹੈ ਜਿਥੇ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪਾਵਨ ਪ੍ਰਕਾਸ਼ ਲਿਆ। ਉਨ੍ਹਾਂ ਕਿਹਾ ਕਿ ਗੁਰੂ ਜੀ ਨੇ ਇਸ ਸੰਸਾਰ ਦੀ ਭਲਾਈ ਲਈ ਵੱਡੇ ਕਾਰਨਾਮੇ ਕੀਤੇ, ਖਾਲਸੇ ਦੀ ਸਾਜਨਾ ਕੀਤੀ, ਹੋਲਾ ਮਹੱਲਾ ਦੀ ਰਵਾਇਤ ਕਾਇਮ ਕੀਤੀ ਅਤੇ ਇਥੋਂ ਤਕ ਕਿ ਮਨੁੱਖਤਾ ਲਈ ਅਪਾਣਾ ਸਰਬੰਸ ਵੀ ਵਾਰ ਦਿੱਤਾ। ਉਨ੍ਹਾਂ ਕਿਹਾ ਕਿ ਅਜਿਹੇ ਮਹਾਨ ਗੁਰੂ ਸਾਹਿਬ ਜੀ ਦੇ ੩੫੧ ਸਾਲਾ ਪ੍ਰਕਾਸ਼ ਪੁਰਬ ਤੇ ਸਮੂਹ ਸੰਗਤਾਂ ਨੂੰ ਉਨ੍ਹਾਂ ਦੇ ਦਰਸਾਏ ਹੋਏ ਮਾਰਗ ਤੇ ਚੱਲਣ ਦਾ ਪ੍ਰਣ ਕਰਨਾ ਚਾਹੀਦਾ ਹੈ। ਉਨ੍ਹਾਂ ਸੰਗਤ ਨੂੰ ਬਾਣੀ ਤੇ ਬਾਣੇ ਦੇ ਧਾਰਨੀ ਬਣਨ ਦੀ ਅਪੀਲ ਵੀ ਕੀਤੀ।

ਸਮਗਾਮ ਦੌਰਾਨ ਤਖਤ ਸ੍ਰੀ ਹਰਿੰਦਰ ਜੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ, ਦਮਦਮੀ ਟਕਸਾਲ ਦੇ ਮੁੱਖੀ ਬਾਬਾ ਹਰਨਾਮ ਸਿੰਘ ਖਾਲਸਾ, ਸ. ਐਸ. ਐਸ. ਆਹਲੂਵਾਲੀਆ, ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਸੰਗਤਾਂ ਨੂੰ ਜਿਥੇ ਦਸਮੇਸ਼ ਪਿਤਾ ਜੀ ਦੇ ੩੫੧ ਸਾਲਾ ਪ੍ਰਕਾਸ਼ ਪੁਰਬ ਦੀ ਮੁਬਾਰਕਬਾਦ ਦਿੱਤੀ, ਉਥੇ ਹੀ ਗੁਰੂ ਸਾਹਿਬ ਦੀ ਵਿਚਾਰਧਾਰਾ ਨੂੰ ਅਮਲ ਵਿਚ ਲਿਆਉਣ ਲਈ ਪ੍ਰੇਰਿਆ। ਤਖਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਆਈਆਂ ਹੋਈਆਂ ਪ੍ਰਮੁੱਖ ਸ਼ਖਸੀਅਤਾਂ ਤੇ ਸੰਗਤਾਂ ਦਾ ਧੰਨਵਾਦ ਕੀਤਾ। ਇਸ ਮੌਕੇ ਪਟਨਾ ਸਾਹਿਬ ਵਿਖੇ ਕੀਤੀਆਂ ਗਈਆਂ ਕਾਰ ਸੇਵਾਵਾਂ ਲਈ ਬਾਬਾ ਹਰਬੰਸ ਸਿੰਘ ਜੀ ਦਿੱਲੀ ਵਾਲ਼ਿਆਂ ਤੋਂ ਵਰੋਸਾਏ ਬਾਬਾ ਬਚਨ ਸਿੰਘ ਜੀ ਦੇ ਸੇਵਕ ਬਾਬਾ ਜਸਬੀਰ ਸਿੰਘ ਨੂੰ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਹੋਰਨਾ ਤੋਂ ਇਲਾਵਾ ਬਾਬਾ ਬਲਬੀਰ ਸਿੰਘ ਮੁੱਖੀ ਸ਼੍ਰੋਮਣੀ ਬੁੱਢਾ ਦਲ, ਬਾਬਾ ਅਵਤਾਰ ਸਿੰਘ ਸੁਰ ਸਿੰਘ ਵਾਲੇ, ਬਾਬਾ ਬਲਬੀਰ ਸਿੰਘ ਸੀਚੇਵਾਲ ਵਾਤਾਵਰਣ ਪ੍ਰੇਮੀ, ਸ. ਭਗਵੰਤ ਸੰਿਘ ਸਿਆਲਕਾ, ਸ. ਗੁਰਮੀਤ ਸਿੰਘ ਬੂਹ ਅੰਤ੍ਰਿੰਗ ਮੈਂਬਰ ਸ਼੍ਰੋਮਣੀ ਕਮੇਟੀ, ਭਾਈ ਰਜਿੰਦਰ ਸਿੰਘ ਮਹਿਤਾ, ਬੀਬੀ ਜੋਗਿੰਦਰ ਕੌਰ, ਬਾਬਾ ਘਾਲਾ ਸਿੰਘ, ਡਾ. ਰੂਪ ਸਿੰਘ, ਸ. ਪ੍ਰਤਾਪ ਸਿੰਘ, ਸ. ਸੁਲੱਖਣ ਸਿੰਘ ਭੰਗਾਲੀ, ਸ. ਚਾਨਣ ਸਿੰਘ, ਸ. ਨਵਇੰਦਰ ਸਿੰਘ ਲੌਂਗੋਵਾਲ, ਸ. ਬਲਵਿੰਦਰ ਸਿੰਘ ਲੌਂਗੋਵਾਲ, ਹਰਭਜਨ ਸਿੰਘ ਵਕਤਾ ਮੀਡੀਆ ਇੰਚਾਰਜ, ਸ. ਕਰਮਬੀਰ ਸਿੰਘ, ਸ. ਮੇਜਰ ਸਿੰਘ, ਸ. ਰਜਵੰਤ ਸਿੰਘ ਆਦਿ ਹਾਜ਼ਰ ਸਨ। ੨੪ ਦਸੰਬਰ

# ਤਖ਼ਤ ਸ੍ਰੀ ਪਟਨਾ ਸਾਹਿਬ ਵੱਲੋਂ ਸ੍ਰੀ ਨੀਤਿਸ਼ ਕੁਮਾਰ ਦਾ 'ਸੇਵਾ ਰਤਨ' ਐਵਾਰਡ ਨਾਲ ਸਨਮਾਨ

## ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਨਾਲ ਹੋਈ ਸ਼ੁਕਰਨਾ ਸਮਾਗਮਾਂ ਦੀ ਸੰਪੂਰਨਤਾ

ਪਟਨਾ ਸਾਹਿਬ, - ਦਸ਼ਮੇਸ਼ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ੩੫੦ ਸਾਲਾ ਪ੍ਰਕਾਸ਼ ਪੁਰਬ ਦੇ ਸ਼ੁਕਰਾਨਾ ਸਮਾਗਮਾਂ ਦੀ ਸੰਪੂਰਨਤਾ ਅਤੇ ੩੫੧ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਬੀਤੀ ਰਾਤ ਦੇ ੧:੦੦ ਵਜੇ ਤਖ਼ਤ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਇਸ ਮੌਕੇ ਬਿਹਾਰ ਦੇ ਮੁੱਖ ਮੰਤਰੀ ਸ੍ਰੀ ਨੀਤਿਸ਼ ਕੁਮਾਰ ਨੇ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋ ਕੇ ਆਪਣੀ ਸ਼ਰਧਾ ਭਾਵਨਾ ਦਾ ਪ੍ਰਗਟਾਵਾ ਕੀਤਾ ਅਤੇ ਉਨ੍ਹਾਂ ਨੇ ਤਖ਼ਤ ਸਾਹਿਬ ਵਿਖੇ ਸਵੇਰੇ ੩:੦੦ ਵਜੇ ਤਕ ਰਹਿ ਕੇ ਗੁਰੂ ਸਾਹਿਬ ਦਾ ਸ਼ੁਕਰਨਾ ਅਦਾ ਕੀਤਾ।

ਇਸ ਮੌਕੇ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਇਕਬਾਲ ਸਿੰਘ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ, ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਤੇ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਨੇ ਸ੍ਰੀ ਨੀਤਿਸ਼ ਕੁਮਾਰ ਨੂੰ 'ਸੇਵਾ ਰਤਨ' ਐਵਾਰਡ ਨਾਲ ਸਨਮਾਨਿਤ ਕੀਤਾ। ਗਿਆਨੀ ਇਕਬਾਲ ਸਿੰਘ ਨੇ ਸੰਗਤਾਂ ਦਾ ਧੰਨਵਾਦ ਕੀਤਾ। ਉਨ੍ਹਾਂ ਸ਼੍ਰੋਮਣੀ ਕਮੇਟੀ, ਦਿੱਲੀ ਕਮੇਟੀ, ਨਿਹੰਗ ਸਿੰਘ ਜਥੇਬੰਦੀਆਂ ਤੇ ਸਭਾ ਸੁਸਾਇਟੀਆਂ ਲਈ ਵੀ ਧੰਨਵਾਦ ਦੇ ਸ਼ਬਦ ਕਹੇ। ਇਸ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਵੀ ਸਭ ਦਾ ਧੰਨਵਾਦ ਕੀਤਾ।

ਇਸ ਮੌਕੇ ਹਾਜ਼ਰ ਸ਼ਖ਼ਸੀਅਤਾਂ ਵਿਚ ਗਿਆਨੀ ਹਰਪ੍ਰੀਤ ਸਿੰਘ ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ, ਬਾਬਾ ਬਲਬੀਰ ਸਿੰਘ ਸਿੰਘ ਮੁੱਖੀ ਬੁੱਢਾ ਦਲ, ਬਾਬਾ ਅਵਤਾਰ ਸਿੰਘ ਸੁਰਸਿੰਘ ਮੁਖੀ ਦਲ ਬਾਬਾ ਬਿਧੀ ਚੰਦ, ਬਾਬਾ ਮਹਿੰਦਰ ਸਿੰਘ ਯੂ.ਕੇ. ਨਿਸ਼ਕਾਮ ਸੇਵਕ ਜਥਾ, ਭਾਈ ਗੁਰਇਕਬਾਲ ਸਿੰਘ, ਭਾਈ ਚਮਨ ਸਿੰਘ, ਡਾ. ਰੂਪ ਸਿੰਘ ਮੁੱਖ ਸਕੱਤਰ ਸ਼੍ਰੋਮਣੀ ਕਮੇਟੀ, ਅੰਤ੍ਰਿੰਗ ਕਮੇਟੀ ਮੈਂਬਰ ਐਡਵੋਕੇਟ ਸ. ਭਗਵੰਤ ਸਿੰਘ ਸਿਆਲਕਾ, ਸ. ਗੁਰਮੀਤ ਸਿੰਘ ਬੂਹ, ਭਾਈ ਰਾਜਿੰਦਰ ਸਿੰਘ ਮਹਿਤਾ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ. ਸੁਲੱਖਣ ਸਿੰਘ ਭੰਗਾਲੀ, ਐਸ. ਐਸ. ਆਹੂਲਵਾਲੀਆ ਕੇਂਦਰੀ ਮੰਤਰੀ, ਬਿਹਾਰ ਸਰਕਾਰ ਦੇ ਮੰਤਰੀ, ਪ੍ਰਸ਼ਾਸਨਿਕ ਅਧਿਕਾਰੀ ਤੇ ਪੁਲਿਸ ਅਧਿਕਾਰੀ ਅਤੇ ਹੋਰ ਵੱਡੀ ਗਿਣਤੀ ਵਿਚ ਸੰਗਤਾਂ ਮੌਜੂਦ ਸਨ।੨੯ ਦਸੰਬਰ

# ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਦਸਮੇਸ਼ ਪਿਤਾ ਜੀ ਦੇ ੩੫੧ ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵਿਸ਼ਾਲ ਗੁਰਮਤਿ ਸਮਾਗਮ

## ਨੌਜੁਆਨੀ ਨੂੰ ਸਿੱਖ ਵਿਰਸੇ ਅਤੇ ਇਤਿਹਾਸ ਨਾਲ ਜੋੜਨ ਲਈ ਸੰਯੁਕਤ ਉਪਰਾਲੇ ਕੀਤੇ ਜਾਣ -ਗਿਆਨੀ ਜਗਤਾਰ ਸਿੰਘ

ਸ੍ਰੀ ਅਨੰਦਪੁਰ ਸਾਹਿਬ, - ਸਰਬੰਸਦਾਨੀ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ੩੫੦ ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਾਲ ਭਰ ਚੱਲੇ ਸਮਾਗਮਾਂ ਦੇ ਸੰਪੂਰਨ ਹੋਣ ਅਤੇ ੩੫੧ਵੇਂ ਪ੍ਰਕਾਸ਼ ਪੁਰਬ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਵਿਸ਼ਾਲ ਗੁਰਮਤਿ ਸਮਾਗਮ ਕਰਵਾਇਆ ਗਿਆ। ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਅਰਦਾਸ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੁੱਖ ਗ੍ਰੰਥੀ ਭਾਈ ਫੂਲਾ ਸਿੰਘ ਨੇ ਕੀਤੀ ਅਤੇ ਪਾਵਨ ਹੁਕਮਨਾਮਾ ਸਿੰਘ ਸਾਹਿਬ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਲਿਆ। ਸਜੇ ਦੀਵਾਨਾਂ ਵਿਚ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਸਤਨਾਮ ਸਿੰਘ ਬੈਂਕਾ, ਭਾਈ ਗੁਰਵਿੰਦਰ ਸਿੰਘ, ਭਾਈ ਮਨਿੰਦਰ ਸਿੰਘ ਅਤੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਜਗਤਾਰ ਸਿੰਘ ਨੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਸਰਵਣ ਕਰਵਾਇਆ। ਇਸ ਮੌਕੇ ਗਿਆਨੀ ਅਮਰਜੀਤ ਸਿੰਘ ਗੁਲਸ਼ਨ ਵੱਲੋਂ ਗੁਰੂ ਸਾਹਿਬ ਦੇ ਜੀਵਨ ਬਾਰੇ ਚਾਨਣਾ ਪਾਇਆ ਗਿਆ। ਸਮਾਗਮ ਵਿਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਅਤੇ

ਉੱਘੀਆਂ ਧਾਰਮਿਕ ਤੇ ਰਾਜਸੀ ਸ਼ਖ਼ਸੀਅਤਾਂ ਨੇ ਹਾਜ਼ਰੀ ਭਰੀ ਅਤੇ ਸੰਗਤਾਂ ਨਾਲ ਵਿਚਾਰ ਸਾਂਝੇ ਕੀਤੇ। ਸਮੁੱਚੀ ਮਨੁੱਖਤਾ ਦੀ ਭਲਾਈ ਲਈ ਧਰਮ ਯੁੱਧ ਵਿਚ ਆਪਣਾ ਸਰਬੰਸ ਕੁਰਬਾਨ ਕਰਨ ਵਾਲੇ ਦਸਮ ਪਾਤਸ਼ਾਹ ਜੀ ਦਾ ਇਹ ਪ੍ਰਕਾਸ਼ ਦਿਹਾੜਾ ਸਮੁੱਚੇ ਵਿਸ਼ਵ ਵਿਚ ਵੱਸਦੇ ਸਿੱਖਾਂ ਵੱਲੋਂ ਸ਼ਰਧਾ ਸਹਿਤ ਮਨਾਇਆ ਗਿਆ।

ਇਸ ਮੌਕੇ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਨੇ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਕਰਦਿਆਂ ਕਿਹਾ ਕਿ ਕਲਗੀਧਰ ਵੱਲੋਂ ਵਰੋਸਾਈ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਉਪਰ ਖਾਲਸੇ ਦੀ ਸਾਜਣਾ ਨਾਲ ਇਸ ਧਰਤੀ ਉਪਰ ਮਨੁੱਖਤਾ ਲਈ ਭਾਈਚਾਰਕ ਸਾਂਝ ਦਾ ਨਵਾਂ ਇਤਿਹਾਸ ਸਿਰਜਿਆ ਗਿਆ। ਇਸ ਧਰਤੀ ਤੋਂ ਗੁਰੂ ਸਾਹਿਬ ਨੇ ਭਾਰਤੀ ਲੋਕਾਂ ਨੂੰ ਚੜ੍ਹਦੀ ਕਲਾ ਵਿਚ ਰਹਿ ਕੇ ਅਣਖ, ਸਵੈਮਾਨ ਅਤੇ ਗ਼ੈਰਤ ਭਰਪੂਰ ਜੀਵਨ ਜਿਊਣ ਦੀ ਜਾਚ ਸਿਖਾਈ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਿੱਥੇ ਲੋਕ ਮਾਨਸਿਕਤਾ ਨੂੰ ਬਲਵਾਨ ਬਣਾਉਣ ਲਈ ਆਤਮ ਰਸ ਅਤੇ ਬੀਰ ਰਸ ਨਾਲ ਭਰਪੂਰ ਸਾਹਿਤ ਦੀ ਸਿਰਜਣਾ ਕੀਤੀ, ਉਥੇ ਹੀ ਜ਼ੁਲਮ ਦਾ ਖਾਤਮਾ ਕਰਨ, ਹੱਕ-ਸੱਚ ਤੇ ਨਿਆਂ ਦੀ ਸਥਾਪਤੀ ਲਈ ਅਨੇਕਾਂ ਧਰਮ ਯੁੱਧ ਵੀ ਕੀਤੇ। ਉਨ੍ਹਾਂ ਕਿਹਾ ਕਿ ਸਿੱਖ ਪੰਥ ਦੇ ਸ਼ਾਨਾਮੱਤੇ ਇਤਿਹਾਸ ਨੂੰ ਵਿਸ਼ਵ ਭਰ ਵਿਚ ਉਭਾਰਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਖ-ਵੱਖ ਇਤਿਹਾਸਕ ਦਿਹਾੜਿਆਂ ਅਤੇ ਸ਼ਤਾਬਦੀਆਂ ਨੂੰ ਵੱਡੇ ਪੱਧਰ 'ਤੇ ਮਨਾਉਂਦੀ ਆ ਰਹੀ ਹੈ। ਉਨ੍ਹਾਂ ਕਿਹਾ ਕਿ ਕਲਗੀਧਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ੩੫੦ ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਮੁੱਚੇ ਸੰਸਾਰ ਵਿਚ ਵੱਖ-ਵੱਖ ਗੁਰ ਅਸਥਾਨਾਂ ਵਿਖੇ ਧਾਰਮਿਕ ਸਮਾਗਮ ਰਚ ਕੇ ਸੰਪੂਰਨਤਾ ਹੋਈ ਹੈ। ਉਨ੍ਹਾਂ ਨੇ ਦਸਮੇਸ਼ ਪਿਤਾ ਦੇ ੩੫੧ਵੇਂ ਪ੍ਰਕਾਸ਼ ਦਿਹਾੜੇ ਮੌਕੇ ਸੰਗਤਾਂ ਨੂੰ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਉਪਰ ਚੱਲਣ ਦੀ ਪ੍ਰੇਰਨਾ ਕੀਤੀ ਅਤੇ ਸਮੂਹ ਸਿੱਖ ਸੰਸਥਾਵਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਨੌਜੁਆਨੀ ਨੂੰ ਸਿੱਖ ਵਿਰਸੇ ਅਤੇ ਇਤਿਹਾਸ ਨਾਲ ਜੋੜਨ ਲਈ ਸੰਯੁਕਤ ਉਪਰਾਲੇ ਕੀਤੇ ਜਾਣ।

ਇਸ ਮੌਕੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸੰਗਤਾਂ ਨੂੰ ਇਸ ਮੁਬਾਰਕ ਦਿਹਾੜੇ 'ਤੇ ਗੁਰੂ ਸਾਹਿਬ ਵੱਲੋਂ ਬਖਸ਼ੇ ਸਿੱਖੀ ਸਿਧਾਂਤਾਂ ਨੂੰ ਅਪਣਾ ਕੇ ਆਪਣੇ ਮਨਾਂ ਦੇ ਹਨ੍ਹੇਰਿਆਂ ਨੂੰ ਦੂਰ ਕਰਨ ਦੀ ਪ੍ਰੇਰਨਾ ਕੀਤੀ। ਉਨ੍ਹਾਂ ਕਿਹਾ ਕਿ ਨੌਜੁਆਨੀ ਨੂੰ ਸੰਭਾਲਣ ਲਈ ਮਾਪਿਆਂ, ਅਧਿਆਪਕਾਂ ਅਤੇ ਸਿੱਖ ਸੰਸਥਾਵਾਂ ਨੂੰ ਅੱਗੇ ਆਉਣਾ ਚਾਹੀਦਾ ਹੈ। ਸਮਾਗਮ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਵੱਲੋਂ ਗੁਰੂ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਦੀ ਵਧਾਈ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਬੁਲਾਰੇ ਸ. ਦਿਲਜੀਤ ਸਿੰਘ ਬੇਦੀ ਨੇ ਦੇਸ਼-ਵਿਦੇਸ਼ ਦੀਆਂ ਸੰਗਤਾਂ ਦਾ ਧੰਨਵਾਦ ਕੀਤਾ।

ਸਮਾਗਮ ਵਿਚ ਮੈਂਬਰ ਪਾਰਲੀਮੈਂਟ ਪ੍ਰੋ: ਪ੍ਰੇਮ ਸਿੰਘ ਚੰਦੂਮਾਜਰਾ, ਸ਼੍ਰੋਮਣੀ ਕਮੇਟੀ ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ, ਪ੍ਰਿੰਸੀਪਲ ਸੁਰਿੰਦਰ ਸਿੰਘ, ਸ. ਕਰਨੈਲ ਸਿੰਘ ਪੰਜੋਲੀ ਤੇ ਸ. ਦਿਲਜੀਤ ਸਿੰਘ ਭਿੰਡਰ ਨੇ ਸੰਗਤਾਂ ਨਾਲ ਵਿਚਾਰ ਸਾਂਝੇ ਕਰਦਿਆਂ ਗੁਰੂ ਸਾਹਿਬ ਵੱਲੋਂ ਦਰਸਾਏ ਹੱਕ-ਸੱਚ, ਇਮਾਨਦਾਰੀ, ਨਿਮਰਤਾ, ਮਨੁੱਖੀ ਸੇਵਾ ਦੇ ਸਿਧਾਂਤਾਂ ਨੂੰ ਅਮਲੀ ਰੂਪ ਵਿਚ ਅਪਣਾਉਣ ਦੀ ਪ੍ਰੇਰਨਾ ਕੀਤੀ। ਉਨ੍ਹਾਂ ਮਾਪਿਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਆਪਣੇ ਬੱਚਿਆਂ ਨੂੰ ਚਾਰੇ ਸਾਹਿਬਜ਼ਾਦਿਆਂ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਅਤੇ ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ ਦੀ ਧਰਤੀ ਦੇ ਇਤਿਹਾਸ ਤੋਂ ਜਾਣੂੰ ਕਰਾਉਣ ਤਾਂ ਜੋ ਬੱਚਿਆਂ ਅੰਦਰ ਕੌਮੀ ਤੇ ਪੰਥਕ ਭਾਵਨਾ ਦਾ ਪ੍ਰਸਾਰ ਹੋ ਸਕੇ। ਉਨ੍ਹਾਂ ਇਸ ਮੌਕੇ ਸਮੂਹ ਸੰਗਤਾਂ ਦਾ ਧੰਨਵਾਦ ਵੀ ਕੀਤਾ।

ਇਸ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਅਤੇ ਮੁੱਖ ਗ੍ਰੰਥੀ ਭਾਈ ਫੂਲਾ ਸਿੰਘ, ਮੈਂਬਰ ਪਾਰਲੀਮੈਂਟ ਪ੍ਰੋ: ਪ੍ਰੇਮ ਸਿੰਘ ਚੰਦੂਮਾਜਰਾ, ਸਾਬਕਾ ਮੰਤਰੀ ਡਾ. ਦਲਜੀਤ ਸਿੰਘ ਚੀਮਾ, ਵਿਧਾਇਕ ਸ. ਹਰਿੰਦਰਪਾਲ ਸਿੰਘ ਚੰਦੂਮਾਜਰਾ, ਸ. ਬਲਜੀਤ ਸਿੰਘ ਚੰਦੂਮਾਜਰਾ, ਸ਼੍ਰੋਮਣੀ ਕਮੇਟੀ ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ, ਸ. ਕਰਨੈਲ ਸਿੰਘ ਪੰਜੋਲੀ ਤੇ ਪ੍ਰਿੰਸੀਪਲ ਸੁਰਿੰਦਰ ਸਿੰਘ ਤੇ ਸ. ਦਿਲਜੀਤ ਸਿੰਘ ਭਿੰਡਰ, ਵਧੀਕ ਸਕੱਤਰ ਮੀਡੀਆ ਸ. ਦਿਲਜੀਤ ਸਿੰਘ ਬੇਦੀ ਤੇ ਵਧੀਕ ਸਕੱਤਰ ਧਰਮ ਪ੍ਰਚਾਰ ਕਮੇਟੀ ਸ. ਬਲਵਿੰਦਰ ਸਿੰਘ ਜੌੜਾਸਿੰਘਾ, ਕੈਨੇਡਾ ਤੋਂ ਸ. ਬਲਬੀਰ ਸਿੰਘ ਚੰਗਿਆੜਾ, ਸ. ਹਰਦੇਵ ਸਿੰਘ ਐਡਵੋਕੇਟ, ਸ. ਜਰਨੈਲ ਸਿੰਘ ਜੌਲੀ, ਸ. ਗੁਰਿੰਦਰ ਸਿੰਘ ਗੋਗੀ ਸਾਬਕਾ ਮੈਂਬਰ, ਮੈਨੇਜਰ ਸ. ਰਣਜੀਤ ਸਿੰਘ, ਸ. ਸ਼ਮਸ਼ੇਰ ਸਿੰਘ ਚੇਅਰਮੈਨ, ਮਾਸਟਰ ਜਸਵਿੰਦਰ ਸਿੰਘ, ਮਾਸਟਰ ਹਰਜੀਤ ਸਿੰਘ, ਸ. ਕਿਸ਼ੋਰ ਸਿੰਘ ਬੰਗੜ, ਮੀਤ ਮੈਨੇਜਰ ਸ. ਲਖਵਿੰਦਰ ਸਿੰਘ, ਸੂਚਨਾ ਅਧਿਕਾਰੀ ਸ. ਹਰਦੇਵ ਸਿੰਘ, ਸ. ਰਣਬੀਰ ਸਿੰਘ, ਸ. ਬਲਕਾਰ ਸਿੰਘ, ਸ. ਜਗੀਰ ਸਿੰਘ ਅਤੇ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ।੨੫ ਦਸੰਬਰ

# ਭਾਈ ਗੋਬਿੰਦ ਸਿੰਘ ਲੌਂਗੋਵਾਲ ਵੱਲੋਂ 'ਸਿੱਖ ਇਤਿਹਾਸ ਦੇ ਫਾਰਸੀ ਸਰੋਤ' ਪੁਸਤਕ ਸੰਗਤ ਅਰਪਣ

ਸ੍ਰੀ ਅੰਮ੍ਰਿਤਸਰ, -ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਪ੍ਰਸਿੱਧ ਵਿਦਵਾਨ ਡਾ. ਹਰਚੰਦ ਸਿੰਘ ਬੇਦੀ ਵੱਲੋਂ ਸੰਪਾਦਿਤ ਅਤੇ ਸਿੱਖ ਇਤਿਹਾਸ ਰੀਸਰਚ ਬੋਰਡ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਵੱਲੋਂ ਪ੍ਰਕਾਸ਼ਿਤ ਖੋਜ ਭਰਪੂਰ ਪੁਸਤਕ 'ਸਿੱਖ ਇਤਿਹਾਸ ਦੇ ਫਾਰਸੀ ਸਰੋਤ' ਸੰਗਤ ਅਰਪਣ ਕੀਤੀ। ਸ਼੍ਰੋਮਣੀ ਕਮੇਟੀ ਦੇ ਬੁਲਾਰੇ ਅਤੇ ਵਧੀਕ ਸਕੱਤਰ ਮੀਡੀਆ ਸ. ਦਿਲਜੀਤ ਸਿੰਘ ਬੇਦੀ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਭਾਈ ਲੌਂਗੋਵਾਲ ਨੇ ਬੀਤੇ ਕੱਲ੍ਹ ਸ੍ਰੀ ਅਨੰਦਪੁਰ ਸਾਹਿਬ ਵਿਖੇ ਪ੍ਰਸਿੱਧ ਸਿੱਖ ਵਿਦਵਾਨਾਂ ਦੀ ਹਾਜ਼ਰੀ ਵਿਚ ਇਹ ਪੁਸਤਕ ਜਾਰੀ ਕੀਤੀ। ਇਸ ਸਮੇਂ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਪ੍ਰੋ: ਮਨਜੀਤ ਸਿੰਘ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਾਬਕਾ ਉਪ ਕੁਲਪਤੀ ਡਾ. ਜਸਪਾਲ ਸਿੰਘ, ਪ੍ਰਸਿੱਧ ਸਿੱਖ ਵਿਦਵਾਨ ਡਾ. ਕੇਹਰ ਸਿੰਘ, ਡਾ. ਬਲਕਾਰ ਸਿੰਘ ਤੇ ਡਾ. ਸੁਖਦਿਆਲ ਸਿੰਘ ਵਿਸ਼ੇਸ਼ ਤੌਰ 'ਤੇ ਮੌਜੂਦ ਸਨ।

ਇਸ ਮੌਕੇ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਗੁਰਮਤਿ ਦੇ ਪ੍ਰਚਾਰ ਪ੍ਰਸਾਰ ਲਈ ਸ਼੍ਰੋਮਣੀ ਕਮੇਟੀ ਨੇ ਸਿੱਖ ਸਾਹਿਤ ਦੀ ਪ੍ਰਕਾਸ਼ਨਾ ਦੁਆਰਾ ਜ਼ਿਕਰਯੋਗ ਹਿੱਸਾ ਪਾਇਆ ਹੈ। ਇਸੇ ਲੜੀ ਅਧੀਨ ਪ੍ਰਸਿੱਧ ਵਿਦਵਾਨ ਡਾ. ਹਰਚੰਦ ਸਿੰਘ ਬੇਦੀ ਦੀ ਗੁਰੂ ਕਾਲ ਨਾਲ ਸਬੰਧਤ ਫਾਰਸੀ ਸਰੋਤਾਂ ਬਾਰੇ ਇਹ ਪੁਸਤਕ ਮਹੱਤਵਪੂਰਨ ਸਥਾਨ ਗ੍ਰਹਿਣ ਕਰਦੀ ਹੈ। ਉਨ੍ਹਾਂ ਕਿਹਾ ਕਿ ਸਿੱਖ ਇਤਿਹਾਸ ਦੇ ਬਹੁਤੇ ਸਰੋਤ ਫਾਰਸੀ ਵਿਚ ਹਨ ਜੋ ਨਵੀਂ ਪੀੜੀ ਦੇ ਚਿੰਤਕਾਂ ਦੀ ਪਹੁੰਚ ਤੋਂ ਦੂਰ ਹਨ। ਇਸ ਲਈ ਡਾ. ਬੇਦੀ ਦੀ ਇਹ ਪੁਸਤਕ ਹੋਰ ਵੀ ਅਹਿਮ ਹੈ। ਉਨ੍ਹਾਂ ਆਸ ਪ੍ਰਗਟ ਕੀਤੀ ਕਿ ਡਾ. ਬੇਦੀ ਭਵਿੱਖ ਵਿਚ ਵੀ ਅਜਿਹੀਆਂ ਪੁਸਤਕਾਂ ਸਿੱਖ ਜਗਤ ਦੀ ਝੋਲੀ ਪਾਉਂਦੇ ਰਹਿਣਗੇ।

ਇਸ ਮੌਕੇ ਡਾ. ਬਲਕਾਰ ਸਿੰਘ ਅਤੇ ਡਾ. ਸੁਖਦਿਆਲ ਸਿੰਘ ਨੇ ਵੀ ਪੁਸਤਕ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਡਾ. ਬੇਦੀ ਨੇ ਜਿੱਥੇ ਡਾ. ਗੰਡਾ ਸਿੰਘ ਦੁਆਰਾ ਸੰਗ੍ਰਹਿਤ ਫਾਰਸੀ ਪੁਸਤਕ 'ਮਾਖ਼ਿਜ਼ ਤਵਾਰੀਖ਼ਿ ਸਿੱਖਾਂ' ਦਾ ਪੰਜਾਬੀ ਅਨੁਵਾਦ ਕੀਤਾ ਹੈ, ਉਥੇ ਹੀ ਪਹਿਲੇ ੧੨੦ ਪੰਨਿਆਂ ਵਿਚ ਵਿਸ਼ੇਸ਼ ਸੰਪਾਦਕੀ ਸਿਰਜ ਕੇ ਫਾਰਸੀ ਸਰੋਤਾਂ ਵਿਚਲੀਆਂ ਗੁੰਝਲਾਂ ਸਬੰਧੀ ਵੀ ਆਪਣੀ ਰਾਇ ਦਿੱਤੀ ਹੈ। ਇਸ ਮੌਕੇ ਸ਼੍ਰੋਮਣੀ ਕਮੇਟੀ ਪ੍ਰਧਾਨ ਦੇ ਨਿੱਜੀ ਸਹਾਇਕ ਸ. ਜਗਜੀਤ ਸਿੰਘ ਜੱਗੀ ਅਤੇ ਸ. ਦਰਸ਼ਨ ਸਿੰਘ ਵੀ ਹਾਜ਼ਰ ਸਨ।੨੦ ਦਸੰਬਰ

# ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਧਾਰਮਿਕ ਕਿਤਾਬਚਾ ਜਾਰੀ ਕੀਤਾ

## ਸੰਗਤਾਂ ਗੁਰਮਤਿ ਫ਼ਲਸਫ਼ੇ ਦੇ ਪ੍ਰਚਾਰ ਪ੍ਰਸਾਰ ਦਾ ਹਿੱਸਾ ਬਣਨ ਲਈ ਅੱਗੇ ਆਉਣ- ਭਾਈ ਲੌਂਗੋਵਾਲ

ਸੰਗਰੂਰ, - ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸੰਗਤਾਂ ਨੂੰ ਸਿੱਖ ਇਤਿਹਾਸ ਅਤੇ ਵਿਰਸੇ ਨਾਲ ਜੋੜਨ ਲਈ ਵਚਨਬੱਧ ਹੈ। ਇਹ ਪ੍ਰਗਟਾਵਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਸ. ਰਾਜਵਿੰਦਰ ਸਿੰਘ ਜੋਗਾ ਵੱਲੋਂ ਲਿਖਿਆ ਅਤੇ ਧਰਮ ਪ੍ਰਚਾਰ ਕਮੇਟੀ ਵੱਲੋਂ ਪ੍ਰਕਾਸ਼ਤ ਕੀਤਾ ਗਿਆ ਕਿਤਾਬਚਾ 'ਸ਼ੇਖ ਫੱਤੇ ਦੀ ਯਾਤਰਾ ਕਿਉਂ?' ਜਾਰੀ ਕਰਨ ਤੋਂ ਬਾਅਦ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਅੱਜ ਸਿੱਖ ਨੌਜੁਆਨਾਂ ਅਤੇ ਬੱਚਿਆਂ ਨੂੰ ਧਾਰਮਿਕ ਸਾਹਿਤ ਵੱਲ ਰੁਚਿਤ ਕਰਨ ਦੀ ਵੱਡੀ ਲੋੜ ਹੈ ਅਤੇ ਇਸ ਕਾਰਜ ਲਈ ਸਿੱਖ ਸੰਸਥਾਵਾਂ ਦੇ ਨਾਲ-ਨਾਲ ਮਾਪਿਆਂ ਨੂੰ ਵੀ ਭੂਮਿਕਾ ਨਿਭਾਉਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਜਿਥੇ ਪਹਿਲਾਂ ਹੀ ਅਨੇਕਾਂ ਧਾਰਮਿਕ ਪੁਸਤਕਾਂ ਅਤੇ ਭੇਟਾ ਰਹਿਤ ਕਿਤਾਬਚੇ ਪ੍ਰਕਾਸ਼ਿਤ ਕਰਵਾ ਕੇ ਸੰਗਤਾਂ ਤਕ ਪਹੁੰਚਾਏ ਜਾ ਰਹੇ ਹਨ, ਉਥੇ ਹੀ ਬੱਚਿਆਂ ਨੂੰ ਗੁਰਮਤਿ ਨਾਲ ਜੋੜਨ ਲਈ ਸਚਿੱਤਰ ਪੁਸਤਕਾਂ ਤਿਆਰ ਕਰਵਾਉਣ ਦਾ ਵੀ ਫ਼ੈਸਲਾ ਕੀਤਾ ਗਿਆ ਹੈ। ਭਾਈ ਲੌਂਗੋਵਾਲ ਨੇ ਕਿਹਾ ਕਿ ਧਰਮ ਪ੍ਰਚਾਰ ਦੀ ਲਹਿਰ ਨੂੰ ਹੋਰ ਪ੍ਰਚੰਡ ਕਰਨ ਲਈ ਵਿਉਂਤਬੰਦੀ ਕਰ ਲਈ ਗਈ ਹੈ ਅਤੇ ਇਸ ਨੂੰ ਅਮਲ ਵਿਚ ਲਿਆਉਣ ਲਈ ਪ੍ਰਚਾਰਕਾਂ, ਕਵੀਸ਼ਰਾਂ, ਢਾਡੀਆਂ ਆਦਿ ਨਾਲ ੧੦ ਜਨਵਰੀ ਨੂੰ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਇਕੱਤਰਤਾ ਰੱਖੀ ਗਈ ਹੈ। ਉਨ੍ਹਾਂ ਕਿਹਾ ਕਿ ਹਰ ਸਿੱਖ ਪ੍ਰਚਾਰਕ ਹੈ ਅਤੇ ਹਰ ਇਕ ਸਿੱਖ

ਨੂੰ ਗੁਰਮਤਿ ਫ਼ਲਸਫ਼ੇ ਦੇ ਪ੍ਰਚਾਰ ਪ੍ਰਸਾਰ ਲਈ ਅੱਗੇ ਆਉਣਾ ਚਾਹੀਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਸ਼੍ਰੋਮਣੀ ਕਮੇਟੀ ਧਰਮ ਪ੍ਰਚਾਰ ਕਰਨ ਲਈ ਕੋਈ ਕਸਰ ਨਹੀਂ ਛੱਡੇਗੀ ਪਰ ਸੰਗਤਾਂ ਨੂੰ ਆਪੋ-ਆਪਣੇ ਨਗਰਾਂ ਵਿਚ ਗੁਰਮਤਿ ਸਮਾਗਮ ਕਰਵਾਉਣ ਲਈ ਵੀ ਸਹਿਯੋਗ ਕਰਨਾ ਜ਼ਰੂਰੀ ਹੈ।

ਇਸ ਮੌਕੇ ਸ. ਅਵਤਾਰ ਸਿੰਘ ਵਣਵਾਲਾ, ਭਾਈ ਅਜਾਇਬ ਸਿੰਘ ਅਭਿਆਸੀ, ਸ. ਰਾਮਪਾਲ ਸਿੰਘ ਬਹਿਣੀਵਾਲ, ਸ. ਮਨਜੀਤ ਸਿੰਘ ਬੱਪੀਆਣਾ, ਸ. ਸੁਖਵਰਸ਼ ਸਿੰਘ ਪੰਨੂ, ਸ. ਪ੍ਰਿਤਪਾਲ ਸਿੰਘ, ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ, ਵਧੀਕ ਸਕੱਤਰ ਸ. ਦਿਲਜੀਤ ਸਿੰਘ ਬੇਦੀ, ਧਰਮ ਪ੍ਰਚਾਰ ਕਮੇਟੀ ਦੇ ਐਡੀਸ਼ਨਲ ਸਕੱਤਰ ਸ. ਬਲਵਿੰਦਰ ਸਿੰਘ ਜੌੜਾਸਿੰਘਾ, ਸ. ਹਰਭਜਨ ਸਿੰਘ ਮੀਡੀਆ ਇੰਚਾਰਜ, ਸ. ਗੁਰਿੰਦਰਪਾਲ ਸਿੰਘ ਠਰੂ ਆਦਿ ਹਾਜ਼ਰ ਸਨ।੧੯ ਦਸੰਬਰ

# ਸਾਹਿਬਜ਼ਾਦਿਆਂ ਦੀ ਸ਼ਹਾਦਤ ਹੱਕ, ਸੱਚ ਅਤੇ ਧਰਮ ਦੀ ਰੱਖਵਾਲੀ ਲਈ ਉੱਘੜਵੀਂ ਮਿਸਾਲ -ਗਿਆਨੀ ਗੁਰਬਚਨ ਸਿੰਘ

## ਦਸਵੇਂ ਪਾਤਸ਼ਾਹ ਦੇ ਵੱਡੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਗੁਰਬਾਣੀ ਜਾਪ ਸਮਾਗਮ

## ਸਮਾਗਮ ਦੌਰਾਨ ਗਿਆਨੀ ਜਗਤਾਰ ਸਿੰਘ ਤੇ ਡਾ. ਰੂਪ ਸਿੰਘ ਨੇ ਵੀ ਕੀਤਾ ਸੰਬੋਧਨ

ਅੰਮ੍ਰਿਤਸਰ, - ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਵਸ ਨੂੰ ਗੁਰਬਾਣੀ ਜਾਪ ਦਿਵਸ ਵਜੋਂ ਮਨਾਉਂਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅੱਜ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਸੰਗਤੀ ਰੂਪ ਵਿਚ ਜਪੁਜੀ ਸਾਹਿਬ ਦੇ ਜਾਪ ਮਗਰੋਂ ਅਰਦਾਸ ਭਾਈ ਸੁਲਤਾਨ ਸਿੰਘ ਵੱਲੋਂ ਕੀਤੀ ਗਈ। ਇਸ ਤੋਂ ਪਹਿਲਾਂ ਸ੍ਰੀ ਅਖੰਡਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਭਾਈ ਸਾਹਿਬ ਸਿੰਘ ਦੇ ਰਾਗੀ ਜੱਥੇ ਨੇ ਗੁਰਬਾਣੀ ਦਾ ਮਨੋਹਰ ਕੀਰਤਨ ਕੀਤਾ।

ਇਸ ਮੌਕੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਦਸਮ ਪਾਤਸ਼ਾਹ ਜੀ ਦੇ ਸਾਹਿਬਜ਼ਾਦਿਆਂ ਨੂੰ ਸਤਿਕਾਰ ਭੇਟ ਕਰਦਿਆਂ ਕਿਹਾ ਕਿ ਸਿੱਖ ਕੌਮ ਦਾ ਇਤਿਹਾਸ ਦੁਨੀਆਂ ਨਾਲੋਂ ਵੱਖਰਾ ਅਤੇ ਨਿਵੇਕਲਾ ਹੈ ਜਿਸਦੇ ਕੁਝ ਪੰਨੇ ਦਸਵੇਂ ਪਾਤਸ਼ਾਹ ਦੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨਾਲ ਜੁੜਦੇ ਹਨ। ਉਨ੍ਹਾਂ ਕਿਹਾ ਕਿ ਚਮਕੌਰ ਦੇ ਅਸਾਵੇਂ ਯੁੱਧ ਅੰਦਰ ਵੱਡੇ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਸਮੇਤ ਗੁਰੂ ਦੇ ਪਿਆਰੇ ਸਿੱਖਾਂ ਦੀਆਂ ਸ਼ਹਾਦਤਾਂ ਹੱਕ, ਸੱਚ ਅਤੇ ਧਰਮ ਦੀ ਰੱਖਵਾਲੀ ਲਈ ਉੱਘੜਵੀਂ ਮਿਸਾਲ ਹਨ। ਉਨ੍ਹਾਂ ਕਿਹਾ ਕਿ ਸਾਹਿਬਜ਼ਾਦਿਆਂ ਦੀਆਂ ਸ਼ਹਾਦਤਾਂ ਕੌਮ ਲਈ ਪ੍ਰੇਰਣਾ ਸਰੋਤ ਹਨ ਅਤੇ ਸਾਨੂੰ ਉਨ੍ਹਾਂ ਦੇ ਸ਼ਹੀਦੀ ਦਿਹਾੜੇ 'ਤੇ ਉਨ੍ਹਾਂ ਵੱਲੋਂ ਦਰਸਾਏ ਮਾਰਗ 'ਤੇ ਚੱਲਣ ਦਾ ਪ੍ਰਣ ਕਰਨਾ ਚਾਹੀਦਾ।

ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਨੇ ਸੰਗਤ ਨਾਲ ਗੁਰਮਤਿ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਸਾਕਾ ਸ੍ਰੀ ਚਮਕੌਰ ਸਾਹਿਬ ਹਿੰਮਤ, ਦਲੇਰੀ ਅਤੇ ਦ੍ਰਿੜ੍ਹਤਾ ਦੀ ਦਾਸਤਾਨ ਹੈ ਅਤੇ ਇਸ ਜੰਗ ਵਿਚ ਗੁਰੂ ਦੇ ੪੦ ਸਿੰਘਾਂ ਨੇ ਦਸ ਲੱਖ ਮੁਗ਼ਲਾਂ ਦਾ ਮੁਕਾਬਲਾ ਕਰਦਿਆਂ ਸ਼ਹਾਦਤ ਪ੍ਰਾਪਤ ਕੀਤੀ। ਉਨ੍ਹਾਂ ਕਿਹਾ ਕਿ ਸ੍ਰੀ ਚਮਕੌਰ ਸਾਹਿਬ ਦੀ ਜੰਗ ਦਾ ਦੁਨੀਆਂ ਦੇ ਇਤਿਹਾਸ ਵਿਚ ਹੋਰ ਕੋਈ ਮੁਕਾਬਲਾ ਨਹੀਂ।

ਸਮਾਗਮ ਦੌਰਾਨ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਕਿਹਾ ਕਿ ਸਿੱਖ ਇਤਿਹਾਸ ਅੰਦਰ ਸ਼ਹੀਦੀ ਹਫਤੇ ਦਾ ਵਿਸ਼ੇਸ਼ ਮਹੱਤਵ ਹੈ। ਬੇਸ਼ੱਕ ਇਹ ਸਿੱਖ ਕੌਮ ਲਈ ਬੇਹੱਦ ਕਠਿਨਾਈਆਂ ਭਰਪੂਰ ਸਮਾਂ ਸੀ, ਪਰ ਫਿਰ ਵੀ ਗੁਰੂ ਦਾ ਖਾਲਸਾ ਇਨ੍ਹਾਂ ਹਾਲਾਤਾਂ ਵਿਚੋਂ ਵੀ ਸੁਰਖਰੂ ਹੋ ਕੇ ਨਿਕਲਿਆ। ਉਨ੍ਹਾਂ ਕਿਹਾ ਕਿ ਸ਼ਹੀਦੀ ਹਫਤਾ ਕੌਮ ਲਈ ਸਵੈ ਮੰਥਨ ਕਰਨ ਦਾ ਸਮਾਂ ਹੈ ਅਤੇ ਸਾਨੂੰ ਇਸ ਸਮੇਂ ਆਪਣੇ ਬੱਚਿਆਂ ਨੂੰ ਗੁਰ ਇਤਿਹਾਸ ਦੇ ਸਨਮੁਖ ਕਰਨ ਲਈ ਯਤਨ ਕਰਨੇ ਚਾਹੀਦੇ ਹਨ।

ਇਸ ਉਪਰੰਤ ਸਜੇ ਦੀਵਾਨ ਵਿਚ ਸਿੱਖ ਕੌਮ ਦੇ ਪ੍ਰਸਿੱਧ ਢਾਡੀ, ਕਵੀਸ਼ਰ ਜੱਥਿਆਂ ਅਤੇ ਪ੍ਰਚਾਰਕਾਂ ਨੇ

ਸਾਹਿਬਜ਼ਾਦਿਆਂ ਦੀ ਸ਼ਹਾਦਤ ਦੇ ਲਾਸਾਨੀ ਇਤਿਹਾਸ ਨੂੰ ਸੰਗਤਾਂ ਨਾਲ ਸਾਂਝਾ ਕੀਤਾ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ, ਸਕੱਤਰ ਸ. ਮਨਜੀਤ ਸਿੰਘ, ਵਧੀਕ ਸਕੱਤਰ ਸ. ਦਿਲਜੀਤ ਸਿੰਘ ਬੇਦੀ, ਸ. ਬਲਵਿੰਦਰ ਸਿੰਘ ਜੌੜਾ ਸਿੰਘਾ, ਸ. ਸੁਖਦੇਵ ਸਿੰਘ ਭੂਰਾ ਕੋਹਨਾ ਤੇ ਸ. ਬਿਜੈ ਸਿੰਘ, ਸ. ਜਗਜੀਤ ਸਿੰਘ ਜੱਗੀ ਨਿੱਜੀ ਸਹਾਇਕ, ਸ. ਕੁਲਵਿੰਦਰ ਸਿੰਘ ਰਮਦਾਸ, ਸ. ਸਕੱਤਰ ਸਿੰਘ, ਸ. ਹਰਜੀਤ ਸਿੰਘ ਲਾਲੂਘੁੰਮਣ, ਸ. ਗੁਰਮੀਤ ਸਿੰਘ ਬੁੱਟਰ, ਸ. ਹਰਜਿੰਦਰ ਸਿੰਘ ਕੈਰੋਂਵਾਲ, ਸ. ਤਜਿੰਦਰ ਸਿੰਘ ਪੱਡਾ ਤੇ ਸ. ਮਹਿੰਦਰ ਸਿੰਘ ਮੀਤ ਸਕੱਤਰ, ਸ. ਸੁਲੱਖਣ ਸਿੰਘ ਭੰਗਾਲੀ ਮੈਨੇਜਰ ਸ੍ਰੀ ਦਰਬਾਰ ਸਾਹਿਬ, ਸ. ਸਤਨਾਮ ਸਿੰਘ ਸੁਪ੍ਰਿੰਟੈਂਡੈਂਟ, ਸ. ਮਲਕੀਤ ਸਿੰਘ ਬਹਿੜਵਾਲ ਸਹਾਇਕ ਸੁਪ੍ਰਿੰਟੈਂਡੈਂਟ, ਸ਼੍ਰੋਮਣੀ ਕਮੇਟੀ, ਧਰਮ ਪ੍ਰਚਾਰ ਕਮੇਟੀ ਤੇ ਸ੍ਰੀ ਦਰਬਾਰ ਸਾਹਿਬ ਦਾ ਸਟਾਫ, ਵੱਖ-ਵੱਖ ਸਕੂਲਾਂ ਦਾ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ। ੨੨ ਦਸੰਬਰ

## ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਲੌਂਗੋਵਾਲ ਨੇ ਪਾਕਿਸਤਾਨ ਵਿਚ ਸਿੱਖਾਂ ਨਾਲ ਵਧੀਕੀਆਂ ਦੇ ਮਾਮਲੇ ਨੂੰ ਲੈ ਕੇ ਵਿਦੇਸ਼ ਮੰਤਰੀ ਨੂੰ ਲਿਖਿਆ ਪੱਤਰ

ਸ੍ਰੀ ਅੰਮ੍ਰਿਤਸਰ, - ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਪਾਕਿਸਤਾਨ ਦੇ ਸਾਹੀਵਾਲ ਵਿਖੇ ਸਥਿਤ ਗੁਰਦੁਆਰਾ ਸਾਹਿਬ ਨੂੰ ਢਾਹ ਕੇ ਪਲਾਜਾ ਬਣਾਏ ਜਾਣ ਦੀ ਖਬਰ ਸਾਹਮਣੇ ਆਉਣ 'ਤੇ ਇਸਦੀ ਸਖਤ ਸ਼ਬਦਾਂ ਵਿਚ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਭੂਮੀ ਮਾਫੀਆ ਵੱਲੋਂ ਆਪਣੇ ਨਿੱਜੀ ਸਵਾਰਥਾਂ ਤਹਿਤ ਗੁਰਦੁਆਰਾ ਸਾਹਿਬ ਦੀ ਜਗ੍ਹਾ 'ਤੇ ਪਲਾਜਾ ਬਣਾਉਣਾ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ ਹੈ ਅਤੇ ਇਸ ਖਬਰ ਨਾਲ ਸਿੱਖਾਂ ਦੀਆਂ ਭਾਵਨਾਵਾਂ ਨੂੰ ਭਾਰੀ ਸੱਟ ਵੱਜੀ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜਨਮ ਭੂਮੀ ਹੈ ਜਿਸ ਨਾਲ ਸਮੁੱਚੇ ਵਿਸ਼ਵ ਵਿਚ ਵੱਸਦੇ ਸਿੱਖਾਂ ਦੀਆਂ ਭਾਵਨਾਵਾਂ ਜੁੜੀਆਂ ਹੋਈਆਂ ਹਨ। ਪਰ ਦੁੱਖ ਦੀ ਗੱਲ ਹੈ ਕਿ ਸਿੱਖ ਧਰਮ ਨਾਲ ਭਾਵਨਾਤਮਕ ਸਾਂਝ ਰੱਖਦੇ ਇਸ ਖਿੱਤੇ ਅੰਦਰ ਸਿੱਖਾਂ ਨਾਲ ਵਧੀਕੀਆਂ ਕੀਤੀਆਂ ਜਾ ਰਹੀਆਂ ਹਨ। ਭਾਈ ਲੌਂਗੋਵਾਲ ਨੇ ਕਿਹਾ ਕਿ ਬੀਤੇ ਦਿਨੀਂ ਹੀ ਕੁਝ ਸਿੱਖ ਦੁਕਾਨਦਾਰਾਂ 'ਤੇ ਇਸਲਾਮ ਧਰਮ ਕਬੂਲ ਕਰਨ ਲਈ ਦਬਾਅ ਪਾਇਆ ਗਿਆ ਸੀ ਅਤੇ ਹੁਣ ਸਿੱਖਾਂ ਦੇ ਧਾਰਮਿਕ ਅਸਥਾਨ ਨੂੰ ਢਾਹ ਕੇ ਪਲਾਜਾ ਬਣਾਉਣ ਦੀਆਂ ਖਬਰਾਂ ਸਾਹਮਣੇ ਆਈਆਂ ਹਨ। ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਨੂੰ ਇਨ੍ਹਾਂ ਮਾਮਲਿਆਂ ਲਈ ਪਾਕਿਸਤਾਨ ਸਰਕਾਰ 'ਤੇ ਦਬਾਅ ਬਣਾਉਣਾ ਚਾਹੀਦਾ ਹੈ ਅਤੇ ਪਾਕਿਸਤਾਨ ਅੰਦਰ ਸਿੱਖ ਧਰਮ ਦੇ ਧਾਰਮਿਕ ਅਸਥਾਨਾਂ ਦੇ ਨਾਲ-ਨਾਲ ਸਿੱਖਾਂ ਦੀ ਸੁਰੱਖਿਆ ਅਤੇ ਉਨ੍ਹਾਂ ਦੀ ਧਾਰਮਿਕ ਆਜ਼ਾਦੀ ਦੇ ਅਧਿਕਾਰ ਨੂੰ ਯਕੀਨੀ ਬਣਾਉਣ ਲਈ ਤੁਰੰਤ ਕਦਮ ਚੁੱਕਣੇ ਚਾਹੀਦੇ ਹਨ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਪਾਕਿਸਤਾਨ ਅੰਦਰ ਸਿੱਖਾਂ ਨਾਲ ਹੋ ਰਹੀਆਂ ਵਧੀਕੀਆਂ ਦੇ ਸਬੰਧ ਵਿਚ ਉਨ੍ਹਾਂ ਨੇ ਭਾਰਤ ਦੀ ਵਿਦੇਸ਼ ਮੰਤਰੀ ਸ੍ਰੀਮਤੀ ਸੁਸ਼ਮਾ ਸਵਰਾਜ ਨੂੰ ਇੱਕ ਪੱਤਰ ਵੀ ਲਿਖਿਆ ਹੈ ਅਤੇ ਉਹ ਨੇੜ ਭਵਿੱਖ ਵਿਚ ਇਸ ਸਬੰਧੀ ਭਾਰਤ ਸਰਕਾਰ ਦੇ ਨੁਮਾਇੰਦਿਆਂ ਨਾਲ ਨਿੱਜੀ ਤੌਰ 'ਤੇ ਮਿਲ ਕੇ ਗੱਲਬਾਤ ਕਰਨਗੇ।੨੦ ਦਸੰਬਰ

## ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸੰਗਤਾਂ ਵੱਲੋਂ ਨਵੇਂ ਗਲੀਚਿਆਂ ਦੀ ਸੇਵਾ

### ਸੰਗਤਾਂ ਦੀ ਸਹੂਲਤ ਲਈ ਪਰਿਕਰਮਾ 'ਚ 'ਆਊਟਡੋਰ ਸਟੇਅਰ ਲਿਫ਼ਟ' ਲਗਾਈ

ਅੰਮ੍ਰਿਤਸਰ, - ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਗੁਰੂ ਘਰ ਦੇ ਸ਼ਰਧਾਲੂਆਂ ਵਲੋਂ ਨਵੇਂ, ਸੁੰਦਰ ਤੇ ਨਰਮ ਗਲੀਚੇ (ਕਾਰਪੈੱਟ) ਵਿਛਾਏ ਗਏ ਹਨ। ਇਸ ਸਬੰਧੀ ਸ਼੍ਰੋਮਣੀ ਕਮੇਟੀ ਦੇ ਬੁਲਾਰੇ ਤੇ ਵਧੀਕ ਸਕੱਤਰ ਸ. ਦਿਲਜੀਤ ਸਿੰਘ ਬੇਦੀ ਨੇ ਜਾਣਕਾਰੀ ਦਿੰਦਿਆਂ ਦਸਿਆ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਬੈਲਜੀਅਮ ਦੀ ਇਕ ਪ੍ਰਸਿੱਧ ਕੰਪਨੀ ਵਲੋਂ ਤਿਆਰ ਕੀਤਾ ਗਿਆ ੧੦ ਹਜ਼ਾਰ ਵਰਗ ਫੁੱਟ ਦੇ ਕਰੀਬ ਗੂੜੇ ਲਾਲ ਰੰਗ ਦਾ ਯੂਰਪੀਅਨ ਗਲੀਚਾ, ਜਿਸ 'ਤੇ ਸਫ਼ੇਦ ਰੰਗ ਦੇ ਖ਼ੂਬਸੂਰਤ ਫੁੱਲ ਬੂਟਿਆਂ ਦੀਆਂ ਵੇਲਾਂ ਬਣੀਆਂ ਹਨ, ਵਿਛਾਇਆ

ਗਿਆ ਹੈ। ਉਨ੍ਹਾਂ ਦਸਿਆ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਮੁੱਖ ਪ੍ਰਕਾਸ਼ ਅਸਥਾਨ, ਉੱਪਰਲੀਆਂ ਦੋਵੇਂ ਮੰਜ਼ਿਲਾਂ ਅਤੇ ਅੰਦਰਲੀ ਛੋਟੀ ਪ੍ਰਕਰਮਾ ਤੋਂ ਇਲਾਵਾ ਦਰਸ਼ਨੀ ਪੁਲ ਦੇ ਰਸਤੇ 'ਤੇ ਵੀ ਇਹ ਗਲੀਚਾ ਵਿਛਾਇਆ ਗਿਆ ਹੈ, ਉਨ੍ਹਾਂ ਦੱਸਿਆ ਕਿ ਇਸ ਦੀ ਸੇਵਾ ਸੰਤ ਬਾਬਾ ਕਸ਼ਮੀਰ ਸਿੰਘ ਜੀ ਭੂਰੀ ਵਾਲਿਆਂ ਤੇ ਗੁਰੂ ਘਰ ਦੇ ਪ੍ਰੇਮੀਆਂ ਸ. ਸਵਿੰਦਰਪਾਲ ਸਿੰਘ ਤੇ ਸ. ਨਰਿੰਦਰ ਸਿੰਘ ਆਦਿ ਵਲੋਂ ਸ਼ਰਧਾ ਸਹਿਤ ਕਰਵਾਈ ਗਈ ਹੈ। ਉਨ੍ਹਾਂ ਹੋਰ ਜਾਣਕਾਰੀ ਦਿੰਦਿਆ ਕਿਹਾ ਕਿ ਇਸੇ ਤਰ੍ਹਾਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਵੀ ੬ ਹਜ਼ਾਰ ਵਰਗ ਫੁੱਟ ਡਿਜ਼ਾਇਨਰ ਗਲੀਚਾ ਵਿਛਾਇਆ ਗਿਆ ਹੈ, ਜਿਸ ਦੀ ਸੇਵਾ ਸਿੰਘਾਪੁਰ ਨਿਵਾਸੀ ਗੁਰੂ ਘਰ ਦੇ ਸ਼ਰਧਾਲੂ ਠੁਕਰਾਲ ਪਰਿਵਾਰ ਵਲੋਂ ਕਰਵਾਈ ਗਈ ਹੈ।

ਸ. ਬੇਦੀ ਨੇ ਦੱਸਿਆ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਆਉਣ ਵਾਲੇ ਸਰੀਰਿਕ ਤੌਰ 'ਤੇ ਅਪਾਹਜ ਤੇ ਬਜ਼ੁਰਗ ਸ਼ਰਧਾਲੂਆਂ ਦੀ ਸਹੂਲਤ ਲਈ ਪ੍ਰਕਰਮਾ 'ਚ ਉਤਰਨ ਲਈ ਅਤੇ ਕੇਂਦਰੀ ਸਿੱਖ ਅਜਾਇਬ ਘਰ ਤੱਕ ਅੱਪੜਣ ਲਈ ਘੰਟਾ ਘਰ ਦੀਆਂ ਪੌੜੀਆਂ ਨੇੜੇ ਲਗਾਈਆਂ ਗਈਆਂ ੨ ਲਿਫ਼ਟਾਂ ਤੋਂ ਬਾਅਦ ਹੁਣ ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ ਵਾਲੀਆਂ ਪੌੜੀਆਂ 'ਚ ਪਹਿਲੀ ਆਊਟਡੋਰ ਸਟੇਅਰ ਲਿਫ਼ਟ (ਪੌੜੀਆਂ ਵਾਲੀ ਲਿਫ਼ਟ) ਲਗਾਈ ਗਈ ਹੈ, ਜੋ ਸੀਟ ਨਾਲ ਲੱਗੇ ਸਵਿੱਚ ਤੋਂ ਇਲਾਵਾ ਰਿਮੋਟ ਨਾਲ ਵੀ ਚੱਲੇਗੀ ਤੇ ਵੀਲ੍ਹ ਚੇਅਰ 'ਤੇ ਆਉਣ ਵਾਲੇ ਸ਼ਰਧਾਲੂ ਇਸ 'ਤੇ ਅਰਾਮ ਨਾਲ ਬੈਠ ਕੇ ਹੇਠਾਂ ਪ੍ਰਕਰਮਾਂ 'ਚ ਪੁੱਜ ਸਕਣਗੇ। ਉਨ੍ਹਾਂ ਦਸਿਆ ਕਿ ਇਸ ਆਊਟਡੋਰ ਸਟੇਅਰ ਲਿਫ਼ਟ, ਜਿਸਦੀ ਸੇਵਾ ਸੰਤ ਬਾਬਾ ਕਸ਼ਮੀਰ ਸਿੰਘ ਤੇ ਬਾਬਾ ਸੁਖਵਿੰਦਰ ਸਿੰਘ ਕਾਰ ਸੇਵਾ ਸੰਪਰਦਾ ਭੂਰੀ ਵਾਲਿਆਂ ਵਲੋਂ ਕਰਵਾਈ ਗਈ ਹੈ, ੧੨੭ ਕਿਲੋਗ੍ਰਾਮ ਤੱਕ ਭਾਰ ਚੁੱਕ ਸਕਣ ਦੇ ਸਮਰੱਥ ਹੈ ਤੇ ਇਸਦੀ ਕੀਮਤ ਅੰਦਾਜਨ ਇਕ ਲੱਖ ਰੁਪਏ ਦੇ ਕਰੀਬ ਹੈ। ਇਹ ਲਿਫ਼ਟ ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ ਵਾਲੇ ਰਸਤੇ ਤੋਂ ੭-੮ ਫੁੱਟ ਨੀਵੀਆਂ ਪੌੜੀਆਂ ਰਾਹੀਂ ਹੇਠਾਂ ਨਿਸ਼ਾਨ ਸਾਹਿਬਾਂ ਨੇੜੇ ਜਾ ਪੁੱਜਦੀ ਹੈ। ੨੪ ਦਸੰਬਰ

## ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ੩੫੧ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ

ਅੰਮ੍ਰਿਤਸਰ, - ਸਰਬੰਸਦਾਨੀ, ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ੩੫੧ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਸਿੰਘ ਸਭਾ (ਰਜਿ:) ਸ੍ਰੀ ਅੰਮ੍ਰਿਤਸਰ ਅਤੇ ਸੰਗਤਾਂ ਦੇ ਸਹਿਯੋਗ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਵਿਸ਼ਾਲ ਨਗਰ ਕੀਰਤਨ ਆਯੋਜਿਤ ਕੀਤਾ ਗਿਆ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਨੇ ਆਰੰਭਤਾ ਦੀ ਅਰਦਾਸ ਕੀਤੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਵਨ ਸਰੂਪ ਸੁਨਹਿਰੀ ਪਾਲਕੀ ਸਾਹਿਬ ਵਿਚ ਸੁਸ਼ੋਭਿਤ ਕੀਤਾ। ਪਰੰਪਰਾ ਅਨੁਸਾਰ ਇਹ ਨਗਰ ਕੀਰਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿਚ ਸਜਾਇਆ ਗਿਆ। ਨਗਰ ਕੀਰਤਨ ਦੌਰਾਨ ਧਾਰਮਿਕ ਸੰਸਥਾਵਾਂ, ਸ੍ਰੀ ਗੁਰੂ ਸਿੰਘ ਸਭਾ (ਰਜਿ:) ਅੰਮ੍ਰਿਤਸਰ, ਸਕੂਲਾਂ ਦੇ ਵਿਦਿਆਰਥੀਆਂ, ਵੱਖ-ਵੱਖ ਬੈਂਡ ਪਾਰਟੀਆਂ, ਗੱਤਕਾ ਪਾਰਟੀਆਂ ਅਤੇ ਗੁਰਬਾਣੀ ਦਾ ਜਾਪ ਕਰਦੀਆਂ ਸੰਗਤਾਂ ਨੇ ਸ਼ਮੂਲੀਅਤ ਕੀਤੀ। ਇਹ ਨਗਰ ਕੀਰਤਨ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਆਰੰਭ ਹੋ ਕੇ ਸ੍ਰੀ ਗੁਰੂ ਰਾਮਦਾਸ ਨਿਵਾਸ, ਬ੍ਰਹਮ ਬੂਟਾ ਮਾਰਕੀਟ, ਚੌਂਕ ਘੰਟਾ ਘਰ, ਬਜ਼ਾਰ ਮਾਈ ਸੇਵਾ, ਬਾਜ਼ਾਰ ਕਾਠੀਆਂ, ਬਾਜ਼ਾਰ ਪਾਪੜਾਂ, ਬਾਜ਼ਾਰ ਬਾਸਾਂ, ਚੌਂਕ ਛੱਤੀ ਖੂਹੀ, ਚਾਵਲ ਮੰਡੀ, ਕਣਕ ਮੰਡੀ, ਢਾਬ ਵਸਤੀ ਰਾਮ, ਚੌਂਕ ਚਿੰਤਪੁਰਨੀ, ਜੌੜਾ ਪਿੱਪਲ, ਚੌਂਕ ਚਬੂਤਰਾ, ਚੌਂਕ ਜੈ ਸਿੰਘ, ਚੌਂਕ ਮੋਨੀ, ਚੌਂਕ ਕਰੋੜੀ, ਚੌਂਕ ਮੰਨਾ ਸਿੰਘ, ਚੌਂਕ ਪ੍ਰਾਗਦਾਸ, ਸ੍ਰੀ ਗੁਰੂ ਰਾਮਦਾਸ ਨਿਵਾਸ ਤੋਂ ਹੁੰਦਾ ਹੋਇਆ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸੰਪੰਨ ਹੋਇਆ।

ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਮਨਜੀਤ ਸਿੰਘ, ਸਕੱਤਰ ਸ. ਮਨਜੀਤ ਸਿੰਘ, ਵਧੀਕ ਸਕੱਤਰ ਸ. ਦਿਲਜੀਤ ਸਿੰਘ ਬੇਦੀ, ਸ. ਬਲਵਿੰਦਰ ਸਿੰਘ ਜੌੜਾ ਸਿੰਘਾ ਤੇ ਡਾ. ਪਰਮਜੀਤ ਸਿੰਘ ਸਰੋਆ, ਨਿੱਜੀ ਸਹਾਇਕ ਸ. ਜਗਜੀਤ ਸਿੰਘ ਜੱਗੀ, ਮੀਤ ਸਕੱਤਰ ਸ. ਕੁਲਵਿੰਦਰ ਸਿੰਘ ਰਮਦਾਸ, ਸ. ਜਸਵਿੰਦਰ ਸਿੰਘ ਦੀਨਪੁਰ, ਸ. ਸਕੱਤਰ ਸਿੰਘ ਤੇ ਸ. ਹਰਜਿੰਦਰ ਸਿੰਘ ਕੈਰੋਂਵਾਲ, ਮੈਨੇਜਰ ਸ. ਗੁਰਿੰਦਰ ਸਿੰਘ, ਸ. ਰਵੇਲ ਸਿੰਘ ਚੇਅਰਮੈਨ, ਸੁਪ੍ਰਿੰਟੈਂਡੈਂਟ ਸ. ਸਤਨਾਮ ਸਿੰਘ, ਐਡੀਸ਼ਨਲ ਮੈਨੇਜਰ ਸ. ਸੁਖਰਾਜ ਸਿੰਘ, ਸ. ਹਰਜਿੰਦਰ ਸਿੰਘ ਤੇ ਸ. ਬਘੇਲ ਸਿੰਘ,

ਸਹਾਇਕ ਸੁਪ੍ਰਿੰਟੈਂਡੈਂਟ ਸ. ਮਲਕੀਤ ਸਿੰਘ ਬਹਿੜਵਾਲ, ਸ੍ਰੀ ਗੁਰੂ ਸਿੰਘ ਸਭਾ (ਰਜਿ:) ਅੰਮ੍ਰਿਤਸਰ ਦੇ ਪ੍ਰਧਾਨ ਸ. ਅਨੂਪ ਸਿੰਘ ਵਿਰਦੀ, ਕਨਵੀਨਰ ਸ. ਰਨਬੀਰ ਸਿੰਘ ਚੋਪੜਾ ਤੇ ਜਨਰਲ ਸਕੱਤਰ ਸ. ਸੁਰਿੰਦਰ ਸਿੰਘ ਰੁਮਾਲੇ ਵਾਲੇ, ਸ. ਗੁਰਬਖਸ਼ ਸਿੰਘ ਬੇਦੀ, ਸ. ਹਰਮਨਜੀਤ ਸਿੰਘ, ਸ. ਜੋਗਿੰਦਰ ਸਿੰਘ, ਸ. ਅਜੈਬ ਸਿੰਘ, ਸ. ਹਰਭਜਨ ਸਿੰਘ, ਸ. ਸਤਿੰਦਰ ਸਿੰਘ, ਸ. ਕੁਲਬੀਰ ਸਿੰਘ, ਸ. ਬਲਵਿੰਦਰ ਸਿੰਘ, ਸ. ਕੁਲਵਿੰਦਰ ਸਿੰਘ ਅਤੇ ਵੱਡੀ ਗਿਣਤੀ ਸੰਗਤਾਂ ਹਾਜ਼ਰ ਸਨ। ੨੩ ਦਸੰਬਰ

## ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਸ੍ਰੀ ਹਜ਼ੂਰ ਸਾਹਿਬ ਲਈ ਸਿੱਧੀ ਹਵਾਈ ਸੇਵਾ ਆਰੰਭ

ਅੰਮ੍ਰਿਤਸਰ - ਸਿੱਖ ਕੌਮ ਦੇ ਦੋ ਅਹਿਮ ਧਾਰਮਿਕ ਅਸਥਾਨਾਂ ਸ੍ਰੀ ਅੰਮਿਤਸਰ ਸਾਹਿਬ ਅਤੇ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਵਿਚਕਾਰ ਹਵਾਈ ਸੇਵਾ ਦੀ ਸ਼ੁਰੂਆਤ ਏਅਰ ਇੰਡੀਆ ਵੱਲੋਂ ਸ੍ਰੀ ਗੁਰੂ ਰਾਮਦਾਸ ਅੰਤਰਰਾਸ਼ਟਰੀ ਹਵਾਈ ਅੱਡਾ ਤੋਂ ਸ਼ੁਰੂ ਕਰ ਦਿੱਤੀ ਗਈ ਹੈ। ਇਸ ਸੇਵਾ ਦੀ ਆਰੰਭਤਾ ਮੌਕੇ ਅਰਦਾਸ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਅਰਦਾਸੀਏ ਭਾਈ ਸੁਲਤਾਨ ਸਿੰਘ ਦੁਆਰਾ ਕੀਤੀ ਗਈ।

ਇਸ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਨੇ ਕਿਹਾ ਕਿ ਅੱਜ ਹਵਾਈ ਸੇਵਾ ਸ਼ੁਰੂ ਹੋਣ ਨਾਲ ਸਿੱਖ ਸੰਗਤਾਂ ਦੀ ਚਿਰੋਕਣੀ ਮੰਗ ਪੂਰੀ ਹੋਈ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਸੰਗਤਾਂ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਦੇ ਨਾਲ-ਨਾਲ ਤਖ਼ਤ ਸ੍ਰੀ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਦੇ ਦਰਸ਼ਨ ਵੀ ਕਰ ਸਕਣਗੀਆਂ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਵੱਲੋਂ ਏਅਰ ਇੰਡੀਆ ਇਸ ਹਵਾਈ ਸੇਵਾ ਲਈ ਧੰਨਵਾਦ ਕੀਤਾ। ਉਨ੍ਹਾਂ ਮੰਗ ਕੀਤੀ ਕਿ ਸਿੱਖ ਸੰਗਤਾਂ ਦੀ ਮੰਗ ਅਨੁਸਾਰ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਤਖ਼ਤ ਸ੍ਰੀ ਪਟਨਾ ਸਾਹਿਬ ਲਈ ਅਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਤੋਂ ਤਖ਼ਤ ਸ੍ਰੀ ਪਟਨਾ ਸਾਹਿਬ ਲਈ ਵੀ ਹਵਾਈ ਸੇਵਾਵਾਂ ਦੀ ਸ਼ੁਰੂਆਤ ਕੀਤੀ ਜਾਵੇ। ਇਸ ਮੌਕੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ, ਅੰਤ੍ਰਿੰਗ ਕਮੇਟੀ ਮੈਂਬਰ ਸ. ਗੁਰਮੀਤ ਸਿੰਘ ਬੂਹ ਤੇ ਐਡਵੋਕੇਟ ਸ. ਭਗਵੰਤ ਸਿੰਘ ਸਿਆਲਕਾ, ਸ਼੍ਰੋਮਣੀ ਕਮੇਟੀ ਮੈਂਬਰ ਸ. ਰਾਜਿੰਦਰ ਸਿੰਘ ਮਹਿਤਾ ਅਤੇ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਸਾਂਝੇ ਤੌਰ 'ਤੇ ਏਅਰ ਇੰਡੀਆ ਦੇ ਅਧਿਕਾਰੀਆਂ ਨੂੰ ਸਨਮਾਨਿਤ ਵੀ ਕੀਤਾ ਗਿਆ।

ਇਸ ਮੌਕੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ, ਅੰਤ੍ਰਿੰਗ ਕਮੇਟੀ ਮੈਂਬਰ ਸ. ਗੁਰਮੀਤ ਸਿੰਘ ਬੂਹ ਤੇ ਐਡਵੋਕੇਟ ਸ. ਭਗਵੰਤ ਸਿੰਘ ਸਿਆਲਕਾ, ਸ਼੍ਰੋਮਣੀ ਕਮੇਟੀ ਮੈਂਬਰ ਸ. ਰਾਜਿੰਦਰ ਸਿੰਘ ਮਹਿਤਾ, ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ, ਨਿੱਜੀ ਸਹਾਇਕ ਸ. ਜਗਜੀਤ ਸਿੰਘ ਜੱਗੀ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ. ਸੁਲੱਖਣ ਸਿੰਘ ਭੰਗਾਲੀ, ਐਡੀਸ਼ਨਲ ਮੈਨੇਜਰ ਸ. ਸੁਖਬੀਰ ਸਿੰਘ, ਸ. ਅੰਮ੍ਰਿਤਪਾਲ ਸਿੰਘ ਸੂਚਨਾ ਅਧਿਕਾਰੀ ਆਦਿ ਹਾਜ਼ਰ ਸਨ। ੨੩ ਦਸੰਬਰ

## ਪਾਕਿਸਤਾਨ 'ਚ ਸਿੱਖਾਂ ਨੂੰ ਧਰਮ ਪਰਿਵਰਤਨ ਲਈ ਮਜ਼ਬੂਰ ਕਰਨਾ ਧਾਰਮਿਕ ਆਜ਼ਾਦੀ ਦੇ ਅਧਿਕਾਰਾਂ ਦੀ ਉਲੰਘਣਾ -ਭਾਈ ਲੌਂਗੋਵਾਲ

ਅੰਮ੍ਰਿਤਸਰ, - ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਪਾਕਿਸਤਾਨ ਅੰਦਰ ਸਿੱਖਾਂ ਨੂੰ ਧਰਮ ਪਰਿਵਰਤਨ ਲਈ ਦਬਾਉਣ ਦੀ ਸਖਤ ਸ਼ਬਦਾਂ ਵਿਚ ਨਿੰਦਾ ਕਰਦਿਆਂ ਇਸ ਨੂੰ ਧਾਰਮਿਕ ਆਜ਼ਾਦੀ ਦੇ ਅਧਿਕਾਰਾਂ ਦੀ ਉਲੰਘਣਾ ਕਰਾਰ ਦਿੱਤਾ ਹੈ। ਇਹ ਮਾਮਲਾ ਪਾਕਿਸਤਾਨ ਅੰਦਰ ਸੂਬਾ ਖੈਬਰ ਪਖਤੂਨਖਵਾ ਦੇ ਜ਼ਿਲ੍ਹਾ ਹੰਗੂ 'ਚ ਕਸਬਾ ਦੁਆਬਾ ਦਾ ਹੈ, ਜਿਥੇ ਇੱਕ ਸਹਾਇਕ ਕਮਿਸ਼ਨਰ ਵੱਲੋਂ ਸਿੱਖਾਂ ਨੂੰ ਮੁਸਲਿਮ ਧਰਮ ਧਾਰਨ ਕਰਨ ਲਈ ਮਜ਼ਬੂਰ ਕਰਨ ਦੀਆਂ ਰੀਪੋਰਟਾਂ ਹਨ। ਇਸ ਸਬੰਧੀ ਸਾਹਮਣੇ ਆਈ ਖਬਰ ਅਨੁਸਾਰ ਸਬੰਧਤ ਅਧਿਕਾਰੀ ਨੇ ਸਿੱਖਾਂ ਨੂੰ ਦਫਤਰ ਬੁਲਾ ਕੇ ਉਨ੍ਹਾਂ 'ਤੇ ਧਰਮ ਤਬਦੀਲ ਕਰਨ ਦਾ ਦਬਾਅ ਬਣਾਉਂਦਿਆਂ ਕਾਰੋਬਾਰ ਬੰਦ ਕਰਾਉਣ ਦੀ ਵੀ ਧਮਕੀ ਦਿੱਤੀ।

ਜਾਰੀ ਇੱਕ ਬਿਆਨ ਰਾਹੀਂ ਭਾਈ ਲੌਂਗੋਵਾਲ ਨੇ ਕਿਹਾ ਕਿ ਪਾਕਿਸਤਾਨ ਅੰਦਰ ਘੱਟ ਗਿਣਤੀ ਸਿੱਖਾਂ ਨਾਲ ਅਜਿਹਾ ਧੱਕਾ ਬਰਦਾਸ਼ਤਯੋਗ ਨਹੀਂ ਹੈ ਅਤੇ ਇਸ ਮਾਮਲੇ ਵਿਚ ਨਿਰਪੱਖ ਜਾਂਚ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਅੱਜ ਪੂਰੀ ਦੁਨੀਆ ਅੰਦਰ ਸਿੱਖ ਆਪਣੀ ਮਿਹਨਤ ਤੇ ਲਿਆਕਤ ਨਾਲ ਉੱਚ ਮੁਕਾਮ ਹਾਸਿਲ ਕਰ ਰਹੇ ਹਨ ਅਤੇ ਇਹ ਵੀ

ਸਾਰੀ ਦੁਨੀਆਂ ਜਾਣਦੀ ਹੈ ਕਿ ਸਿੱਖ ਕੌਮ ਭਾਈਚਾਰਕ ਸਾਂਝ ਦੀ ਹਮਾਇਤੀ ਹੈ। ਉਨ੍ਹਾਂ ਕਿਹਾ ਕਿ ਵਿਸ਼ਵ ਨੂੰ ਆਪਣੇ ਕਲਾਵੇ ਵਿਚ ਲੈਣ ਵਾਲੇ ਸਿੱਖ ਧਰਮ ਦੇ ਅਨੁਯਾਈ ਜਿਥੇ ਵੀ ਰਹਿੰਦੇ ਹਨ, ਉਸ ਦੇਸ਼ ਦੀ ਤਰੱਕੀ ਲਈ ਹਮੇਸ਼ਾਂ ਭਾਈਵਾਲ ਬਣਦੇ ਹਨ। ਪਰੰਤੂ ਦੁੱਖ ਦੀ ਗੱਲ ਹੈ ਕਿ ਸਿੱਖਾਂ ਨਾਲ ਅਜਿਹੀਆਂ ਵਧੀਕੀਆਂ ਹੁੰਦੀਆਂ ਹਨ। ਉਨ੍ਹਾਂ ਭਾਰਤ ਅਤੇ ਪਾਕਿਸਤਾਨ ਦੀਆਂ ਸਰਕਾਰਾਂ ਤੋਂ ਮੰਗ ਕੀਤੀ ਕਿ ਕਥਿਤ ਦੋਸ਼ੀ ਖਿਲਾਫ ਕਾਰਵਾਈ ਕੀਤੀ ਜਾਵੇ ਅਤੇ ਅੱਗੇ ਤੋਂ ਘੱਟ ਗਿਣਤੀ ਸਿੱਖਾਂ ਦੀ ਧਾਰਮਿਕ ਆਜ਼ਾਦੀ ਅਤੇ ਉਨ੍ਹਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾਵੇ। ੧੭ ਦਸੰਬਰ

## ਸ਼ਹੀਦ ਸਿੱਖ ਮਿਸ਼ਨਰੀ ਕਾਲਜ ਵਿਖੇ ਸੰਸਾਰ ਜੰਗਾਂ ਵਿੱਚ ਸਿੱਖਾਂ ਦਾ ਯੋਗਦਾਨ ਵਿਸ਼ੇ 'ਤੇ ਸੈਮੀਨਾਰ ਕਰਵਾਇਆ

ਅੰਮ੍ਰਿਤਸਰ ੧੪ ਦਸੰਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਚਲਾਈ ਜਾ ਰਹੀ ਧਾਰਮਿਕ ਸੰਸਥਾ ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਸ੍ਰੀ ਅੰਮ੍ਰਿਤਸਰ ਵਿਖੇ ਸੰਸਾਰ ਦੀ ਪਹਿਲੀ ਅਤੇ ਦੂਜੀ ਜੰਗ ਸਮੇਂ ਬ੍ਰਿਟਿਸ਼ ਫ਼ੌਜ ਵਿੱਚ ਸਿੱਖ ਸੈਨਿਕਾਂ ਦੀ ਭੂਮਿਕਾ ਅਤੇ ਪਾਏ ਗਏ ਯੋਗਦਾਨ ਬਾਰੇ ਸੈਮੀਨਾਰ ਕਰਵਾਇਆ ਗਿਆ। ਸੰਸਾਰ ਜੰਗਾਂ ਦੌਰਾਨ ਬਹਾਦਰ ਸਿੱਖ ਸੈਨਿਕਾਂ ਬਾਰੇ ਲੱਗਭਗ ੨੦ ਸਾਲਾਂ ਦੀ ਕੀਤੀ ਖੋਜ ਦੇ ਤੱਥਾਂ ਨੂੰ ਸ੍ਰ: ਭੁਪਿੰਦਰ ਸਿੰਘ ਹਾਲੈਂਡ ਨੇ ਪ੍ਰੋਜੈਕਟਰ ਰਾਹੀਂ ਦਿਖਾ ਕੇ ਬੜੇ ਵਿਸਥਾਰ ਸਹਿਤ ਦੱਸਿਆ। ਉਨ੍ਹਾਂ ਨੇ ਪਹਿਲੀ ਸੰਸਾਰ ਜੰਗ ੧੯੧੪-੧੮ ਅਤੇ ਦੂਜੀ ਸੰਸਾਰ ਜੰਗ ੧੯੩੯-੪੫ ਦੌਰਾਨ ਬ੍ਰਿਟਿਸ਼ ਇੰਡੀਆ ਆਰਮੀ ਵਿੱਚ ਸਿੱਖਾਂ ਦੇ ਯੋਗਦਾਨ ਦਾ ਪੂਰਾ ਰਿਕਾਰਡ ਵੀ ਸਾਂਝਾ ਕੀਤਾ। ਉਨ੍ਹਾਂ ਕਿਹਾ ਕਿ ਪਹਿਲੀ ਸੰਸਾਰ ਜੰਗ ਵਿੱਚ ਸ਼ਹੀਦ ਸੈਨਿਕਾਂ ਵਿਚ ੩੩ ਫ਼ੀਸਦੀ ਭਾਰਤੀ ਅਤੇ ਸਿੱਖ ਸੈਨਿਕ ਸਨ, ਇਸੇ ਤਰ੍ਹਾਂ ਦੂਸਰੀ ਸੰਸਾਰ ਜੰਗ ਵਿੱਚ ਸ਼ਹੀਦ ਹੋਏ ਸੈਨਿਕਾਂ ਵਿਚ ੩੫ ਫ਼ੀਸਦੀ ਭਾਰਤੀ ਅਤੇ ਸਿੱਖ ਸੈਨਿਕਾਂ ਦਾ ਯੋਗਦਾਨ ਸੀ।

ਉਹਨਾਂ ਦੱਸਿਆ ਕਿ ੧੯ ਮੁਲਕਾਂ ਦੀਆਂ ਫੌਜਾਂ ਵਿੱਚ ਸਿੱਖ ਸੈਨਿਕਾਂ ਨੇ ਬਹਾਦਰੀ ਦੇ ਝੰਡੇ ਗੱਡੇ ਅਤੇ ਇਹਨਾਂ ਦੀ ਬਹਾਦਰੀ ਨੂੰ ਅੱਜ ਵੀ ਯਾਦਗਾਰ ਦੇ ਰੂਪ ਵਿੱਚ ਇਹਨਾਂ ਦੇਸ਼ਾਂ ਵਿੱਚ ਸੰਭਾਲ ਕੇ ਰੱਖਿਆ ਹੋਇਆ ਹੈ। ਇਗਲੈਂਡ ਤੋਂ ਆਏ ਹੋਏ ਸਾਬਕਾ ਮੇਅਰ ਸ. ਇੰਦਰ ਸਿੰਘ ਨੇ ਆਪਣੇ ਵੀਚਾਰ ਪ੍ਰਗਟ ਕਰਦਿਆਂ ਇਸ ਵਿਸ਼ੇ 'ਤੇ ਚਾਨਣਾ ਪਾਇਆ। ਇਸ ਤੋਂ ਇਲਾਵਾ ਬੀਬੀ ਕਿਰਨਜੋਤ ਕੌਰ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਪ੍ਰੋ: ਸੂਬਾ ਸਿੰਘ ਨੇ ਵੀ ਆਪਣੇ ਵੀਚਾਰ ਪੇਸ਼ ਕੀਤਾ। ਇਸ ਮੌਕੇ ਪ੍ਰਿੰਸੀਪਲ ਬਲਦੇਵ ਸਿੰਘ ਨੇ ਆਈਆਂ ਸਖ਼ਸ਼ੀਅਤਾਂ ਦਾ ਧੰਨਵਾਦ ਕੀਤਾ। ਸਟੇਜ ਦੀ ਜ਼ਿੰਮੇਵਾਰੀ ਪ੍ਰੋ: ਕੁਲਰਾਜ ਸਿੰਘ ਨੇ ਨਿਭਾਈ। ਸ੍ਰ: ਭੁਪਿੰਦਰ ਸਿੰਘ ਹਾਲੈਂਡ ਨੇ ਆਪਣੀਆਂ ਪੁਸਤਕਾਂ ਕਾਲਜ ਦੀ ਲਾਇਬ੍ਰੇਰੀ ਲਈ ਪ੍ਰਿੰਸੀਪਲ ਬਲਦੇਵ ਸਿੰਘ ਨੂੰ ਭੇਟ ਕੀਤੀਆਂ।

ਸਮਾਗਮ ਵਿੱਚ ਭਾਈ ਵੀਰ ਸਿੰਘ ਗੁਰਮਤਿ ਵਿਦਿਆਲਾ ਦੇ ਪ੍ਰਿੰਸੀਪਲ ਜਸਵਿੰਦਰ ਕੌਰ ਮਾਹਲ, ਸੁਪ੍ਰਿਟੈਂਡੈਂਟ ਸ੍ਰ: ਮਨਜੀਤ ਸਿੰਘ ਅਤੇ ਵਿਦਿਆਰਥੀਆਂ ਨੇ ਵੀ ਸ਼ਮੂਲੀਅਤ ਕੀਤੀ। ਇਸ ਸਮੇਂ ਸ੍ਰ: ਗੁਰਿੰਦਰ ਸਿੰਘ ਸੁਲਤਾਨਵਿੰਡ, ਸ੍ਰ: ਸਰਬਜੀਤ ਸਿੰਘ ਗੁੰਮਟਾਲਾ, ਡਾ: ਜੋਗਿੰਦਰ, ਪ੍ਰੋ: ਗੁਰਿੰਦਰ ਸਿੰਘ ਮਾਨ ਨਿਊਯਾਰਕ ਮੌਜੂਦ ਸਨ।

## ਸ. ਮੁਖਤਿਆਰ ਸਿੰਘ ਸੇਵਾਦਾਰ ਨੂੰ ਸੇਵਾ ਮੁਕਤ ਹੋਣ 'ਤੇ ਵਿਦਾਇਗੀ

ਅੰਮ੍ਰਿਤਸਰ, - ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵਿਖੇ ਸੇਵਾਦਾਰ ਵਜੋਂ ਸੇਵਾ ਨਿਭਾਅ ਰਹੇ ਸ. ਮੁਖਤਿਆਰ ਸਿੰਘ ਨੂੰ ਅੱਜ ਸੇਵਾ ਮੁਕਤ ਹੋਣ 'ਤੇ ਨਿੱਘੀ ਵਿਦਾਇਗੀ ਦਿੱਤੀ ਗਈ। ਇਸ ਮੌਕੇ ਸ਼੍ਰੋਮਣੀ ਕਮੇਟੀ ਸਕੱਤਰ ਸ. ਮਨਜੀਤ ਸਿੰਘ, ਵਧੀਕ ਸਕੱਤਰ ਸ. ਦਿਲਜੀਤ ਸਿੰਘ ਬੇਦੀ ਤੇ ਸ. ਬਲਵਿੰਦਰ ਸਿੰਘ ਜੌੜਾ ਸਿੰਘ ਵੱਲੋਂ ਸ. ਮੁਖਤਿਆਰ ਸਿੰਘ ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਤਸਵੀਰ, ਸ੍ਰੀ ਸਾਹਿਬ, ਸਿਰੋਪਾਓ ਤੇ ਲੋਈ ਦੇ ਕੇ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਸ. ਮਨਜੀਤ ਸਿੰਘ, ਸ. ਦਿਲਜੀਤ ਸਿੰਘ ਬੇਦੀ ਤੇ ਸ. ਬਲਵਿੰਦਰ ਸਿੰਘ ਜੌੜਾ ਸਿੰਘਾ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਸ. ਮੁਖਤਿਆਰ ਸਿੰਘ ਨੇ ਸ਼੍ਰੋਮਣੀ ਕਮੇਟੀ ਵਿਖੇ ਸਮਰਪਣ ਭਾਵਨਾ ਨਾਲ ਸੇਵਾ ਕੀਤੀ ਹੈ। ਇਸ ਸੰਸਥਾ ਵਿਚ ਸੇਵਾ ਕਰਨ ਦਾ ਮੌਕਾ ਗੁਰੂ ਸਾਹਿਬ ਦੀ ਕਿਰਪਾ ਸਦਕਾ ਹੀ ਪ੍ਰਾਪਤ ਹੁੰਦਾ ਹੈ ਅਤੇ ਵਧੀਆ ਸੇਵਾਵਾਂ ਨਿਭਾਉਣ ਵਾਲੇ ਮੁਲਾਜ਼ਮਾਂ ਨੂੰ ਹਮੇਸ਼ਾ ਯਾਦ ਰੱਖਿਆ ਜਾਂਦਾ ਹੈ। ਉਹ ਇਕ ਇਮਾਨਦਾਰ ਤੇ ਮਿਲਣਸਾਰ ਮੁਲਾਜ਼ਮ ਵਜੋਂ ਜਾਣੇ ਜਾਂਦੇ ਹਨ। ਉਨ੍ਹਾਂ ਸ. ਮੁਖਤਿਆਰ ਸਿੰਘ ਨੂੰ ਚੰਗੇ ਭਵਿੱਖ ਲਈ ਸ਼ੁਭਕਾਮਨਾਵਾਂ ਵੀ ਭੇਟ ਕੀਤੀਆਂ।

ਇਸ ਮੌਕੇ ਸ਼੍ਰੋਮਣੀ ਕਮੇਟੀ ਸਕੱਤਰ ਸ. ਮਨਜੀਤ ਸਿੰਘ, ਵਧੀਕ ਸਕੱਤਰ ਸ. ਦਿਲਜੀਤ ਸਿੰਘ ਬੇਦੀ ਤੇ ਸ.

ਬਲਵਿੰਦਰ ਸਿੰਘ ਜੌੜਾਸਿੰਘਾ, ਮੀਤ ਸਕੱਤਰ ਸ. ਕੁਲਵਿੰਦਰ ਸਿੰਘ ਰਮਦਾਸ ਤੇ ਸ. ਮਹਿੰਦਰ ਸਿੰਘ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ. ਸੁਲੱਖਣ ਸਿੰਘ ਭੰਗਾਲੀ, ਸੁਪ੍ਰਿੰਟੈਂਡੈਂਟ ਸ. ਸਤਨਾਮ ਸਿੰਘ, ਇੰਚਾਰਜ ਸ. ਪਲਵਿੰਦਰ ਸਿੰਘ, ਸ. ਭੁਪਿੰਦਰ ਸਿੰਘ ਤੇ ਸ. ਕਰਨਜੀਤ ਸਿੰਘ ਤੋਂ ਇਲਾਵਾ ਸ. ਮੁਖਤਿਆਰ ਸਿੰਘ ਦੇ ਪਰਿਵਾਰਕ ਮੈਂਬਰ ਵੀ ਹਾਜ਼ਰ ਸਨ। ੩੦ ਦਸੰਬਰ

## ਡਾ. ਦਲਜੀਤ ਸਿੰਘ ਦੇ ਅਕਾਲ ਚਲਾਣੇ ਕਰ ਜਾਣ 'ਤੇ ਭਾਈ ਗੋਬਿੰਦ ਸਿੰਘ ਲੌਂਗੋਵਾਲ ਤੇ ਡਾ. ਰੂਪ ਸਿੰਘ ਨੇ ਅਫ਼ਸੋਸ ਪ੍ਰਗਟਾਇਆ

ਅੰਮ੍ਰਿਤਸਰ, -ਗੁਰਬਾਣੀ ਦੇ ਵਿਆਖਿਆਕਾਰ ਵਜੋਂ ਸਿੱਖ ਜਗਤ ਅੰਦਰ ਵਿਸ਼ੇਸ਼ ਸਨਮਾਨ ਰੱਖਦੇ ਪ੍ਰੋ. ਸਾਹਿਬ ਸਿੰਘ ਦੇ ਸਪੁੱਤਰ ਅਤੇ ਅੱਖਾਂ ਦੇ ਪ੍ਰਸਿੱਧ ਸਰਜਨ ਡਾ. ਦਲਜੀਤ ਸਿੰਘ ਦੇ ਅਕਾਲ ਚਲਾਣਾ ਕਰ ਜਾਣ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਅਤੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਡੂੰਘੇ ਅਫ਼ਸੋਸ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਕਿਹਾ ਕਿ ਡਾ. ਦਲਜੀਤ ਸਿੰਘ ਨੇ ਜਿਥੇ ਅੱਖਾਂ ਦੇ ਡਾਕਟਰ ਵਜੋਂ ਬੇਅੰਤ ਨਾਮ ਕਮਾਇਆ, ਉਥੇ ਹੀ ਉਹ ਆਪਣੀਆਂ ਲਿਖਤਾਂ ਰਾਹੀਂ ਸਮਾਜ ਨੂੰ ਸੇਧ ਵੀ ਦਿੰਦੇ ਰਹੇ। ਉਨ੍ਹਾਂ ਨੇ ਆਪਣੇ ਪਿਤਾ ਪ੍ਰੋ. ਸਾਹਿਬ ਸਿੰਘ ਤੋਂ ਚੰਗੇ ਜੀਵਨ ਸੰਸਕਾਰ ਪ੍ਰਾਪਤ ਕਰ ਕੇ ਲੋਕ ਭਲਾਈ ਦੇ ਕਾਰਜਾਂ ਨੂੰ ਅਪਨਾਇਆ। ਡਾ. ਦਲਜੀਤ ਸਿੰਘ ਨੇ ਅੱਖਾਂ ਦੇ ਸਰਜਨ ਵਜੋਂ ਕਾਰਜਸ਼ੀਲ ਰਹਿੰਦਿਆਂ ਬੇਅੰਤ ਲੋਕਾਂ ਨੂੰ ਨਵੀਂ ਰੌਸ਼ਨੀ ਦਿੱਤੀ ਅਤੇ ਇਸ ਖੇਤਰ ਵਿਚ ਸਿਖ਼ਰ ਮੁਕਾਮ ਹਾਸਲ ਕੀਤਾ।

ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਅਤੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਡਾ. ਦਲਜੀਤ ਸਿੰਘ ਦੇ ਪਰਿਵਾਰ ਨਾਲ ਦੁਖ ਸਾਂਝਾ ਕੀਤਾ ਹੈ। ੨੭ ਦਸੰਬਰ

## ਪਾਠਕਾਂ ਦੇ ਧਿਆਨ ਯੋਗ

ਆਪ ਜੀ ਦਾ ਹਰਮਨ ਪਿਆਰਾ ਮਾਸਿਕ ਪਰਚਾ 'ਗੁਰਦੁਆਰਾ ਗਜ਼ਟ' ਨਿਰੰਤਰ ਆਪ ਦੀ ਸੇਵਾ ਵਿਚ ਭੇਜਿਆ ਜਾ ਰਿਹਾ ਹੈ। ਵਧੀਆ ਕਾਗਜ਼ ਤੇ ਰੰਗਦਾਰ ਛਪਾਈ ਕਾਰਨ ਇਸ 'ਤੇ ਕਾਫ਼ੀ ਖਰਚ ਆਉਂਦਾ ਹੈ। ਇਹ ਸਭ ਆਪ ਜੀ ਵੱਲੋਂ ਭੇਜੀ ਜਾਣ ਵਾਲੀ ਯਥਾ-ਸ਼ਕਤਿ ਮਾਇਆ ਨਾਲ ਹੀ ਸੰਭਵ ਹੈ। ਜਿਨ੍ਹਾਂ ਪਾਠਕ ਵੀਰਾਂ ਦੀ ਸਾਲਾਨਾ ਸਹਾਇਤਾ (ਮਾਇਆ) ਸਮਾਪਤ ਹੋ ਚੁੱਕੀ ਹੈ, ਉਨ੍ਹਾਂ ਨੂੰ ਸਨਿਮਰ ਬੇਨਤੀ ਹੈ ਕਿ ਸਹਾਇਤਾ ਭੇਜਣ/ਜਮ੍ਹਾਂ ਕਰਾਉਣ ਦੀ ਖੇਚਲ ਕਰਨ।

*ਸਹਾਇਤਾ ਬੈਂਕ ਡਰਾਫਟ ਜਾਂ ਮਨੀਆਰਡਰ ਰਾਹੀਂ **ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ** ਦੇ ਪਤੇ 'ਪੁਰ ਭੇਜੀ ਜਾ ਸਕਦੀ ਹੈ। ਇਸ ਤੋਂ ਇਲਾਵਾ ਦਫ਼ਤਰ ਵਿਖੇ ਖਜ਼ਾਨਚੀ ਅਤੇ ਸ੍ਰੀ ਦਰਬਾਰ ਸਾਹਿਬ ਦੇ ਗੁਰਮਤਿ ਲਿਟਰੇਚਰ ਹਾਊਸ 'ਤੇ ਨਕਦ ਵੀ ਜਮ੍ਹਾਂ ਕਰਵਾਈ ਜਾ ਸਕਦੀ ਹੈ। **-ਸੰਪਾਦਕ**

ਹਿਸਾਬ-ਕਿਤਾਬ

ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ॥

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

## ਚਿੱਠਾ ਆਮਦਨ/ਖਰਚ ਧਰਮ ਪ੍ਰਚਾਰ ਕਮੇਟੀ, ਮਹੀਨਾ ਮਾਰਚ ੨੦੧੭

| ਸੀ: ਨੰ: | ਨਾਮ ਖਾਤਾ | ਪੰਨਾ | ਨਾਮ | ਜਮ੍ਹਾਂ |
|---|---|---|---|---|
| ੧ | ਧਾਰਮਿਕ ਫੰਡ ੮੫ | ੩੦ | ੦.੦੦ | ੧੨੩੮੭੦੬੫੨.੦੦ |
| ੨ | ਧਾਰਮਿਕ ਫੰਡ ੮੭ | ੫੩ | ੦.੦੦ | ੩੨੬੬੧੪੬.੧੦ |
| ੩ | ਪ੍ਰਚਾਰ ਸਹਾਇਤਾ | ੪੯੨ | ੦.੦੦ | ੬੧੧੪੪੯.੯੦ |
| ੪ | ਕਿਰਾਇਆ ਕਮਰੇ | | | |
| | ਸ੍ਰੀ ਗੁਰੂ ਰਾਮਦਾਸ ਨਿਵਾਸ, ਕੁਰੂਕਸ਼ੇਤਰ | ੮੮ | ੦.੦੦ | ੪੫੭੧੦੦.੦੦ |
| ੫ | ਲਿਟਰੇਚਰ ਭੇਟਾ ਰਹਿਤ ਡਾਇਰੀਆਂ, ਕੈਲੰਡਰ, | | | |
| | ਸੇਵਾਫਲ ਖਰੜੇ ਆਦਿ (ਛਪਾਈ ਤੇ ਖ੍ਰੀਦ) | ੯੭ | ੧੬੭੪੭੦੩.੦੦ | ੦.੦੦ |
| ੬ | ਲਿਟਰੇਚਰ ਫੁੱਟਕਲ | ੧੦੫ | ੬੧੫.੦੦ | ੦.੦੦ |
| ੭ | ਧਾਰਮਿਕ ਪ੍ਰੀਖਿਆ ਵਜੀਫੇ | ੧੪੮ | ੧੬੭੩੧੯੫.੦੦ | ੧੪੬੮੫.੦੦ |
| ੮ | ਪੱਤਰ ਵਿਹਾਰ ਕੋਰਸ ਤੇ ਖੋਜ ਕੇਦਰ | ੧੮੫ | ੫੧੬੧੭੮.੦੦ | ੬੩੦੦.੦੦ |
| ੯ | ਧਰਮ ਤੇ ਅੰਮ੍ਰਿਤ ਪ੍ਰਚਾਰ | ੨੦੯ | ੬੫੧੯੩੫.੦੦ | ੭੧੧੫੪.੦੦ |
| ੧੦ | ਗੁਰਦੁਆਰਾ ਗਜ਼ਟ ਦਾ ਹਿੱਸਾ | ੨੧੭ | ੧੨੦੩੪੪.੦੦ | ੦.੦੦ |
| ੧੧ | ਗੁਰਮਤਿ ਪ੍ਰਕਾਸ਼ (ਪੰਜਾਬੀ ਮਾਸਿਕ ਪੱਤਰ) | ੨੬੧ | ੧੯੦੨੨੪੧.੦੦ | ੫੬੨੦੭੦.੦੦ |
| ੧੨ | ਗੁਰਮਤਿ ਗਿਆਨ ਹਿੰਦੀ | ੨੯੪ | ੪੮੮੨੫੭.੦੦ | ੪੫੭੮੧.੦੦ |
| ੧੩ | ਆਡਿਟ ਫੀਸ ਅਤੇ ਇੰਟਰਨਲ ਆਡਿਟ ਫੀਸ | ੨੮੯ | ੬੫੧੬੬੭.੦੦ | ੦.੦੦ |
| ੧੪ | ਸਟੇਸ਼ਨਰੀ ਛਪਾਈ | ੨੯੩ | ੨੧੫੩੯੨.੦੦ | ੦.੦੦ |
| ੧੫ | ਤਨਖਾਹ ਸਟਾਫ ਦਫਤਰ | ੩੦੦ | ੩੫੮੧੨੯੮.੦੦ | ੦.੦੦ |
| ੧੬ | ਤਨਖਾਹ ਸਟਾਫ ਲਿਟਰੇਚਰ ਅਤੇ ਕਮਿਸ਼ਨ ਆਦਿ | ੩੦੯ | ੬੨੦੧੨੦.੦੦ | ੦.੦੦ |
| ੧੭ | ਤਨਖਾਹ ਤੇ ਸਫਰ ਖਰਚ ਅਲਾਊਂਸ ਡਰਾਈਵਰਜ਼ | ੩੧੯ | ੭੬੧੦੨੩.੦੦ | ੦.੦੦ |
| ੧੮ | ਤਨਖਾਹ ਧਾਰਮਿਕ ਟੀਚਰ | ੩੨੪ | ੬੩੮੬੪੬.੦੦ | ੦.੦੦ |
| ੧੯ | ਡਾਕ ਤੇ ਤਾਰ ਖਰਚ | ੩੩੧ | ੧੦੧੪੪.੦੦ | ੦.੦੦ |

| | | | |
|---|---|---|---|
| ੨੦ ਫਿਲਮਾਂ ਰਾਹੀਂ ਪ੍ਰਚਾਰ | | | |
| (ਤਨਖਾਹ ਫਿਲਮ ਉਪਰੇ:,ਮੁਰੰ: ਤੇ ਸ:ਖ: ਆਦਿ) | ੩੫੨ | ੨੧੭੫੬੭.੦੦ | ੦.੦੦ |
| ੨੧ ਖਰਚ ਗੱਡੀਆਂ (ਤੇਲ ਤੇ ਮੁਰੰਮਤਾਂ) | ੩੭੬ | ੧੪੪੪੭੦.੦੦ | ੧੧੧੧੯੨.੦੦ |
| ੨੨ ਮੁਕੱਦਮੇ | ੩੮੧ | ੪੬੧੬੯੫.੦੦ | ੦.੦੦ |
| ੨੩ ਟੈਲੀਫੋਨ | ੩੯੯ | ੮੮੪੧੮.੦੦ | ੦.੦੦ |
| ੨੪ ਮੁਰੰਮਤ ਸਮਾਨ ਦਫਤਰ | ੪੦੮ | ੮੦੦੦.੦੦ | ੦.੦੦ |
| ੨੫ ਐਂਟਰਟੇਨਮੈਂਟ | ੪੧੮ | ੨੪੫੦੩.੦੦ | ੦.੦੦ |
| ੨੬ ਵਰਦੀਆਂ ਮੁਲਾਜਮਾਂ | ੪੨੫ | ੭੭੪੬੦.੦੦ | ੫੧੮੪.੦੦ |
| ੨੭ ਸਫਰ ਖਰਚ ਮੁਲਾਜਮਾਂ | ੪੪੧ | ੧੩੩੧੦.੦੦ | ੦.੦੦ |
| ੨੮ ਫੁਟਕਲ ਦਫਤਰ ਤੇ ਰੋਸ਼ਨੀ | ੪੫੮ | ੩੮੫੬੯.੦੦ | ੫੦੦੦.੦੦ |
| ੨੯ ਬੀਮਾ ਗੱਡੀਆਂ ਤੇ ਕੈਸ਼ | ੪੭੮ | ੯੫੩੧.੦੦ | ੦.੦੦ |
| ੩੦ ਬੀਮਾ ਮੈਂਬਰ ਸਾਹਿਬਾਨ ਤੇ ਮੁਲਾਜਮਾਂ | ੫੦੨ | ੦.੦੦ | ੪੫੮.੦੦ |
| ੩੧ ਬੀਮਾਂ ਪੇਸ਼ਗੀ ਮੁਲਾਜਮਾਂ ਐਕਸੀਡੈਂਟਲ | ੫੦੯ | ੦.੦੦ | ੧੭੦੧.੦੦ |
| ੩੨ ਬੀਮਾਂ ਪੇਸ਼ਗੀ ਮੁਲਾਜਮਾਂ ਮੈਡੀਕਲੇਮ | ੫੨੦ | ੦.੦੦ | ੫੯੪੪੯.੦੦ |
| ੩੩ ਸ਼ਤਾਬਦੀਆਂ ਸਮਾਰੋਹ | ੯੬੯ | ੧੧੬੫੧੦੦.੦੦ | ੨੦੨੭੫੦.੦੦ |
| ੩੪ ਐਡਵਰਟਾਈਜਮੈਂਟ | ੫੭੪ | ੨੮੦੭੯੬.੦੦ | ੦.੦੦ |
| ੩੫ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਅਤ | | | |
| ਸੰਤ ਫਤਹਿ ਸਿੰਘ ਸੰਤ ਚੰਨਣ ਸਿੰਘ ਬੁੱਢਾ ਜੋਹੜ | ੫੯੨ | ੭੪੨੫੯੨.੦੦ | ੧੪੮੪੩.੦੦ |
| ੩੬ ਗੁਰੂ ਕਾਸ਼ੀ ਗੁ: ਇੰਸ: ਤਲਵੰਡੀ ਸਾਬੋ ਕੀ (ਬਠਿੰਡਾ) | ੬੦੪ | ੪੪੩੫੬੪.੦੦ | ੧੦੫੨੬.੦੦ |
| ੩੭ ਭਾਈ ਗੁਰਦਾਸ ਵਿਦਿਆਲਾ ਜੁਬਲੀ | | | |
| ਧਰਮਸ਼ਾਲਾ ਫਿਰੋਜਪੁਰ | ੬੧੬ | ੯੫੯੦੯.੦੦ | ੦.੦੦ |
| ੩੮ ਗੁਰਮਤਿ ਸੰਗੀਤ ਅਕੈਡਮੀ (ਸ੍ਰੀ ਅਨੰਦਪੁਰ ਸਾਹਿਬ) | ੬੨੬ | ੩੦੭੧੮੧.੦੦ | ੦.੦੦ |
| ੩੯ ਗੁਰ:ਸੰਗੀਤ ਵਿਦਿਆਲੇ:(ਬਾਦੀਆਂ,ਮੁਕਤਸਰ ਸਾਹਿਬ, | | | |
| ਭੂਰਾ ਕੋਹਨਾ ,ਕਾਲਾਮਾਲਾ ਸੰਗਰੂਰ ) ਤਨ:,ਸ:ਖ: ਤੇ | | | |
| ਫੁਟ:ਆਦਿ | ੬੪੧ | ੩੭੭੧੯੮.੦੦ | ੦.੦੦ |
| ੪੦ ਗੁਰਮਤਿ ਕਾਲਜ (ਸੁਲਤਾਨਪੁਰ ਲੋਧੀ, | | | |
| ਬਾਬਾ ਦੀਪ ਸਿੰਘ ਬਰਨਾਲਾ ਤੇ ਡੇਰਾ ਬਾਬਾ ਨਾਨਕ , | | | |

| | | | | |
|---|---|---|---|---|
| | ਭਾਈ ਗੁਰਦਾਸ ਵਿਦਿ:ਆਲਮਗੀਰ) | | | |
| | ਤਨਖਾਹਾਂ,ਸਫਰ ਖਰਚ ਤੇ ਫੁਟਕਲ ਆਦਿ | ੬੬੫ | ੪੬੭੧੪੯.੦੦ | ੬੦੫.੦੦ |
| ੪੧ | ਬੇਬੇ ਨਾਨਕੀ ਗੁਰਮਤਿ ਸੰਗੀਤ ਅਕੈਡਮੀ ਸ੍ਰੀ ਅੰਮ੍ਰਿਤਸਰ | ੬੭੪ | ੪੪੯੨੮.੦੦ | ੦.੦੦ |
| ੪੨ | ਜਥੇ:ਗੁਰਚਰਨ ਸਿੰਘ ਟੌਹੜਾ ਇੰਸੀ: ਆਫ ਐਡਵਾਂਸ ਸਿੱਖ ਸਟੱਡੀਜ, (ਤਨਖਾਹਾਂ, ਆਨਰੇਰੀਅਮ ਤੇ ਫੁਟਕਲ ਆਦਿ) | ੬੯੧ | ੬੯੧੩੦੯.੦੦ | ੧੩੭੬੭.੦੦ |
| ੪੩ | ਤਨਖਾਹ ਪ੍ਰਚਾਰਕ, ਢਾਡੀ ਤੇ ਕਵੀਸ਼ਰ ਸਾਹਿਬਾਨ ਪੰਜਾਬ ਪ੍ਰਚਾਰ | ੭੦੯ | ੪੯੯੦੫੮੧.੦੦ | ੮੧੯੨੫.੦੦ |
| ੪੪ | ਸਫਰ ਖਰਚ ਪ੍ਰਚਾਰਕ, ਢਾਡੀ ਤੇ ਕਵੀਸ਼ਰ ਸਾਹਿਬਾਨ ਪੰਜਾਬ ਪ੍ਰਚਾਰ | ੭੨੭ | ੨੬੫੨੪੭.੦੦ | ੧੩੭੮.੦੦ |
| ੪੫ | ਦੀਵਾਨ ਮੇਲੇ ਤੇ ਕੈਂਪਸ ਪੰਜਾਬ ਪ੍ਰਚਾਰ, ਨਸ਼ਾ ਮੁਕਤੀ ਮੁਹਿੰਮ ਅਤੇ ਗੁਰਮਤਿ ਦਸਤਾਰ ਸਮਾਗਮ | ੭੯੦ | ੧੨੯੧੬੧੨੨.੦੦ | ੦.੦੦ |
| ੪੬ | ਫੁਟਕਲ ਖਰਚ ਪੰਜਾਬ ਪ੍ਰਚਾਰ | ੭੬੩ | ੦.੦੦ | ੧੦੦੦੦.੦੦ |
| ੪੭ | ਸਟਾਕ ਲਿਟਰੇਚਰ, ਡਾਇਰੀ, ਕੈਲੰਡਰ ਆਦਿ (ਛਪਾਈ) ਪੂੰਜੀਗਤ ਖਰਚੇ | ੭੮੪ | ੬੫੧੦੨੬.੦੦ | ੧੩੦੫੭੫੫.੨੫ |
| ੪੮ | ਵਸੂਲਣ ਯੋਗ ਲਿਟਰੇਚਰ ਬਿੱਲ | ੭੯੩ | ੪੮੩੭੫.੦੦ | ੦.੦੦ |
| ੪੯ | ਸਟਾਕ ਸਿਰਪਾਉ | ੭੯੭ | ੦.੦੦ | ੧੮੭੧੦੩.੦੦ |
| ੫੦ | ਇਮਾਰਤ ਦਫਤਰ ਧਰਮ ਪ੍ਰਚਾਰ ਕਮੇਟੀ (ਸੀਮਿੰਟ) | ੮੧੨ | ੧੨੩੦੦੦.੦੦ | ੦.੦੦ |
| ੫੧ | ਇਮਾਰਤ ਦਫਤਰ ਧਰਮ ਪ੍ਰਚਾਰ ਕਮੇਟੀ | ੮੨੦ | ੨੦੦੦.੦੦ | ੦.੦੦ |
| ੫੨ | ਇਮਾਰਤ ਗੁ: ਇੰਸ: ਤਲਵੰਡੀ ਸਾਬੋ ਕੀ (ਬਠਿੰਡਾ) (ਸੀਮਿੰਟ) | ੮੨੪ | ੪੯੫੦੦.੦੦ | ੦.੦੦ |
| ੫੩ | ਇਮਾਰਤ ਜਥੇ:ਗੁਰਚਰਨ ਸਿੰਘ ਟੌਹੜਾ ਇੰਸੀ: ਬਹਾਦਰਗੜ੍ਹ ਪਟਿਆਲਾ (ਸੀਮਿੰਟ)) | ੮੪੦ | ੨੪੬੦੦੦.੦੦ | ੦.੦੦ |
| ੫੪ | ਇਮਾਰਤ ਜਥੇ:ਗੁਰਚਰਨ ਸਿੰਘ ਟੌਹੜਾ ਇੰਸੀ: ਬਹਾਦਰਗੜ੍ਹ ਪਟਿਆਲਾ (ਠੇਕੇਦਾਰਾ) | ੮੪੨ | ੨੦੦੦.੦੦ | ੦.੦੦ |
| ੫੫ | ਸਮਾਨ ਦਫਤਰ ਉਤਰਾਖੰਡ ਮਿਸ਼ਨ | ੮੮੦ | ੧੩੧੭੮.੦੦ | ੦.੦੦ |

| | | | |
|---|---|---|---|
| ੫੬ ਸਮਾਨ ਦਫਤਰ ਧਰਮ ਪ੍ਰਚਾਰ | ੮੯੯ | ੭੨੦੦.੦੦ | ੦.੦੦ |
| ੫੭ ਸਮਾਨ ਜਥੇ:ਗੁਰਚਰਨ ਸਿੰਘ ਟੌਹੜਾ ਇੰਸੀ: ਬਹਾਦਰਗੜ੍ਹ ਪਟਿਆਲਾ | ੯੫੦ | ੧੧੦੫੧੫੧.੦੦ | ੦.੦੦ |
| ੫੮ ਸਮਾਨ ਦਫਤਰ ਯੂ.ਪੀ, ਮੱਧ ਪ੍ਰਦੇਸ਼., ਦਿੱਲੀ ਅਤੇ ਸਿੱਖ ਮਿਸ਼ਨ ਹਾਪੁੜ | ੯੦੮ | ੨੫੨੩੬.੦੦ | ੦.੦੦ |
| ੫੯ ਸਮਾਨ ਗੁਰ: ਟ੍ਰੇਨਿੰਗ ਕਾਲਜ ਡੇਰਾ ਬਾਬਾ ਨਾਨਕ) | ੯੧੮ | ੧੭੨੫੦.੦੦ | ੨੦੭੦.੦੦ |
| ੬੦ ਸਮਾਨ ਸਬ ਆਫਿਸ ਤਲਵੰਡੀ ਸਾਬੋ ਕੀ ਬਠਿੰਡਾ | ੯੧੯ | ੧੭੦੦.੦੦ | ੦.੦੦ |
| ੬੧ ਸਮਾਨ ਗੁਰਮਤਿ ਸੰ: ਵਿਦਿਆਲਾ ਆਲਮਗੀਰ | ੯੨੩ | ੨੩੩੦੦.੦੦ | ੦.੦੦ |
| ੬੨ ਕਿਤਾਬਾਂ ਜਥੇ:ਗੁਰਚਰਨ ਸਿੰਘ ਟੌਹੜਾ ਇੰਸਟੀ: ਬਹਾਦਰਗੜ੍ਹ,ਪਟਿਆਲਾ | ੯੨੭ | ੮੭੮.੦੦ | ੦.੦੦ |
| ੬੩ ਕਰਜਾ ਗੋਲਡਨ ਆਫਸਟ ਪ੍ਰੈਸ ਰਾਮਸਰ | ੯੩੬ | ੦.੦੦ | ੪੦੦੦੦੦.੦੦ |
| ੬੪ ਕਰਜਾ ਸ੍ਰੀ ਗੁਰੂ ਰਾਮਦਾਸ ਚੈਰੀਟੇਬਲ ਹਸਪਤਾਲ ਟਰੱਸਟ, ਸ੍ਰੀ ਅੰਮ੍ਰਿਤਸਰ | ੯੩੮ | ੦.੦੦ | ੫੦੦੦੦੦੦.੦੦ |
| ੬੫ ਤਨਖਾਹ ਤੇ ਸਫਰ ਖਰਚ ਸਟਾਫ਼ ਹਰਿਆਣਾ ਸਿੱਖ ਮਿਸ਼ਨ, ਕੁਰੂਕਸ਼ੇਤਰ | ੧੦੦੬ | ੩੭੭੧੮੧.੦੦ | ੦.੦੦ |
| ੬੬ ਫੁਟਕਲ ਦਫ਼ਤਰ ਹਰਿਆਣਾ ਸਿੱਖ ਮਿਸ਼ਨ | ੧੦੧੨ | ੭੬੫੭੩.੦੦ | ੪੩੦.੯੭ |
| ੬੭ ਦੀਵਾਨ, ਮੇਲੇ, ਕੈਂਪਸ ਤੇ ਫਿਲਮਾਂ ਰਾਹੀਂ ਪ੍ਰਚਾਰ ਹਰਿਆਣਾ ਸਿੱਖ ਮਿਸ਼ਨ | ੧੦੨੬ | ੫੭੨੯੦੨.੦੦ | ੦.੦੦ |
| ੬੮ ਮੁਕੱਦਮੇ ਹਰਿਆਣਾ ਸਿੱਖ ਮਿਸ਼ਨ | ੧੦੩੧ | ੯੦੦੦.੦੦ | ੦.੦੦ |
| ੬੯ ਗੁਰ:ਵਿਦਿਆਲਾ ਸ਼ੇਖੂਪੁਰਾ ਮੰਜੂਰੀ,ਕਰਨਾਲ ਤਨ:,ਵਜੀ:,ਸ:ਖਰਚ ਤੇ ਫੁਟ: | ੧੦੪੨ | ੧੧੯੪੫੪.੦੦ | ੦.੦੦ |
| ੭੦ ਤਨਖਾਹ ਤੇ ਸਫ਼ਰ ਖਰਚ ਸਟਾਫ਼ (ਰੋਸ਼ਨੀ,ਬਿੱਲ ਅਤੇ ਫੁਟਕਲ ਆਦਿ) ਹਿਮਾਚਲ ਪ੍ਰਦੇਸ਼ ਸਿੱਖ ਮਿਸ਼ਨ (ਗੁ: ਪਲਾਹ ਸਾਹਿਬ, (ਊਨਾ) | ੧੦੫੧ | ੧੨੦੭੧੫.੦੦ | ੦.੦੦ |
| ੭੧ ਤਨਖਾਹ ਤੇ ਸਫ਼ਰ ਖਰਚ ਸਟਾਫ਼ (ਰੋਸ਼ਨੀ,ਬਿੱਲ ਅਤੇ ਫੁਟਕਲ ਆਦਿ) ਰਾਜਿਸਥਾਨ ਸਿੱਖ ਮਿਸ਼ਨ (ਬੁਢਾ ਜੌਹੜ) | ੧੦੬੧ | ੩੯੨੬੩.੦੦ | ੦.੦੦ |

| | | | |
|---|---|---|---|
| ੭੨ ਤਨ:ਸਫਰ ਖਰਚ ਸਟਾਫ਼ | | | |
| ਯੂ:ਪੀ:,ਦਿੱਲੀ ਅਤੇ ਮੱਧ ਪ੍ਰਦੇਸ਼ ਮਿਸ਼ਨ | ੧੦੭੪ | ੧੦੩੫੧੬੯.੦੦ | ੦.੦੦ |
| ੭੩ ਦੀਵਾਨ,ਮੇਲੇ,ਕੈਂਪਸ, ਫਿਲਮਾਂ ਰਾਹੀਂ ਪ੍ਰਚਾਰ | | | |
| ਅਤੇ ਗੁਰਮਤਿ ਦਸਤਾਰ ਸਮਾਗਮ,ਖਰਚ ਗੱਡੀਆਂ | | | |
| ਯੂ:ਪੀ:, ਦਿੱਲੀ ਅਤੇ ਮੱਧ ਪ੍ਰਦੇਸ਼ ਸਿੱਖ ਮਿਸ਼ਨ | ੧੦੮੫ | ੧੯੬੨੨੫.੦੦ | ੦.੦੦ |
| ੭੪ ਮੁਕੱਦਮੇ ਯੂ:ਪੀ:, ਦਿੱਲੀ ਅਤੇ ਮੱਧ ਪ੍ਰਦੇਸ਼ | | | |
| ਸਿੱਖ ਮਿਸ਼ਨ | ੧੦੮੯ | ੧੨੦੦੦.੦੦ | ੦.੦੦ |
| ੭੫ ਟੈਕਸਿਸ ਹਾਊਸ ਤੇ ਪਾਣੀ ਅਤੇ ਬਿੱਲ ਬਿਜਲੀ | | | |
| ਮੁਰੰਮਤ ਸਮਾਨ ਯੂ:ਪੀ:, ਦਿੱਲੀ ਅਤੇ ਮੱਧ ਪ੍ਰਦੇਸ਼ | | | |
| ਸਿੱਖ ਮਿਸ਼ਨ | ੧੦੯੮ | ੬੩੫੧੬.੦੦ | ੦.੦੦ |
| ੭੬ ਫੁੱਟਕਲ ਦਫ਼ਤਰ ਯੂ:ਪੀ:, ਦਿੱਲੀ ਅਤੇ | | | |
| ਮੱਧ ਪ੍ਰਦੇਸ਼ ਸਿੱਖ ਮਿਸ਼ਨ | ੧੧੦੪ | ੨੫੬੯.੦੦ | ੦.੦੦ |
| ੭੭ ਸ੍ਰੀ ਗੁਰੂ ਰਾਮ ਦਾਸ ਜੀ ਗੁਰਮਤਿ ਵਿਦਿਆਲਾ | | | |
| ਸ਼ਾਹਜਹਾਨਪੁਰ ਯੂ.ਪੀ | ੧੧੧੪ | ੧੩੫੭੦੩.੦੦ | ੦.੦੦ |
| ੭੮ ਗੁਰਦੁਆਰਾ ਗੁਰੂ ਨਾਨਕ ਦਰਬਾਰ ਯੂ:ਪੀ: | ੧੧੨੪ | ੯੦੨੪੫.੦੦ | ੧੭੯੧੩੧.੦੦ |
| ੭੯ ਗੁਰ: ਸਾਹਿਬਾਨ ਨੱਕਾ ਕੂਆਂ, ਸੰਤ ਸਭਾ ਨਗੀਨਾ, | | | |
| ਬ੍ਰਿੰਦਾਬਨ,ਗੜ੍ਹਮੁਕਤੇਸਰ ਯੂ:ਪੀ: | ੧੧੩੩ | ੫੭੩੦੮.੦੦ | ੧੦੨੩੯੧.੦੦ |
| ੮੦ ਸੰਗੀਤ ਵਿਦਿਆਲਾ ਬਗੜੀ ਗਜਰੋਲਾ ਯੂ:ਪੀ: | ੧੧੩੮ | ੧੩੭੯੫.੦੦ | ੮੯੯੫.੦੦ |
| ੮੧ ਗੁਰਦੁਆਰਾ ਸਾਹਿਬਾਨ ਪਿੰਡ ਸਾਦੂਲਾਪੁਰ | | | |
| (ਲੋਧੀ ਕੋਠੀ) ਯੂ:ਪੀ: | ੧੧੪੨ | ੦.੦੦ | ੫੦੧੪.੦੦ |
| ੮੨ ਤਨਖਾਹ ਤੇ ਸਫ਼ਰ ਖ਼ਰਚ ਸਟਾਫ਼ ਪੂਰਬੀ ਭਾਰਤ | | | |
| ਸਿਖ ਮਿਸ਼ਨ (ਕਲਕੱਤਾ) ਅਤੇ ਉੜੀਸਾ ਮਿਸ਼ਨ | | | |
| (ਬਿੱਲ ਫੁਟਕਲ ਆਦਿ) ਅਹਿਮਦਾਬਾਦ ,ਗੁਜਰਾਤ | ੧੧੫੫ | ੪੬੭੫੭.੦੦ | ੦.੦੦ |
| ੮੩ ਤਨ: ਤੇ ਸਫ਼ਰ ਖ਼ਰਚ ਸਟਾਫ਼ ਛਤੀਸਗੜ੍ਹ ਸ਼ਿੱਖ ਮਿਸ਼ਨ | | | |
| ਬਿੱਲ ਫੁਟਕਲ ਆਦਿ | ੧੧੬੭ | ੧੩੨੭੮੯.੦੦ | ੦.੦੦ |
| ੮੪ ਦੀਵਾਨ, ਮੇਲੇ, ਕੈਂਪਸ ਤੇ ਫ਼ਿਲਮਾਂ ਰਾਹੀਂ ਪ੍ਰਚਾਰ, | | | |
| ਗੁਰਮਤਿ ਦਸਤਾਰ ਸਮਾਗਮ ਛਤੀਸਗੜ੍ਹ ਮਿਸ਼ਨ | ੧੧੭੩ | ੧੫੭੧੦.੦੦ | ੦.੦੦ |

| | | | |
|---|---|---|---|
| ੮੫ ਗੁਰੂ ਨਾਨਕ ਦੇਵ ਗੁ:ਵਿਦਿ: ਛਤੀਸਗੜ੍ਹ ਮਿਸ਼ਨ | | | |
| (ਤਨ:ਸਫਖਰਚ ਅਤੇ ਬਿੱਲ ਆਦਿ) | ੧੧੯੨ | ੧੩੫੦੧੬.੦੦ | ੧੭੯੯੦.੦੦ |
| ੮੬ ਤਨਖਾਹ ਤੇ ਸਫ਼ਰ ਖ਼ਰਚ ਸਟਾਫ਼ | | | |
| ਜੰਮੂ ਕਸ਼ਮੀਰ ਸਿੱਖ ਮਿਸ਼ਨ | ੧੧੯੨ | ੧੨੫੯੧੧.੦੦ | ੦.੦੦ |
| ੮੭ ਦੀਵਾਨ, ਮੇਲੇ, ਕੈਂਪਸ ਤੇ ਫਿਲਮਾਂ ਰਾਹੀਂ ਪ੍ਰਚਾਰ,ਗੁਰਮਤਿ | | | |
| ਦਸਤਾਰ ਸਮਾਗਮ ਜੰਮੂ ਕਸ਼ਮੀਰ ਸਿੱਖ ਮਿਸ਼ਨ | ੧੨੦੩ | ੧੯੯੭੦.੦੦ | ੦.੦੦ |
| ੮੮ ਫੁੱਟਕਲ ਦਫ਼ਤਰ ਲੰਗਰ (ਆਉ ਭਗਤ) ਜੰਮੂ ਕਸ਼ਮੀਰ | | | |
| ਸਿੱਖ ਮਿਸ਼ਨ | ੧੨੦੮ | ੯੭੫੭.੦੦ | ੦.੦੦ |
| ੮੯ ਤਨਖਾਹ ਤੇ ਸਫ਼ਰ ਖ਼ਰਚ ਸਟਾਫ਼ ਉਤਰਾਂਚਲ | | | |
| ਸਿੱਖ ਮਿਸ਼ਨ,ਫੁਟਕਲ ਆਦਿ(ਕਾਸ਼ੀਪੁਰ) | ੧੨੧੬ | ੩੭੦੨੫੯.੦੦ | ੦.੦੦ |
| ੯੦ ਤਨਖਾਹ, ਸਫਰ ਖਰਚ ਆਦਿ ਸਿੱਖ ਮਿਸ਼ਨ,ਨੇਪਾਲ | ੧੨੩੨ | ੧੩੪੩੦.੦੦ | ੦.੦੦ |
| ੯੧ ਸਹਾਇਤਾ ਭੇਟਾ ਰਹਿਤ ਪਾਵਨ ਸਰੂਪ | ੧੨੩੩ | ੧੦੩੮੫੦.੦੦ | ੦.੦੦ |
| ੯੨ ਸਹਾਇਤਾ ਲਾਇਬ੍ਰੇਰੀਆਂ ਲਿਟਰੇਚਰ ਆਦਿ | ੧੨੪੨ | ੭੬੯੦੬੫.੨੫ | ੦.੦੦ |
| ੯੩ ਸਹਾਇਤਾ ਗੁਰਦੁਆਰਾ ਸਾਹਿਬਾਨ | ੧੨੬੫ | ੬੦੮੬੫੨.੦੦ | ੦.੦੦ |
| ੯੪ ਸਹਾਇਤਾ ਗੁਰੂ ਕਾਸ਼ੀ ਕਾਲਜ ਆਫ ਸਿੱਖ ਸਟੱਡੀਜ | | | |
| ਤਲਵੰਡੀ ਸਾਬੋ ਕੀ (ਬਠਿੰਡਾ) | ੧੨੭੮ | ੫੦੦੦੦੦.੦੦ | ੦.੦੦ |
| ੯੫ ਸਹਾਇਤਾ ਪੰਜਾਬ ਤੋਂ ਬਾਹਰਲੇ ਗੁ: ਸਾਹਿਬਾਨ | ੧੨੮੭ | ੮੭੩੭੮.੦੦ | ੦.੦੦ |
| ੯੬ ਸਹਾਇਤਾ ਧਾਰਮਿਕ ਵਿਦਿਆ ਸਕੂਲਾਂ/ਕਾਲਜਾਂ | ੧੩੦੨ | ੪੮੬੪੬.੦੦ | ੦.੦੦ |
| ੯੭ ਸਹਾਇਤਾ ਧਰਮ ਪ੍ਰਚਾਰ ਵਿਦਿਆਰਥੀ ਖੇਤਰ ਅਤੇ | | | |
| ਸਿੱਖ ਸ਼ਸ਼ਤਰ ਵਿਦਿਆ (ਗਤਕਾ) | ੧੩੨੪ | ੩੮੭੦੯੭.੦੦ | ੦.੦੦ |
| ੯੮ ਸਹਾਇਤਾ ਸਿਕਲੀਗਰ ਤੇ ਵਣਜਾਰੇ ਸਿੱਖਾਂ | ੧੩੪੮ | ੨੨੦੦੦੦.੦੦ | ੦.੦੦ |
| ੯੯ ਸਹਾਇਤਾ ਕੁਦਰਤੀ ਆਫਤਾਂ, | | | |
| ਕੈਂਸਰ ਰਲੀਫ ਫੰਡ (ਸ਼੍ਰੋ:ਗੁ:ਪ੍ਰ:ਕਮੇਟੀ ਨੂੰ) | ੧੩੬੩ | ੨੦੮੦੮.੦੦ | ੧੩੧੩.੦੦ |
| ੧੦੦ ਸਹਾਇਤਾ ਧਾਰਮਿਕ, ਪੰਥਕ ਤੇ ਸਮਾਜ ਸੇਵੀ ਸੰਸਥਾਵਾਂ, | | | |
| ਪਿੰਡਾਂ ਦੇ ਗ੍ਰੰਥੀ ਸਿੰਘਾਂ ਰਾਹੀਂ ਪ੍ਰਚਾਰ, | | | |
| ਪੰਥਕ ਵਿਦਵਾਨਾ ਨੂੰ ਸਨਮਾਨਤ | ੧੩੭੯ | ੩੦੧੬੪੪.੦੦ | ੦.੦੦ |
| ੧੦੧ ਸਹਾਇਤਾ ਮੁਫਤ ਵਿਦਿਆ ਅੰਮ੍ਰਿਤਧਾਰੀ ਵਿਦਿਆਰਥੀ | | | |

| | | | |
|---|---|---|---|
| (ਸ਼ੋ:ਗੁ:ਪ੍ਰ:ਕਮੇਟੀ ਨੂੰ) | ੧੩੯੨ | ੯੦੭੦੦੦.੦੦ | ੦.੦੦ |
| ੧੦੨ ਆਮਦਨ ਕਰ | ੧੪੪੬ | ੮੫੭੯੧੫.੦੦ | ੪੪੫੧੯੦.੦੦ |
| ੧੦੩ ਟੀ.ਡੀ.ਐਸ. (ਅਦਾਇਗੀ ਯੋਗ) | ੧੪੭੦ | ੩੧੧੩੨੩.੦੦ | ੨੨੭੯੬੬.੦੦ |
| ੧੦੪ ਸੇਲ ਟੈਕਸ | ੧੪੭੫ | ੧੧੦੭੬੫.੦੦ | ੦.੦੦ |
| ੧੦੫ ਸਹਾਇਤਾ ਬੀਬੀ ਭਾਨੀ ਕੰਨਿਆ ਨੇਤਰਹੀਣ ਵਿਦਿ: | | | |
| ਸੰਨ ਸਾਹਿਬ ਛੇਹਰਟਾ ਰੋਡ ਸ੍ਰੀ ਅੰਮ੍ਰਿਤਸਰ | ੧੪੮੬ | ੨੫੦੦੦.੦੦ | ੦.੦੦ |
| ੧੦੬ ਸਹਾਇਤਾ ਭਾਈ ਨਗਾਈਆ ਜੀ ਪਬ:ਸਕੂਲ ਫਾਰ | | | |
| ਡੈਫ, ਆਲਮਗੀਰ ਲੁਧਿਆਣਾ | ੧੪੯੦ | ੭੧੪੪੭੪.੦੦ | ੦.੦੦ |
| ੧੦੭ ਅਣਦਿੱਤੀ ਤਨਖਾਹ | ੧੫੧੨ | ੧੩੬੩੮੧.੦੦ | ੧੨੨੪੩੧.੦੦ |
| ੧੦੮ ਅਣਦਿੱਤੇ ਬਿਲਜ਼ | ੧੫੨੩ | ੧੫੬੭੬.੦੦ | ੧੦੨੮੯੮.੦੦ |
| ੧੦੯ ਅਣਦਿੱਤੇ ਬਿਲਜ਼ ਸ਼੍ਰੋਮਣੀ ਕਮੇਟੀ | | | |
| (ਗੁਰਬਾਣੀ ਤੇ ਗੁਰਮਤਿ ਲਿਟ: ਫੰਡ) | ੧੫੪੧ | ੧੪੨੧੭੪੩.੦੦ | ੧੨੦੬੮੮੫.੦੦ |
| ੧੧੦ ਅਮਾਨਤ ਕਿਰਾਇਆ ਤੇ ਬਿਜਲੀ | | | |
| ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ | ੧੫੫੮ | ੬੬੭੮੬.੦੦ | ੬੬੭੮੬.੦੦ |
| ੧੧੧ ਅਮਾਨਤ ਕਿਰਾਇਆ ਗੁ:ਸ੍ਰੀ ਫਤਹਿਗੜ੍ਹ ਸਾਹਿਬ | ੧੫੭੪ | ੨੦੩੪੨.੦੦ | ੧੭੦੦.੦੦ |
| ੧੧੨ ਅਮਾਨਤ ਕਿਰਾਇਆ ਤਖਤ ਸ੍ਰੀ ਦਮਦਮਾ ਸਾਹਿਬ | | | |
| ਤਲਵੰਡੀ ਸਾਬੋ, ਬਠਿੰਡਾ | ੧੫੮੦ | ੧੧੨੧੫੬.੦੦ | ੬੫੯੪.੦੦ |
| ੧੧੩ ਅਮਾਨਤ ਮੁਲਾਜਮਾਂ | ੧੬੧੭ | ੩੪੪੯੧.੦੦ | ੪੨੮੧੮.੦੦ |
| ੧੧੪ ਅਮਾਨਤ ਸ਼੍ਰੋਮਣੀ ਕਮੇਟੀ | ੧੬੩੫ | ੨੧੫੦੦.੦੦ | ੨੧੫੦੦.੦੦ |
| ੧੧੫ ਲੈਣ ਦੇਣ ਸ਼੍ਰੋਮਣੀ ਕਮੇਟੀ | ੧੬੪੪ | ੩੬੯੫੩.੦੦ | ੦.੦੦ |
| ੧੧੬ ਪੇਸ਼ਗੀ ਜਨਰਲ | ੧੭੧੬ | ੪੫੬੪੦੪੧.੦੦ | ੧੭੩੦੭੮੩੬.੦੦ |
| ੧੧੭ ਪੇਸ਼ਗੀ ਹਥਿਆਰ | ੧੭੨੪ | ੦.੦੦ | ੧੪੦੦.੦੦ |
| ੧੧੮ ਪੇਸ਼ਗੀ ਤਨਖਾਹ | ੧੭੭੭ | ੦.੦੦ | ੧੨੭੪੭੨੯.੦੦ |
| ੧੧੯ ਕਿਰਾ:ਦੁਕਾਨਾਂ ਤੇ ਫਲੈਟਸ ਸਿੱਖ ਮਿਸ਼ਨ ਹਰਿਆਣਾ | ੧੭੮੯ | ੦.੦੦ | ੩੭੧੪੩੯.੦੦ |
| ੧੨੦ ਜਾਇਦਾਦ ਕਿਰਾਇਆ ਸਿੱਖ ਮਿਸ਼ਨ ਹਰਿਆਣਾ | ੧੭੯੧ | ੨੫੨੩੦.੦੦ | ੦.੦੦ |
| ੧੨੧ ਠੇਕਾ ਜਮੀਨ ਸਿੱਖ ਮਿਸ਼ਨ ਹਰਿਆਣਾ | ੧੭੯੩ | ੦.੦੦ | ੨੪੫੪੫੦.੦੦ |
| ੧੨੨ ਕਿਰਾ: ਦੁਕਾਨਾ ਤੇ ਫਲੈਟਸ, ਯੂ.ਪੀ. ਸਿੱਖ ਮਿਸ਼ਨ | ੧੮੦੧ | ੦.੦੦ | ੮੫੨੪੮.੦੦ |

| | | | |
|---|---|---|---|
| ੧੨੩ ਅਮਾਨਤ ਕਿਰਾਇਆ ਸ੍ਰੀ ਦੂਖ ਨਿਵਾਰਨ ਸਾਹਿਬ | | | |
| ( ਗੁ:ਸ੍ਰੀ ਮੋਤੀ ਬਾਗ) ਪਟਿਆਲਾ | ੧੮੨੨ | ੫੨੦੦.੦੦ | ੦.੦੦ |
| ੧੨੪ ਅਮਾਨਤ ਕਿਰਾਇਆ | | | |
| ਤਖਤ ਸ੍ਰੀ ਕੇਸਗੜ ਸਾਹਿਬ ਸ੍ਰੀ ਅਨੰਦਪੁਰ | ੧੮੨੪ | ੮੩੩੦.੦੦ | ੧੧੯੦.੦੦ |
| ੧੨੫ ਅਮਾਨਤ ਕਿਰਾਇਆ ਗੁ:ਸ੍ਰੀ ਲੱਧੇਵਾਲ ਸਾਹਿਬ | ੧੮੨੭ | ੪੬੨੦.੦੦ | ੪੨੦.੦੦ |
| ੧੨੬ ਅਮਾਨਤ ਮੁਲਾਜਮਾਂ ਭਲਾਈ ਪ੍ਰਚਾਰਕ ਸਾਹਿਬਾਨ | ੧੮੩੦ | ੦.੦੦ | ੪੧੩੮੩.੦੦ |
| ੧੨੭ ਪ੍ਰੋ: ਫੰਡ ਸਟਾਫ਼ | ੨੦੨੫ | ੧੮੧੩੭੧੨.੦੦ | ੧੮੧੩੭੧੨.੦੦ |
| ੧੨੮ ਕਰਜਾ ਪ੍ਰੋ: ਫੰਡ | ੨੦੨੯ | ੧੩੩੩੭੦.੦੦ | ੧੩੩੩੭੦.੦੦ |
| ੧੨੯ ਸੇਫ਼ ਖਾਤਾ | ੨੦੪੨ | ੩੪੩੫੩੮੫.੦੦ | ੦.੦੦ |
| ੧੩੦ S.B a/c no.੬੫੦੩੮੬੦੦੪੯੦ SBP, | | | |
| ਬਾਗ ਜਲਿਆਂਵਾਲਾ,ਅੰਮ੍ਰਿਤਸਰ | ੨੦੮੮ | ੪੪੬੦੦੪੪੦.੦੦ | ੩੫੮੫੨੧੮੨.੦੦ |
| ੧੩੧ S.B a/c no.੦੦੯੭੬੦੦੦/੦੦੦੭੦੧੨੭ PNB, | | | |
| ਬਾਗ ਜਲਿਆਂਵਾਲਾ, ਅੰਮ੍ਰਿਤਸਰ | ੨੧੦੭ | ੭੫੧੪੯.੦੦ | ੧੧੬੭੭੩੮.੦੦ |
| ੧੩੨ S.B a/c no.੭੪੭੯੦੦੦/੦੦੦੦੮੭੩੨ PNB, | | | |
| ਸਰਾਂਏ, ਅੰਮ੍ਰਿਤਸਰ | ੨੧੨੯ | ੧੦੫੫੧੫੫੮.੦੦ | ੨੧੧੭੫੭੮੫.੦੦ |
| ੧੩੩ S.B a/c no.੧੩੧੩੧੦੦੦੦੧੭੯੬੬ HDFC, | | | |
| ਗੋਲਡਨ ਟੈਂਪਲ,ਅੰਮ੍ਰਿ: | ੨੧੫੨ | ੧੮੪੨੨੭੪੮.੦੦ | ੩੯੭੪੬੪੨੮.੧੮ |
| ੧੩੪ S.B a/c no.੨੪੮੦ PSB, ਸਰਾਂਏ ਅੰਮ੍ਰਿਤਸਰ | ੨੧੯੧੧੦੦੬੯੯੭੦੧.੦੦ | | ੮੭੭੮੬੦੨੫.੦੦ |
| ੧੩੫ S.B a/c no.੭੨੬੪ PSB, ਚੌਂਕ ਪ੍ਰਾਗਦਾਸ | | | |
| ਅੰਮ੍ਰਿਤਸਰ | ੨੧੯੮ | ੧੦੦੨੧੪੭.੦੦ | ੮੧੨.੭੫ |
| ੧੩੬ S.B a/c no.੧੪੦੮੯ PSB, ਚੌਂਕ ਘੰਟਾ-ਘਰ, | | | |
| ਅੰਮ੍ਰਿਤਸਰ | ੨੨੦੫ | ੭੪੪.੦੦ | ੦.੦੦ |
| ੧੩੭ S.B a/c no.੫੬੧੯ PSB, ਹਾਲ ਬਜਾਰ, | | | |
| ਅੰਮ੍ਰਿਤਸਰ | ੨੨੧੫ | ੬੦੭.੦੦ | ੦.੦੦ |
| ੧੩੮ S.B a/c no.੨੩੩ PSB, ਗੜ੍ਹ ਰੋਡ, | | | |
| ਹਾਪੁੜ (ਯੂ.ਪੀ) | ੨੨੨੮ | ੩੮੩੦੮੮.੦੦ | ੭੦੦੩੪੭.੦੦ |
| ੧੩੯ S.B a/c no.੪੭੩੯ Corporation Bank, | | | |

| | | | |
|---|---|---|---|
| ਲਾਰੈਂਸ ਰੋਡ, ਅੰਮ੍ਰਿਤਸਰ | ੨੨੨੯ | ੨੦੫.੦੦ | ੦.੦੦ |
| ੧੪੦ S.Ba/c No ੦੩੪੭੪ ਕਾਰਪੋਰੇਸ਼ਨ ਬੈਂਕ | | | |
| ਸਿਟੀ ਸੈਂਟਰ ਅੰਮ੍ਰਿਤਸਰ | ੨੨੩੫ | ੫੫੧.੦੦ | ੦.੦੦ |
| ੧੪੧ S.B a/c no. ੪੯੩੫੫੪੨੭੪ Indian Bank, | | | |
| ਚੌਂਕ ਫਰੀਦ, ਅੰਮ੍ਰਿਤਸਰ | ੨੨੩੭ | ੬੧੬.੦੦ | ੦.੦੦ |
| ੧੪੨ S.B a/c no.੨੦੧੬੫੭੧੭੯੮੫ Allahabad Bank, | | | |
| ਕਟੜਾ ਆਹਲੂਵਾਲੀਆ, ਅੰਮ੍ਰਿਤਸਰ | ੨੨੪੦ | ੫੫੧੮੦੭੩੧.੦੦ | ੫੩੧੮੮੦੦੦.੦੦ |
| ੧੪੩ S.B a/c no.੦੧੯੬੨੦੧੦੦੧੮੨੧੦ OBC, | | | |
| ਰੇਲਵੇ ਰੋਡ, ਕੁਰੁਕਸ਼ੇਤਰ। | ੨੨੪੫ | ੭੭੦੫੭੫.੯੭ | ੫੦੦੦੦੦.੦੦ |
| ੧੪੪ S.B a/c no. ੧੦੯੧੧੦੧੦੦੦੦੫੫੨੫ Andhra Bank, | | | |
| ਹਾਲ ਬਜਾਰ ਅੰਮ੍ਰਿਤਸਰ | ੨੨੪੯ | ੧੪੮੬.੦੦ | ੦.੦੦ |
| ੧੪੫ S.B a/c no. ੨੪੦੦੦ Indian Overseas Bank, | | | |
| ਹਾਲ ਬਜਾਰ, ਅੰਮ੍ਰਿਤਸਰ | ੨੨੫੩ | ੨੧੫੦੦੬.੦੦ | ੦.੦੦ |
| ੧੪੬ S.B a/c no. ੨੯੪੯੫ Canara Bank, | | | |
| ਧਰਮ ਸਿੰਘ ਮਾਰਕੀਟ, ਅੰਮ੍ਰਿਤਸਰ | ੨੨੫੫ | ੧੪੪੦੧੩੩੭੮.੦੦ | ੧੪੪੦੦੦੦੦੦.੦੦ |
| ੧੪੭ S.B a/c no. ੨੧੧੫੧੦੧੦੧੩੦੯੪ Canara Bank, | | | |
| ਮੀਰਾ ਕੋਟ ਕਲਾਂ, ਅੰਮ੍ਰਿਤਸਰ | ੨੨੫੯ | ੧੧੪੧.੦੦ | ੦.੦੦ |
| ੧੪੮ S.B a/c no.੨੧੯੨੧ Induslnd Bank, | | | |
| ਮਾਲ ਰੋਡ,ਅੰਮ੍ਰਿਤਸਰ | ੨੨੬੫ | ੬੭੫੧੯.੦੦ | ੦.੦੦ |
| ੧੪੯ S.B a/c no.੦੦੬੬੦੧੦੦੩੨੩੩ ICICI Bank , | | | |
| ਮਾਲ ਰੋਡ,ਅੰਮ੍ਰਿ: | ੨੨੭੭ | ੯੦੯੪੪੦੧.੦੦ | ੬੦੦੦੦੦੦.੦੦ |
| ੧੫੦ S.B a/c no.੯੧੧੦੧੦੦੩੦੩੭੪੬੭੨ | | | |
| Axis Bank , ਕੋਰਟ ਰੋਡ, ਅੰਮ੍ਰਿ: | ੨੨੮੫ | ੩੯੯੨੩੮੧.੦੦ | ੭੫੦੦੦੧੭.੨੫ |
| ੧੫੧ S.Ba/c No ੭੫੦੧੦੧੦੧੧੦੦੧੭੨੪ | | | |
| ਵਿਜੈ ਬੈਂਕ ਮਾਲਵੀਆ ਰੋਡ | ੨੨੯੧ | ੫੪੧੪੯੧੬੬.੦੦ | ੫੦੦੦੦੦੦੦.੦੦ |
| ੧੫੨ S.Ba/c No ੦੮੧੧੬੫੫੬੪੨ | | | |
| ਕੋਟਿਕ ਮਹਿੰਦਰਾ ਬੈਂਕ ਮਾਲ ਰੋਡ | ੨੩੦੯ | ੬੨੫੫੩੦੮.੦੦ | ੬੦੦੧੨੨੨.੦੦ |

| | | | |
|---|---|---|---|
| ੧੫੩ F,d a/c ਸਰਾਂਏ ਅੰਮ੍ਰਿਤਸਰ | ੨੩੨੫ | ੭੦੦੦੦੦੦੦.੦੦ | ੦.੦੦ |
| ੧੫੪ F.D a/c Allahabad Bank, | | | |
| ਕਟੜਾ ਆਹਲੂਵਾਲੀਆ, ਅੰਮ੍ਰਿਤਸਰ | ੨੩੩੩ | ੦.੦੦ | ੩੮੩੭੦੪੮੧.੦੦ |
| ੧੫੫ F/D a/c ਵਿਜੈ ਬੈਂਕ ਮਾਲਵੀਆ ਰੋਡ | ੨੩੪੩ | ੦.੦੦ | ੫੦੦੦੦੦੦੦.੦੦ |
| ੧੫੬ F.D a/c ਪੰਜਾਬੀ ਯੂਨੀਵਰਸਿਟੀ ਪਟਿਆਲਾ | ੨੩੪੬ | ੧੦੦੦੦੦੦.੦੦ | ੧੦੦੦੦੦੦.੦੦ |
| ੧੫੭ F.D a/c ਜਮਾਨਤਾ ਮੁਲਾਜਮਾਂ | ੨੩੫੭ | ੧੨੨੫੭੪੬੪.੦੦ | ੧੧੭੧੯੫੧੯.੦੦ |
| ੧੫੮ ਸੂਦ ਬੈਂਕਾਂ | ੨੩੭੯ | ੦.੦੦ | ੮੫੨੦੭੦੯.੦੦ |
| ੧੫੯ ਕਮਿਸ਼ਨ ਬੈਂਕਾਂ | ੨੩੮੫ | ੨੪੫੦.੧੮ | ੦.੦੦ |
| ੧੬੦ ਜਮਾਨਤਾਂ ਜਨਰਲ ਤੇ ਠੇਕੇਦਾਰਾਂ | ੨੩੯੩ | ੩੨੯੪੫.੦੦ | ੦.੦੦ |
| ੧੬੧ ਜਮਾਨਤ ਵਿਦਿਆਰਥੀਆਂ | ੨੪੧੪ | ੧੬੬੦੦.੦੦ | ੨੨੦੦.੦੦ |
| ੧੬੨ ਜਮਾਨਤਾਂ ਮੁਲਾਜਮਾਂ | ੨੪੩੨ | ੮੬੬੬੬.੦੦ | ੯੫੬੪੫੦.੦੦ |
| ੧੬੩ ਕੈਸ਼ ਹੋਣ ਯੋਗ ਚੈਕਸ (ਅਦਾਇਗੀ ਯੋਗ) | ੨੪੪੨ | ੦.੦੦ | ੩੦੭੫੦੦.੦੦ |
| ੧੬੪ ਸਿੱਕਾ ਸੋਨਾ | ੨੪੪੯ | ੦.੦੦ | ੬੦੪੦੦.੦੦ |
| ੧੬੫ ਸਿੱਕੇ ਚਾਂਦੀ | ੨੪੫੨ | ੦.੦੦ | ੯੦੦੦.੦੦ |
| ੧੬੬ FD a/c Canara Bank, | | | |
| ਧਰਮ ਸਿੰਘ ਮਾਰਕੀਟ, ਅੰਮ੍ਰਿਤਸਰ | ੨੪੬੮ | ੧੩੧੭੪੨੫੩੬.੦੦ | ੦.੦੦ |
| | ਜੋੜ: | ੭੨੫੯੨੦੮੦੯.੪੦ | ੭੨੪੭੨੦੦੭੦.੪੦ |
| | ਹੱਥ ਦੀ ਬਾਕੀ: | | ੧੨੦੦੭੩੯.੦੦ |
| | ਕੁਲ ਜੋੜ: | ੭੨੫੯੨੦੮੦੯.੪੦ | ੭੨੫੯੨੦੮੦੯.੪੦ |

ਸਹੀ/- ਸਹੀ/-

ਚੀਫ਼ ਅਕਾਊਂਟੈਂਟ, ਐਡੀ. ਸਕੱਤਰ,

ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ॥

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।
## ਚਿੱਠਾ ਆਮਦਨ/ਖਰਚ ਜਨਰਲ ਬੋਰਡ ਫੰਡ ਮਹੀਨਾ ਅਪ੍ਰੈਲ ੨੦੧੭

| ਸੀ: ਨੰ: | ਨਾਮ ਖਾਤਾ | ਪੰਨਾ | ਨਾਮ | ਜਮ੍ਹਾਂ |
|---|---|---|---|---|
| **ਜਨਰਲ ਲੈਜਰ ਨੰ:੧** | | | | |
| ੧ | ਸਸਪੈਂਸ ਦਸਵੰਧ | ੧ | | ੫੨੩੬੯੨੮੨੦.00 |
| ੨ | ਦਸਵੰਧ ਸੈਕਸ਼ਨ-੮੫ | ੩ | ੪੬੯੭੬੧੩੩੩.00 | ੧੭੫0000.00 |
| ੩ | ਦਸਵੰਧ ਸੈਕਸ਼ਨ-੮੭ | ੩੨ | ੫੩੯੩੧੪੮੭.00 | ੧੧੯੨੮੬੮.00 |
| ੪ | ਵਿਕਰੀ ਸਟੇਸ਼ਨਰੀ ਸਟਾਕ | ੧੨੨ | 0.00 | ੨੨੬0੫.00 |
| ੫ | ਆਮਦਨ ਗੁਰਦੁਆਰਾ ਗਜ਼ਟ | ੧੩੫ | 0.00 | ੨੪0.00 |
| ੬ | ਖਰਚ ਗੁਰਦੁਆਰਾ ਗਜ਼ਟ | ੧੪੧ | ੭੫੩0੪.00 | 0.00 |
| ੭ | ਕਿਰਾਇਆ ਕੁਆਰਟਰ (ਮੁਲਾਜਮਾਂ) | ੧੪੭ | 0.00 | ੨੨੧੬੯.00 |
| ੮ | ਬੀਮਾ ਸਾਬਕਾ ਮੁਲਾਜਮਾ | ੧੮੩ | ੫੮੯੬0.00 | 0.00 |
| ੯ | ਖਰਚ ਸਬ-ਆਫਿਸ, ਚੰਡੀਗੜ੍ਹ | ੧੮੬ | ੮0੮੩੧੪.00 | 0.00 |
| ੧0 | ਖਰਚ ਸ੍ਰੀ ਕਲਗੀਧਰ ਨਿਵਾਸ,ਚੰਡੀਗੜ੍ਹ | ੧੯੫ | ੪੪੩੫੨੮.00 | 0.00 |
| ੧੧ | ਸਟੇਸ਼ਨਰੀ ਦਫਤਰ | ੨0੨ | ੨੭੧੨੧.00 | 0.00 |
| ੧੨ | ਸਮਾਨ ਤੇ ਫਰਨੀਚਰ ਦਫਤਰ | ੨੧੪ | ੬੭੬00.00 | 0.00 |
| ੧੩ | ਮੁਰੰਮਤ ਸਮਾਨ | ੨੨੭ | ੧੭0੬੧.00 | 0.00 |
| ੧੪ | ਮੁਕਦੱਮੇ ਸਮੇਤ ਖਰਚ ਸਿੱਖ ਜੁਡੀਸ਼ਲ ਕਮਿਸ਼ਨ | ੨੩੮ | ੯੩0੬੭੧.00 | 0.00 |
| ੧੫ | ਸਫਰ ਖਰਚ ਮੁਲਾਜਮਾਂ | ੨੬੭ | ੧੭੨੧0੭.00 | 0.00 |
| ੧੬ | ਖਰਚ ਗੱਡੀਆਂ | ੩੮੧ | ੩੩੭੫੨੨.00 | 0.00 |
| ੧੭ | ਅਮਾਨਤ ਬੀਮਾ ਸਾਬਕਾ ਮੁਲਾਜ਼ਮਾਂ | ੪੪੧ | ੧੨੪੪੮੪.00 | ੧੨੪੪੮੪.00੧ |
| ੧੮ | ਫੁਟਕੱਲ | ੪੪੬ | ੯0੬੩.00 | ੩0੫੪.00 |
| ੧੯ | ਡਾਕ ਤੇ ਤਾਰ ਖਰਚ | ੪੭੨ | ੧੮0੬੫.00 | 0.00 |
| **ਜਨਰਲ ਲੈਜਰ ਨੰ:੨** | | | | |
| ੨0 | ਟੈਲੀਫੋਨ ਦਫਤਰ | ੫0੧ | ੨੮੨੨੩.00 | 0.00 |
| ੨੧ | ਤਨਖਾਹ ਜਨਰਲ ਵਿਭਾਗ ਕਲਰਕਾਂ ਤੇ ਸੇਵਾਦਾਰਾਂ | ੫੧੫ | ੧੨੧੫੬੨੫੬.00 | 0.00 |
| ੨੨ | ਤਨਖਾਹ ਇੰਸਪੈਕਸ਼ਨ ਵਿਭਾਗ | ੫੨੫ | ੪੧੨੬੧੬੫.00 | 0.00 |

| | | | |
|---|---|---|---|
| ੨੩ ਇੰਟਰਨਲ ਆਡਿਟ ਫੀਸ | ੫੩੨ | ੪੮੮੭੫੦.੦੦ | ੦.੦੦ |
| ੨੪ ਤਨਖਾਹ ਸਟਾਫ ਆਨ ਡੈਪੂਟੇਸ਼ਨ | | | |
| (ਵਸੂਲਣ ਯੋਗ ਤਨਖਾਹ) | ੫੩੯ | ੪੫੬੨੫.੦੦ | ੦.੦੦ |
| ੨੫ ਪੇਸ਼ਗੀ ਜਨਰਲ | ੫੪੩ | ੭੩੧੩੦੦੦.੦੦ | ੬੨੯੬੯੮.੦੦ |
| ੨੬ ਟੈਲੀਫੋਨ ਇੰਟਰਨਲ | ੫੮੮ | ੨੬੪੪੬.੦੦ | ੦.੦੦ |
| ੨੭ ਪੇਸ਼ਗੀ ਅਸਲਾ | ੫੯੨ | ੦.੦੦ | ੧੪੦੦.੦੦ |
| ੨੮ ਅਣਦਿੱਤੀ ਤਨਖਾਹ | ੬੦੨ | ੧੧੪੮੭.੦੦ | ੯੪੪੨੯.੦੦ |
| ੨੯ ਸਹਾਇਤਾ ਮੀਰੀ ਪੀਰੀ ਮੈਡੀਕਲ ਕਾਲਜ | | | |
| ਸ਼ਾਹਬਾਦ ਮਾਰਕੰਡਾ ਹਰਿਆਣਾ | ੬੧੬ | ੧੫੦੦੦੦੦੦.੦੦ | ੦.੦੦ |
| ੩੦ ਪੇਸ਼ਗੀ ਤਨਖਾਹ | ੬੩੮ | ੧੪੦੮੫੦੦.੦੦ | ੦.੦੦ |
| ੩੧ ਸਹਾਇਤਾ :- ਸ੍ਰੀ ਗੁਰੂ ਗ੍ਰੰਥ ਸਾਹਿਬ ਚੋਥੀ ਸਤਾਬਦੀ | | | |
| ਮੈਮੋਰੀਅਲ ਟੱਰਸਟ(ਸ੍ਰੀ ਗੁਰੂ ਗ੍ਰੰਥ ਸਾਹਿਬ ਯੂਨੀਵਰਸਿਟੀ) | | | |
| ਫਤਹਿਗੜ੍ਹ ਸਾਹਿਬ | ੭੬੫ | ੧੭੦੦੦੦੦੦.੦੦ | ੦.੦੦ |
| ੩੨ ਤਨਖਾਹ ਅਤੇ ਬਿੱਲ ਸਬ-ਆਫਿਸ | | | |
| ਕੁਰੂਕਸ਼ੇਤਰ (ਹਰਿਆਣਾ) | ੭੭੬ | ੨੮੧੧੭੧.੦੦ | ੦.੦੦ |
| ੩੩ ਰੋਸ਼ਨੀ ਦਫਤਰ | ੭੮੬ | ੯੭੦੦.੦੦ | ੦.੦੦ |
| ੩੪ ਕਿਰਾਇਆ ਮੁਲਾਜਮਾਂ ਸ. ਹਰਚਰਨ ਸਿੰਘ ਜੀ | | | |
| ਮੁੱਖ ਸਕੱਤਰ | ੮੦੫ | ੪੫੦੦੦.੦੦ | ੦.੦੦ |
| ੩੫ ਸਹਾਇਤਾ ਗਰੀਬ ਬੱਚਿਆਂ ਦੀ ਪੜ੍ਹਾਈ | ੮੦੯ | ੧੯੦੦੦.੦੦ | ੦.੦੦ |
| ੩੬ ਜਮਾਨਤ ਸਰੀਆ | ੮੨੯ | ੦.੦੦ | ੧੨੯੦.੦੦ |
| ੩੭ ਮੁਰੰਮਤ ਇਮਾਰਤ ਗੁ: ਜੁਡੀਸ਼ਲ ਕਮਿਸ਼ਨ | | | |
| ਅੰਮ੍ਰਿਤਸਰ | ੮੩੩ | ੨੧੮੦੭੦.੦੦ | ੨੧੮੫.੦੦ |
| ੩੮ ਇਮਾਰਤ ਬਾਬਾ ਜੀਵਨ ਸਿੰਘ ਖਾਲਸਾ ਕਾਲਜ | | | |
| ਗੁਰੂਸਰ ਸਤਲਾਣੀ ਸਾਹਿਬ | ੯੩੫ | ੭੯੮੦੮੯.੦੦ | ੦.੦੦ |
| ੩੯ ਸੀਮੈਂਟ ਸਰੀਆ ਬਾਬਾ ਜੀਵਨ ਸਿੰਘ ਖਾਲਸਾ ਕਾਲਜ | | | |
| ਗੁਰੂਸਰ ਸਤਲਾਣੀ ਸਾਹਿਬ | ੯੩੯ | ੦.੦੦ | ੯੦੦੬੮.੦੦ |

**ਜਨਰਲ ਲੈਜਰ ਨੰ:੩**

| | | | |
|---|---|---|---|
| ੪੦ ਬੱਚਤ ਹਿਸਾਬ ਨੰ: ੨੦੧੬੫੭੧੭੯੩੦ | | | |
| ਇਲਾਹਾਬਾਦ ਬੈਂਕ, ਕਟੜਾ ਆਹਲੂਵਾਲੀਆ | ੧੦੦੧ | ੦.੦੦ | ੪੨੪੭੩੬.੦੦ |

| | | | |
|---|---|---|---|
| ੪੧ ਬੱਚਤ ਹਿਸਾਬ ਨੰ:੨੧੨੩ | | | |
| ਪੰਜਾਬ ਐਂਡ ਸਿੰਧ ਬੈਂਕ ਨਿਵਾਸ ਅੰਮ੍ਰਿਤਸਰ | ੧੦੦੯ | ੩੪੩੦੯੧੫.੦੦ | ੨੫੫੬੭੦੫੭.੦੦ |
| ੪੨ ਬੱਚਤ ਹਿਸਾਬ ਨੰ: ੯੪੭੪੯ | | | |
| ਐਚ.ਡੀ.ਐਫ.ਸੀ. ਬੈਂਕ, ਘੰਟਾ ਘਰ, ਅੰਮ੍ਰਿਤਸਰ | ੧੦੮੦ | ੧੦੩੫੦੫੩.੦੦ | ੨੨੪੮੦੭੪੦.੦੦ |
| ੪੩ ਬੱਚਤ ਹਿਸਾਬ ਨੰਬਰ ੫੭੪੪ | | | |
| ਪੰਜਾਬ ਨੈਸ਼ਨਲ ਬੈਂਕ ਗੋਲਡਨ ਟੈਂਪਲ ਕੰਪਲੈਕਸ | ੧੧੦੬ | ੦.੦੦ | ੬੪੯੭੭੪੫.੦੦ |
| ੪੪ ਬੱਚਤ ਹਿਸਾਬ ਨੰ: ੬੫੦੨੨੧੬੭੦੭੫ | | | |
| ਸਟੇਟ ਬੈਂਕ ਆਫ ਇੰਡੀਆ (ਪਟਿਆਲਾ) | ੧੧੩੦ | ੫੫੦੦੦੦੦.੦੦ | ੧੦੭੨੧੭੧੪.੦੦ |
| ੪੫ ਜਮਾਨਤ ਠੇਕੇਦਾਰਾਂ | ੧੨੩੨ | ੦.੦੦ | ੫੦੮੦੭.੦੦ |
| ੪੬ ਸੂਦ ਬੈਂਕਾਂ ਤੋਂ (ਜਰਨਲ) | ੧੨੪੨ | ੦.੦੦ | ੪੪੪੮੮.੦੦ |
| ੪੭ ਅਮਾਨਤ ਮੁਲਾਜਮਾ | ੧੨੫੨ | ੪੯੫੯੬੮.੦੦ | ੬੮੦੯੨੦.੦੦ |
| ੪੮ ਮਿਆਦੀ ਹਿਸਾਬ ਜਨਰਲ | | | |
| ਪੰਜਾਬ ਐਂਡ ਸਿੰਧ ਬੈਂਕ ਗੋਲਡਨ ਟੈਂਪਲ | ੧੨੬੪ | ੦.੦੦ | ੧੨੧੪੮੦.੦੦ |
| ੪੯ ਸਸਪੈਂਸ | ੧੨੫੭ | ੮੧੦੦੦.੦੦ | ੦.੦੦ |
| ੫੦ ਸੇਲ ਟੈਕਸ ਫਰਮਾਂ | ੧੨੬੦ | ੦.੦੦ | ੫੫੪੯੦.੦੦ |
| ੫੧ ਇੰਨਕਮ ਟੈਕਸ (ਫਰਮਾਂ) | ੧੨੭੦ | ੦.੦੦ | ੧੩੩੯੩੦.੦੦ |
| ੫੨ ਇੰਨਕਮ ਟੈਕਸ (ਮੁਲਾਜ਼ਮਾਂ) | ੧੩੯੩ | ੦.੦੦ | ੨੪੬੭੪੪੦.੦੦ |
| ੫੩ ਅਮਾਨਤ ਇੰਨਕਮ ਟੈਕਸ ਮੁਲਾਜ਼ਮਾਂ | ੧੪੯੬ | ੩੪੧੮੦੦.੦੦ | ੦.੦੦ |
| | ਜੋੜ | ੫੯੬੬੪੨੮੩੮.੦੦ | ੫੯੬੮੭੩੮੪੭.੦੦ |
| | ਹੱਥ ਦੀ ਬਾਕੀ | | ੨੩੧੦੦੯.੦੦ |
| | ਕੁਲ ਜੋੜ | ੫੯੬੮੭੩੮੪੭.੦੦ | ੫੯੬੮੭੩੮੪੭.੦੦ |

ਸਹੀ/- ਸਹੀ/-

ਚੀਫ਼ ਅਕਾਊਂਟੈਂਟ, ਸਕੱਤਰ,

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।